ਜ਼ਫ਼ਰਨਾਮੇ ਦੀ ਜੂਹ 'ਚੋਂ

# ਕਿਸਾਨ ਕੂਚ

ਸੁਰਜੀਤ ਜੱਜ



ਜ਼ਫ਼ਰਨਾਮੇ ਦੀ ਜੂਹ ’ਚੋਂ

# ਕਿਸਾਨ ਕੂਚ

## ਇਸੇ ਕਲਮ ਤੋਂ :

- ਪਰਿੰਦੇ ਫੇਰ ਪਰਤਣਗੇ (ਗ਼ਜ਼ਲ-ਸੰਗ੍ਰਹਿ) 1990, 2016
- ਘਰੀਂ ਮੁੜਦੀਆਂ ਪੈੜਾਂ (ਗੀਤ-ਕਾਵਿ ਸੰਗ੍ਰਹਿ) 1991, 2016
- ਆਉਂਦੇ ਦਿਨੀਂ (ਗ਼ਜ਼ਲ-ਸੰਗ੍ਰਹਿ) 1993, 2016
- ਵਕਤ ਉਡੀਕੇ ਵਾਰਸਾਂ (ਗੀਤ-ਸੰਗ੍ਰਹਿ) 1996, 2016
- ਦਰਦ ਕਹੇ ਦਹਿਲੀਜ਼ (ਗ਼ਜ਼ਲ-ਸੰਗ੍ਰਹਿ) 2000
- ਪਰ-ਮੁਕਤ ਪਰਵਾਜ਼ (ਗ਼ਜ਼ਲ-ਸੰਗ੍ਰਹਿ) 2006
- ਨਾ ਅੰਤ ਨਾ ਆਦਿ (ਮਹਾਂ-ਕਾਵਿਕ ਗ਼ਜ਼ਲ) 2010
- ਮੈਂ ਜੰਗਲ ਨੂੰ ਪੁੱਛ ਲਵਾਂਗਾ (ਗ਼ਜ਼ਲ-ਸੰਗ੍ਰਹਿ) 2014
- ਬਿਨ ਰੁੱਖ ਰਿਜ਼ਕ ਨਾ ਰਾਸ (ਬਿਰਖ-ਕਾਵਿ) 2020
- ਪੰਜਾਬੀ ਗ਼ਜ਼ਲ : ਸੰਵੇਦਨਾ ਤੇ ਸਰੋਕਾਰ (ਆਲੋਚਨਾ) 2013

ਜ਼ਫ਼ਰਨਾਮੇ ਦੀ ਜੂਹ 'ਚੋਂ

# ਕਿਸਾਨ ਕੂਚ

*(ਕਿਸਾਨੀ ਸੰਘਰਸ਼ ਦਾ ਕਾਵਿ-ਨਾਦ)*

(ਪਹਿਲਾ ਪੜਾਅ)

ਸੁਰਜੀਤ ਜੱਜ

ਆਪਣੀ ਆਵਾਜ਼ ਪਬਲੀਕੇਸ਼ਨਜ਼, ਜਲੰਧਰ

**ZAFARNAME DI JOOH CHON**
# KISAN KOOCH
*(Kisani Sangharsh Da Kav-Nad)*
*[Part-1]*

*By*

**Surjit Judge ©**

G-101, St. No. 4,
Green Park, Palahi Road,
Phagwara
Mobile : 94173-04446
Email : surjitjudge@yahoo.co.in

Edition – 2022

Price - **150/- ₹**

Title – Gurdish Panu

Type Setting – Harish Kumar

***Published by***
**Apnee Awaaz Publications**
Jalandhar
email : apneeawaaz@gmail.com
Website : www.apneeawaaz.com

693-Guru Teg Bhadur Nagar,
Jalandhar-144003.
Phone : 98725-49506

# ਸਮਰਪਣ

ਮੋਹ-ਮੁਹੱਬਤ, ਬਗ਼ਾਵਤ, ਸਿਦਕ, ਸੁਰ, ਸੁਖ਼ਨ,
ਨਮ-ਨਜ਼ਰ, ਨੂਰ, ਨਗ਼ਮਾ, ਨਿਆਂ, ਨਾਬਰੀ
ਦੀ ਨਵੀਂ ਇਬਾਰਤ ਸਿਰਜਣ ਵਾਲ਼ੇ
ਸੰਘਰਸ਼ੀ-ਸਿਦਕਵਾਨਾਂ ਦੀਆਂ
ਪੈੜਾਂ ਸਹੇਜੀ ਬੈਠੇ
ਰੌਸ਼ਨ ਰਾਹਾਂ ਦੇ
ਸਿਰਨਾਵੇਂ ਲਿਖਣ ਵਾਲ਼ੀਆਂ
ਜੁਝਾਰੂ ਕਲਮਾਂ ਨੂੰ
ਸਮਰਪਿਤ ਹੈ :
ਹਾਲ਼ੀਆਂ ਦੀ ਹੱਕੀ ਹੇਕ ਦੀ,
ਸੱਦ ਲਾਉਂਦੀ,
ਸ਼ਾਇਰੀ ਦੀ
ਇਹ ਸਨਦ

ਅਣ-ਹੰਢਾਇਆ ਸ਼ੌਂਕ ਕੋਈ, ਅਣ-ਉਡੀ ਪਰਵਾਜ਼ ਹਾਂ
ਮੈਂ ਹਵਾ ਵਿਚ ਖਿੱਲਰੀ ਹੋਈ ਅਣ-ਸੁਣੀ ਆਵਾਜ਼ ਹਾਂ
ਇਹ ਤੁਹਾਡੇ 'ਤੇ ਮਨੱ੍ਹਸਰ ਸ਼ੋਰ ਜਾਂ ਸਰਗਮ ਬਣੇਂ
ਸੁਰ ਤੁਹਾਡੇ, ਚਾਹ ਤੁਹਾਡੀ, ਮੈਂ ਤਾਂ ਕੇਵਲ ਸਾਜ਼ ਹਾਂ

# ਇਕ ਜਵਾਬ ਦੀ ਜੂਹ ਤਲਾਸ਼ਦਿਆਂ

'ਤੂੰ ਕਿੰਝ ਆਲ੍ਹਣਾ ਸਾਂਭੇਂਗਾ, ਜਦ ਬਿਰਖ ਉਨ੍ਹਾਂ ਕਟਵਾ ਦੇਣਾ' ਦੇ ਜਵਾਬ ਦੀ ਨਿਸ਼ਾਨਦੇਹੀ ਹੁੰਦਿਆਂ ਵੇਖਣ ਲਈ, ਲਗ-ਭਗ ਪੱਚੀ ਸਾਲ, ਸ਼ਾਇਰੀ, ਇਸ ਆਸ 'ਤੇ ਕਿਸੇ ਨਾ ਕਿਸੇ ਰੂਪ ਵਿੱਚ, ਸਿਆੜਾਂ ਰਾਹੀਂ, ਸਿਆੜਾਂ ਲਈ, ਸਿਆੜਾਂ ਨੂੰ ਮੁਖ਼ਾਤਿਬ ਹੁੰਦਿਆਂ, ਸਮੇਂ ਨਾਲ ਸੰਵਾਦ ਸਿਰਜਦੀ ਰਹੀ ਕਿ ਕਦੇ ਨਾ ਕਦੇ ਯਕੀਨਨ, ਉਹ ਘੜੀ ਆਏਗੀ ਜਦੋਂ ਇਸ ਸੁਆਲ ਦੇ ਜਵਾਬ ਦੇ ਨਿਸ਼ਾਨ ਸਾਕਾਰ ਹੋਣਗੇ। ਇੱਕੀਵੀਂ ਸਦੀ ਦੇ ਇੱਕੀਵੇਂ ਸਾਲ ਨੂੰ ਇਤਿਹਾਸ ਨੇ ਆਖ਼ਰ ਇਸ ਘੜੀ ਵਜੋਂ ਚੁਣ ਹੀ ਲਿਆ। 'ਆਲ੍ਹਣਿਆਂ ਵਾਲ਼ਿਆਂ' ਐਲਾਨ ਤੋਂ ਅਮਲ ਤਕ, ਹਰ ਪੜਾਅ 'ਤੇ ਦੱਸ ਦਿੱਤਾ ਕਿ 'ਆਲ੍ਹਣਾ ਕਿੰਝ ਸਾਂਭਿਆ' ਜਾਣਾ ਹੈ। ਮੈਂ ਸ਼ਾਇਰੀ ਦੇ ਸੱਚ ਤੇ ਸੁੱਚ ਦੇ ਦਾਅਵੇ ਨਾਲ਼ ਕਹਿ ਸਕਦਾ ਹਾਂ ਕਿ ਆਉਣ ਵਾਲ਼ੀਆਂ ਨਸਲਾਂ ਸਾਡੇ 'ਤੇ, ਸੱਚ-ਮੁੱਚ ਰਸ਼ਕ ਕਰਨਗੀਆਂ, ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਲਾਸਾਨੀ ਸੰਘਰਸ਼ ਦਾ ਇਹ ਸੁਨਹਿਰੀ ਸਾਲ ਸਾਡੀ ਉਮਰ ਦੇ ਵਰ੍ਹਿਆਂ 'ਚੋਂ ਇਕ ਵਰ੍ਹਾ ਸੀ। ਅਸੀਂ ਇਨ੍ਹਾਂ ਕ੍ਰਿਸ਼ਮਈ ਘੜੀਆਂ ਦੇ ਚਸ਼ਮਦੀਦ ਹੀ ਨਹੀਂ, ਅੰਗ ਰਹੇ ਹਾਂ। ਅੰਗ-ਸੰਗ ਹੋਣ ਦੇ ਇਸੇ ਅਹਿਸਾਸ ਨੇ ਸੰਘਰਸ਼ ਨੂੰ ਸ਼ਾਇਰੀ ਤੇ ਸ਼ਾਇਰੀ ਨੂੰ ਸੰਘਰਸ਼ ਦੀਆਂ ਅਜਿਹੀਆਂ ਛੋਹਾਂ ਨਾਲ਼ ਸਹੇਜਿਆ ਕਿ ਆਪਣੀ 'ਕੂੜ ਦੀ ਕੰਧ' 'ਚ ਪਈਆਂ ਤ੍ਰੇੜਾਂ ਗਿਣਦਿਆਂ ਹਾਕਮ ਦੀਆਂ ਅੱਖਾਂ ਵਿੱਚ ਮੋਤੀਆ ਉਤਰ ਆਇਆ। ਇਹ ਦੌਰ, ਨਿਰਸੰਦੇਹ, "ਨਿਕਲੇ ਸਿਰਜਣ ਨਵਾਂ ਪੰਜਾਬ, ਹਲ਼-ਹਥੌੜਾ, ਕਲਮ-ਕਿਤਾਬ" ਦਾ ਦੌਰ ਰਿਹਾ ਹੈ। ਉਹ ਦੌਰ, ਜਿਸ ਨੇ ਆਉਣ ਵਾਲੇ ਹਰ ਦੌਰ ਦੇ ਦੀਦਿਆਂ ਵਿੱਚ ਲੋ ਵਾਂਗ ਜਗਦੇ ਰਹਿਣਾ ਹੈ, ਸੀਨੀਆਂ ਵਿੱਚ ਚਿਣਗ ਬਣ ਮਘਦੇ ਰਹਿਣਾ ਹੈ। ਸ਼ਾਇਰੀ ਨੇ ਇਸ ਸੰਗ ਮਘਣਾ ਵੀ

ਹੈ, ਇਹਨੂੰ ਮਘਾਉਣਾ ਵੀ ਹੈ। ਪਿਛਲਾ ਸਵਾ ਸਾਲ ਇਸ ਨੇ ਇਸੇ ਗਵਾਹੀ ਨੂੰ, ਇਸੇ ਦਾਅਵੇਦਾਰੀ ਨੂੰ ਸਫ਼ਿਆਂ 'ਤੇ ਸਾਕਾਰ ਕਰਦਿਆਂ ਆਪਣੇ ਅਹਿਦ ਨੂੰ ਨਿਰੰਤਰ ਦੁਹਰਾਇਆ ਹੈ, ਪਕਿਆਇਆ ਹੈ, ਨਗ਼ਮਾਇਆ ਹੈ, ਨਜ਼ਮਾਇਆ ਹੈ। ਸ਼ਾਇਰੀ ਨੂੰ ਸ਼ਾਇਰਾਂ ਤੇ ਸ਼ਾਇਰਾਂ ਨੂੰ ਸ਼ਾਇਰੀ ਰਾਹੀਂ ਸੰਘਰਸ਼ੀ ਮੋਰਚਿਆਂ ਦੀਆਂ ਸਫ਼ਾਂ 'ਚ ਖਲੋਤਿਆਂ, ਸਮਿਆਂ ਨੇ ਹਾਜ਼ਰ ਤਸਦੀਕ ਕੀਤਾ ਹੈ।

ਸ਼ਾਇਰੀ ਨੇ, ਇਸ ਦੌਰ ਵਿੱਚ, 'ਪਗੜੀ ਹੀ ਨਹੀਂ' ਸਿਰਾਂ ਨੂੰ ਸੰਭਾਲਣ ਦਾ ਵੱਲ ਵੀ ਸਿੱਖਿਆ ਹੈ ਤੇ ਸਿਰਾਂ 'ਚੋਂ ਸੀਸ ਉਗਾਉਣ ਦੀ ਜੁਗਤ ਵੀ ਪਛਾਣੀ ਹੈ। ਖ਼ੁਦਕੁਸ਼ੀਆਂ ਦੀ ਕੁੰਜ ਨੂੰ ਵਗਾਹ ਮਾਰਦਿਆਂ, ਸ਼ਹਾਦਤੀ-ਸਬਰ ਦੀਆਂ ਸੱਦਾਂ, ਸੰਘਰਸ਼ੀ-ਹੇਕਾਂ ਤੇ ਹੁੰਗਾਰੇ ਬਣ ਕੇ, ਛਿਣਾਂ ਨੂੰ ਸਾਲਾਂ ਤੇ ਸਾਲਾਂ ਨੂੰ ਸਦੀਆਂ ਹਾਣ ਬਣਾਉਂਦੇ ਰਹੇ ਹਨ। ਇਹ ਅਹਿਦ, "ਲਮਹੋਂ ਨੇ ਖ਼ਤਾ ਕੀ ਸਦੀਓਂ ਨੇ ਸਜ਼ਾ ਪਾਈ" ਦੀ ਥਾਂ "ਸਦੀਓਂ ਕੀ ਰੌਸ਼ਨਾਈ, ਲਮਹੋਂ ਮੇਂ ਜਗਮਗਾਈ" ਦਾ ਅਹਿਦ ਹੈ। ਇਹ ਵਕਤ ਉਹ ਵਕਤ ਹੈ, ਜਦ ਲੋਕਾਂ ਨੇ ਮਸ਼ਾਲਾਂ ਬਾਲ਼ੀਆਂ ਹੀ ਨਹੀਂ, ਖ਼ੁਦ ਮਸ਼ਾਲਾਂ ਬਣੇ ਹਨ। ਰਾਹਾਂ 'ਤੇ ਤੁਰੇ ਹੀ ਨਹੀਂ, ਰਾਹਾਂ ਨੂੰ ਤੁਰਨਾ ਸਿਖਾਇਆ ਹੈ। ਰਾਹਾਂ ਨੂੰ ਚਿਰਾਂ ਪਿੱਛੋਂ ਉਨ੍ਹਾਂ ਪੈਰਾਂ ਦੀ ਛੋਹ ਪ੍ਰਾਪਤ ਹੋਈ ਜਿਨ੍ਹਾਂ ਸਦਕਾ ਰਾਹਾਂ ਨੂੰ ਆਪਣੇ ਰਾਹ ਹੋਣ 'ਤੇ ਮਾਣ ਮਹਿਸੂਸ ਹੁੰਦਾ ਹੈ। ਪੰਜਾਬ ਹੀ ਨਹੀਂ, ਦੇਸ਼-ਦੁਨੀਆਂ ਨੇ, ਸੱਚ-ਮੁੱਚ ਛੇਵਾਂ ਦਰਿਆ ਵਹਿੰਦਾ ਵੇਖਿਆ। ਸੰਘਰਸ਼ੀ-ਲੋਕਾਂ ਦੇ ਜੁਝਾਰੂ ਜਜ਼ਬਿਆਂ ਦਾ ਦਰਿਆ, ਭਰ ਵਹਿੰਦਾ ਦਰਿਆ, ਦਰਿਆ-ਦਿੱਲੀ ਦਾ ਸਮੁੰਦਰੋਂ ਡੂੰਘਾ ਦਿਲ-ਦਰਿਆ।

'ਜ਼ਫ਼ਰਨਾਮੇ' ਤੋਂ ਜੋਤ ਤੇ ਜੁਗਤ ਲੈ, ਬਹੁਤ ਸਾਰੀ ਸ਼ਾਇਰੀ ਨੇ 'ਕਿਸਾਨ ਕੂਚ' ਤੋਂ ਕਿਸਾਨ-ਫ਼ਤਹਿ ਤਕ, ਹਰ ਛਿਣ ਇਸ ਸੰਘਰਸ਼ ਨੂੰ ਹੱਢੀਂ ਹੰਢਾਉਂਦਿਆਂ, ਹਰ ਹੱਕੀ ਹੂਕ ਨੂੰ ਅਕੀਦੇ ਦੀ ਹੇਕ ਵਿਚ ਸਾਕਾਰ ਕੀਤਾ। ਮੈਂ ਖ਼ੁਦ ਜਦੋਂ ਇਸ ਸ਼ਾਇਰੀ ਰਾਹੀਂ, ਖ਼ੁਦ ਨੂੰ ਸੋਧਣ ਤੇ ਸਾਧਣ ਹਿਤ ਪਹਿਲਾ ਕਦਮ ਪੁੱਟਿਆ ਤਾਂ ਮੈਨੂੰ ਭੋਰਾ ਭਰ ਵੀ ਅਹਿਸਾਸ ਨਹੀਂ ਸੀ ਕਿ ਇਹ ਕਦਮ ਏਨੀ ਲੰਮੀ ਪੰਧ-ਮੁਕਾਈ ਤਕ ਫੈਲਦਾ ਜਾਵੇਗਾ। ਕਿਸਾਨ-ਕੂਚ ਤੋਂ ਕਿਸਾਨ-ਮੋਰਚੇ ਤਕ ਦੇ ਸਫ਼ਰ ਵਿਚ, ਇਸ ਇਤਿਹਾਸਕ ਅਮਲ ਦੇ ਸੰਗ-ਸਾਥ ਵਿਚਰਦਿਆਂ "ਇਹ ਹੱਲਾ ਬੋਲ ਕਿਸਾਨ ਦਾ ਹੈ" ਦੇ ਕਾਵਿ-ਬੋਲਾਂ ਦੀ ਸਿਰਜਣਾ

ਤੋਂ ਸ਼ੁਰੂ ਹੋਈ ਇਹ ਸੰਘਰਸ਼ੀ ਗਾਥਾ, ਮੈਥੋਂ ਕਿੰਨੇ ਹੀ ਕਾਵਿ-ਰੂਪਾਂ ਵਿੱਚ, ਕਿਵੇਂ-ਕਿਵੇਂ, ਆਪਣੇ ਸੱਚ ਨੂੰ ਸਮੇਂ ਦੀ ਸਾਣ 'ਤੇ ਲਵਾਉਂਦੀ ਗਈ, ਉਸ ਦਾ ਖ਼ੁਲਾਸਾ ਕਰਨ ਜਾਂ ਤਰਕ ਸਿਰਜਣ ਦੀ ਕੋਈ ਮੌਕੂਲ ਵਜ੍ਹਾ ਮੈਨੂੰ ਨਜ਼ਰ ਨਹੀਂ ਪੈਂਦੀ। ਉਂਞ ਵੀ ਸ਼ਾਇਰੀ ਨਜ਼ਰ ਆਉਣ ਨਾਲੋਂ ਮਹਿਸੂਸ ਹੋਣ ਜਾਂ ਅਹਿਸਾਸ ਕਰਨ-ਕਰਾਉਣ ਦਾ ਆਲਮ ਵਧੇਰੇ ਸਿਰਜਦੀ ਹੈ। "ਤੂੰ ਕਿੰਞ ਆਲ੍ਹਣਾ ਸਾਂਭੇਂਗਾ" ਵਾਲ਼ੇ ਪੜਾਅ ਨੂੰ ਛੱਡ ਕੇ, ਬਾਕੀ ਸਾਰੇ ਦਾ ਸਾਰਾ, ਇਹ ਕਲਾਮ ਕਿਸਾਨ ਸੰਘਰਸ਼ ਦੇ ਦੌਰਾਨ ਰਚਿਆ ਗਿਆ ਹੈ। ਇਸ ਵਿੱਚ ਸੰਘਰਸ ਦੀਆਂ ਸ਼ੁਆਵਾਂ ਹਨ, ਲੰਮੇ ਤੇ ਅਟੁੱਟ ਅਕੀਦਿਆਂ ਦੀਆਂ ਆਸ਼ਾਵਾਂ ਹਨ, ਆਖ਼ਰੀ ਫ਼ਤਹਿ ਤਕ ਜੂਝਣ ਦਾ ਅਹਿਦ ਹੈ, ਪਰ ਜਿੱਤ ਦਾ ਜਸ਼ਨ ਨਹੀਂ ਹੈ ਕਿਉਂਕਿ ਮੇਰਾ ਇਹ ਯਤਨ ਇਤਿਹਾਸਕ ਸੰਘਰਸ਼ ਦੇ ਤਵਾਰੀਖੀ ਅਮਲ ਦਾ ਕਾਵਿਕ ਪਰਤੌਂ ਹੈ ਜਿਸ ਨੇ ਹਰ ਜਿੱਤ-ਹਾਰ ਤੋਂ ਪਾਰ ਜਾਂਦਿਆਂ ਸੰਘਰਸ਼ ਦੀ ਸਦੀਵਤਾ ਨਾਲ਼ ਇਕਸੁਰ ਹੁੰਦੇ ਰਹਿਣਾ ਹੈ। ਇਸੇ ਇਕਸੁਰਤਾ ਵਿੱਚੋਂ ਇਸ ਨੇ, ਸ਼ਾਇਰੀ 'ਚੋਂ ਸੰਘਰਸ਼ ਤੇ ਸੰਘਰਸ਼ 'ਚੋਂ ਸ਼ਾਇਰੀ ਦੇ ਰਿਸ਼ਤੇ ਦੀ ਸਦੀਵਤਾ ਨੂੰ ਸਾਕਾਰਨਾ ਹੈ। ਇਸ ਸ਼ਾਇਰੀ ਦਾ ਸਮੁੱਚਾ ਸਫ਼ਰ ਲਗ-ਭਗ ਦਸ ਪੜਾਵਾਂ ਵਿੱਚ ਪ੍ਰਵਾਹਤ ਹੋਇਆ ਹੈ। ਹਰ ਪੜਾਅ ਦੇ ਲਬੋ-ਲਹਿਜੇ ਤੇ ਨਕਸ਼-ਨੁਹਾਰ ਨੂੰ ਜਿਵੇਂ ਮੈਂ ਅੰਗੀਕਾਰ ਕੀਤਾ, ਜਿਵੇਂ ਮੈਂ ਸਮਝਿਆ, ਉਸ ਦਾ ਸੰਕੇਤਮਈ ਜ਼ਿਕਰ ਹਰ ਪੜਾਅ ਦੀ ਸ਼ੁਰੂਆਤ 'ਚ ਤਸਦੀਕ ਹੋਇਆ ਹੈ। ਇਹ ਤਸਦੀਕੀ-ਅਮਲ ਮੇਰਾ ਹੈ। ਮੇਰੀ ਸਮਝ ਦੀ ਸਿੱਪੀ ਦੇ ਸੀਮਿਤ ਆਕਾਰ ਵਿੱਚ, ਇਸ ਨੇ ਵਜੂਦ ਗ੍ਰਹਿਣ ਕੀਤਾ ਹੈ। ਸਿਆਣੇ, ਸੁਹਿਰਦ ਤੇ ਸੰਘਰਸ਼ਾਂ ਦੇ ਰੂਹ-ਸਨਾਸ਼ ਲੋਕ, ਇਸ ਅਮਲ ਨੂੰ ਕਾਂਟੇ ਹੇਠ ਵੀ ਲਿਆ ਸਕਦੇ ਹਨ, ਬਦਲਾ ਵੀ ਸਕਦੇ ਹਨ, ਪਕਿਆ ਵੀ ਸਕਦੇ ਹਨ, ਗਹਿਰਾ ਵੀ ਸਕਦੇ ਹਨ, ਸਚਿਆ ਵੀ ਸਕਦੇ ਹਨ, ਝੁਠਲਾ ਵੀ ਸਕਦੇ ਹਨ, ਸੰਕੁਚਿਤ ਵੀ ਕਰ ਸਕਦੇ ਹਨ, ਵਿਸਥਾਰ ਵੀ ਸਕਦੇ ਹਨ, ਮੇਰੇ ਕਿਆਸ ਕੀਤੇ ਪਾਸਾਰ ਤੋਂ ਅਗਾਂਹ ਪਸਾਰ ਵੀ ਸਕਦੇ ਹਨ।

ਸਾਰਾ ਮਹਾਂ-ਪੰਜਾਬ (ਮੈਂ ਇਸ ਨੂੰ ਪੁਰਾਣਾ ਪੰਜਾਬ ਨਹੀਂ ਕਹਾਂਗਾ) ਮੈਨੂੰ 'ਜ਼ਫ਼ਰਨਾਮੇ' ਦੀ ਜੂਹ ਮਹਿਸੂਸ ਹੁੰਦਾ ਹੈ ਤੇ ਪੂਰਾ ਦੇਸ਼ 'ਜ਼ਫ਼ਰਨਾਮੇ' ਦੀ 'ਜ਼ਫ਼ਰ ਭੂਮੀ'। 'ਜ਼ਫ਼ਰਨਾਮੇ' ਦੀ ਇਸੇ ਜੂਹ 'ਚੋਂ, 'ਜ਼ਫ਼ਰਨਾਮੇ' ਦੀ 'ਜ਼ਫ਼ਰ ਭੂਮੀ' ਨੂੰ ਜਾਗ ਲਾਉਣ

ਲਈ ਹੋਏ ਮਹਾਂ-ਕੂਚ ਨੂੰ ਅਸੀਂ ਅੱਖੀਂ ਵੇਖਿਆ ਹੈ; ਗਾਹੇ-ਬਗਾਹੇ ਇਸ ਦੇ ਅੰਗ ਬਣੇ ਹਾਂ। ਇਸ ਮਹਾਂ-ਕੂਚ ਦੇ ਸੰਗ-ਸਾਥ ਵਿਚਰ ਕੇ ਹੀ ਇਨ੍ਹਾਂ ਬੰਬੀਹਾ-ਬੋਲਾਂ ਨੇ ਉਹ ਬਰਕਤ ਪਾਈ ਹੈ ਜਿਸ ਦੀ ਬਦੌਲਤ ਤੇ ਜਿਸ ਦੇ ਦਮ 'ਤੇ ਮੈਂ ਇਹ ਕਾਵਿ-ਬੋਲ ਲੈ ਕੇ ਤੁਹਾਡੇ ਰੂ-ਬਰੂ ਹਾਂ, ਤੁਹਾਡੇ ਨਾਲ਼ ਹਮ-ਕਲਾਮ ਹਾਂ, ਤੁਹਾਡੇ ਰਾਹੀਂ, ਤੁਹਾਨੂੰ ਮੁਖ਼ਾਤਿਬ ਹਾਂ, ਇਸ ਆਸ ਤੇ ਅਕੀਦੇ ਨਾਲ ਕਿ ਸਾਨੂੰ ਇਹ ਕਹਿਣ ਦੀ ਤੌਫ਼ੀਕ ਸਦਾ ਹਾਸਿਲ ਰਹੇ :

ਜ਼ਫ਼ਰਨਾਮੇ ਦੀ ਜੂਹ 'ਚੋਂ ਉਪਜੀ, ਰੌਸ਼ਨ ਹਰ ਇਕ ਰੀਤ ਕਰਾਂਗੇ
ਸਭ ਹਾਰਾਂ ਦਰ ਹਾਰਾਂ ਵਿੱਚੋਂ, 'ਨਿਸ਼ਚੈ' ਕਰਕੇ 'ਜੀਤ' ਕਰਾਂਗੇ
ਹਲ਼-ਹਥੌੜੇ, ਕਲਮ-ਕਿਤਾਬੋਂ ਅਤੇ ਰਬਾਬ ਦੀ ਰੂਹ 'ਚੋਂ ਝਰਦੇ
ਚਾਨਣ ਦੇ ਸੰਗ ਚਾਨਣ ਹੋ ਕੇ, 'ਗ਼ਦਰ-ਗੂੰਜਾਂ' ਸੁਰਜੀਤ ਕਰਾਂਗੇ।

**-ਸੁਰਜੀਤ ਜੱਜ**

# ਕਿੱਥੋਂ, ਕਿਹੜੀ, ਫੁੱਟਦੀ ਸ਼ੁਆ


- ਤੂੰ ਕਿੰਝ ਆਲ੍ਹਣਾ ਸਾਂਭੇਂਗਾ (ਕਿਸਾਨ ਕੂਚ ਤੋਂ ਪੂਰਵਲੇ ਬੋਲ) 12–32
- ਯੁੱਧ ਕਿਲ੍ਹੇ ਤੇ ਖੇਤ ਦਾ ਏ (ਸੰਘਰਸ਼ੀ ਛਿਣਾਂ ਦੀ ਸ਼ਾਇਰੀ) 34–53
- ਲੇਰ ਬਣੀਂ ਲਲਕਾਰ (ਨਗਾਰੇ ਦੀ ਚੋਟ ਦੇ ਗੀਤ) 54–64
- ਲੜਦੇ ਲੋਕਾਂ ਦਾ ਐਲਾਨ (ਨਾਅਰਿਓਂ ਝਰਦਾ ਨੂਰ) 66–71
- ਝੰਡੇ ਨਿਕਲੇ ਕੂਚ ਦੀ ਘੜੀ ਆਈ (ਸੰਘਰਸ਼ ਦਾ ਮਹਾਂ–ਬ੍ਰਿਤਾਂਤ) 72–134
- ਜੂਝਦਿਆਂ ਖੇਤਾਂ ਦੀ ਜੂਹ ’ਚੋਂ (ਚੌਮਿਸਰਿਆਂ ਦੇ ਚੱਕ ’ਤੇ) 136–157
- ਖੇਤ ਗਵਾਹੀਆਂ ਦੇਂਦੇ ਨੇ (ਚੇਤਨਾ ਜਗਾਉਣ ਗ਼ਜ਼ਲਾਂ) 158–200
- ਧਰਤੀ ਪਾਸਾ ਪਰਤਦੀ ਹੈ (ਨਜ਼ਮ ਦੀ ਲੋਅ ’ਚ) 202–237
- ਬਾਤਾਂ ਪਾਉਂਦੀ ਲਾਟ (ਕਾਵਿ–ਨਾਟ ਦੇ ਕੁੰਭ ’ਚੋਂ) 238– 251
- ਜਦੋਂ ਤਕ ਰਾਤ ਨਾ ਮੁੱਕੇ (ਅਮੁੱਕ ਸੰਘਰਸ਼ ਦੀ ਰਾਹ ’ਤੇ) 252– 268


••

## ਤੂੰ ਕਿੰਝ ਆਲ੍ਹਣਾ ਸਾਂਭੇਂਗਾ

*(ਕਿਸਾਨ ਕੂਚ ਤੋਂ ਪੂਰਵਲੇ ਬੋਲ)*

ਇਹ ਬੋਲ ਹਨ
ਨਿਸ਼ਾਨਦੇਹੀ :
ਉਨ੍ਹਾਂ ਆਸਾਂ ਦੀ
ਉਮੀਦਾਂ ਦੀ
ਹਸਰਤਾਂ ਦੀ
ਸੱਧਰਾਂ ਦੀ :
ਜੋ ਨਾਬਰੀ ਦੀ
ਨਬਜ਼ ਪਹਿਚਾਣਦੇ
ਤਾਜ ਦੇ ਤੇਜ਼ ਨੂੰ
ਟਿੱਚ ਜਾਣਦੇ
ਹੱਕ-ਸੱਚ ਦਾ
ਮਰਮ ਪਛਾਣਦੇ
ਹਰ ਸੁਖ਼ਨਵਰ ਦੀ
ਹੂਕ ਨੂੰ ਹੇਕ ਬਖ਼ਸ਼ਦੇ
ਲੋਕ-ਲਾਮ ਦਾ
ਹੁੰਗਾਰਾ ਉਡੀਕਦੇ

ਸਾਲੋ-ਸਾਲ ਸੁਲ਼ਗਦੇ ਰਹੇ
ਸ਼ਹਿਰਾਂ ਨੂੰ ਹੰਗਾਲ਼ਦੇ
ਪਿੰਡ ਨੂੰ ਪੜਤਾਲ਼ਦੇ
ਜੂਹਾਂ ਨਿਹਾਰਦੇ
ਵਿਹੜਿਆਂ ਨੂੰ ਵੰਗਾਰਦੇ
ਮੱਥਿਆਂ ਦੀ ਲੋ ਨਮਸਕਾਰਦੇ
ਸੰਘਰਸ਼ੀ ਪੈੜਾਂ ਦੇ
ਪਰਾਂ ਸੰਗ
ਪਰਵਾਜ਼ ਭਰਨ ਦੇ,
ਖ਼ਾਬ ਸਿਰਜਦੇ ਰਹੇ
ਮੋਹ-ਮੁਹੱਬਤ, ਬਗ਼ਾਵਤ,
ਸੁਰ, ਸੁਖ਼ਨ ਦੀ
ਕਿਤਾਬ ਸਿਰਜਦੇ ਰਹੇ
ਜ਼ਫ਼ਰਨਾਮੇ ਦੀ ਜੂਹ 'ਚ
ਸੂਹੇ ਗ਼ੁਲਾਬ ਸਿਰਜਦੇ ਰਹੇ।

# ਤੂੰ ਕਿੰਝ ਆਲ੍ਹਣਾ ਸਾਂਭੇਂਗਾ

ਤੂੰ ਕਿੰਝ ਆਲ੍ਹਣਾ ਸਾਂਭੇਂਗਾ, ਜਦ ਬਿਰਖ ਉਨ੍ਹਾਂ ਕਟਵਾ ਦੇਣਾ
ਤੂੰ ਮਰਦੈਂ ਚੰਦ ਸਿਆੜਾਂ ਲਈ, ਓਨ੍ਹਾਂ ਪੂਰਾ ਦੇਸ਼ ਵਿਕਾ ਦੇਣਾ

ਘਰ-ਘਾਟ, ਖੇਤ-ਖਲਵਾੜ ਤੇਰੇ, ਸਭ ਵਿੱਚ ਬਾਜ਼ਾਰ ਖੜ੍ਹਾ ਦਿੱਤੇ
ਤੂੰ ਸਾਂਭੀ ਜਾਹ ਦਸਤਾਰਾਂ ਨੂੰ, ਓਨ੍ਹਾਂ ਸਿਰ ਬੋਲੀ 'ਤੇ ਲਾ ਦਿੱਤੇ
ਕੱਲ੍ਹ ਪਿੰਡ ਤੇਰੇ ਦੀਆਂ ਜੂਹਾਂ ਨੂੰ, ਕਰਕੇ ਬੇਪਰਦ ਬਹਾ ਦੇਣਾ
ਤੂੰ ਮਰਦੈਂ ਚੰਦ ਸਿਆੜਾਂ ਲਈ, ਓਨ੍ਹਾਂ ਪੂਰਾ ਦੇਸ਼ ਵਿਕਾ ਦੇਣਾ

ਜੜ੍ਹ ਧਰਮ-ਈਮਾਨ ਦੀ ਪੁੱਟ ਸੁੱਟਣੀ, ਨਫ਼ਰਤ ਦੇ ਮਲ੍ਹੇ ਉਗਾ ਦੇਣੇ
ਤੂੰ ਸਾਂਭ ਤੇਗ਼-ਤ੍ਰਿਸ਼ੂਲ ਉਨ੍ਹਾਂ, ਤੇਰੇ ਹੱਥ ਹੀ ਗਹਿਣੇ ਪਾ ਦੇਣੇ
ਪੂੰਗਾਂ ਦੀ ਠਾਹਰ ਜੋ ਬਣਦਾ ਏ, ਪਾਣੀ ਨੂੰ ਮਵਾਤਾ ਲਾ ਦੇਣਾ
ਤੂੰ ਮਰਦੈਂ ਚੰਦ ਸਿਆੜਾਂ ਲਈ, ਓਨ੍ਹਾਂ ਪੂਰਾ ਦੇਸ਼ ਵਿਕਾ ਦੇਣਾ।

ਪਰਦੇ 'ਚੋਂ ਕੱਢ ਕੇ ਮੁਜਰੇ ਨੂੰ, ਤੇਰੇ ਵਿਹੜੇ ਵਿਚ ਸਜਾ ਰਹੇ ਨੇ
ਧੀਆਂ ਦੇ ਨੰਗੇ ਜਿਸਮਾਂ 'ਤੇ, ਤੈਨੂੰ ਕਰਨਾ ਮਾਣ ਸਿਖਾ ਰਹੇ ਨੇ
ਵਿੰਹਦੇ ਹੀ ਵਿੰਹਦੇ ਘਰ-ਘਰ ਨੂੰ, ਕੌਰਵ ਦੀ ਸਭਾ ਬਣਾ ਦੇਣਾ
ਤੂੰ ਮਰਦੈਂ ਚੰਦ ਸਿਆੜਾਂ ਲਈ, ਓਨ੍ਹਾਂ ਪੂਰਾ ਦੇਸ਼ ਵਿਕਾ ਦੇਣਾ

ਵੇਖੀ ਜਾਹ ਹੁੰਦੇ ਚੀਰ-ਹਰਨ, ਛਾਵਾਂ ਦੇ ਵੀ ਮਾਵਾਂ ਦੇ ਵੀ
ਕਿੰਨਾ ਚਿਰ ਹੌਕੇ ਸੁਣ ਲਏਂਗਾ, ਜੂਹਾਂ ਦੇ ਵੀ ਰਾਹਵਾਂ ਦੇ ਵੀ
ਫਿਰ ਕਿਸ ਕਿਸ ਰੁੱਖ ਨੂੰ ਰੋਵੇਂਗਾ, ਜੰਗਲ ਹੀ ਜਦੋਂ ਜਲਾ ਦੇਣਾ
ਤੂੰ ਮਰਦੈਂ ਚੰਦ ਸਿਆੜਾਂ ਲਈ, ਓਨ੍ਹਾਂ ਪੂਰਾ ਦੇਸ਼ ਵਿਕਾ ਦੇਣਾ

ਜਲ, ਪੌਣ, ਅਗਨ ਜੋ ਤੇਰੇ ਨੇ, ਕੱਲ੍ਹ ਇਹ ਵੀ ਤੇਰੇ ਨਈਂ ਰਹਿਣੇ
ਇਹ ਮਿੱਟੀ ਜੋ ਹੈ ਮਾਂ ਤੇਰੀ, ਜਾਂ ਬੈ ਹੋਊ ਜਾਂ ਪਊ ਗਹਿਣੇ
ਚੁੱਪ ਤੋੜ ਕੇ ਇਸ ਚੁੱਪ ਨੇ ਤੇਰਾ, ਹਰ ਸੁਪਨਾ ਕਤਲ ਕਰਾ ਦੇਣਾ
ਤੂੰ ਮਰਦੈਂ ਚੰਦ ਸਿਆੜਾਂ ਲਈ, ਓਨ੍ਹਾਂ ਪੂਰਾ ਦੇਸ਼ ਵਿਕਾ ਦੇਣਾ

●●

# ਖੇਤ ਦਮੂੰਹੀਆਂ ਮੱਲ ਲਏ

ਸਭ ਭਰਮ-ਭੁਲੇਖੇ ਤਿੜਕ ਗਏ
ਖ਼ੁਦ ਜ਼ਹਿਰ ਦਾ ਸਾਗਰ ਰਿੜਕ ਗਏ
ਲਾ ਜ਼ਖ਼ਮ ਲੂਣ ਜੋ ਛਿੜਕ ਗਏ
ਪੀੜਾਂ ਤੋਂ ਤੈਨੂੰ ਮੁਕਤੀ ਦਾ,
ਓਹੀ ਨੇ ਦੱਸਦੇ ਹੱਲ ਪਏ
ਤੂੰ ਰਾਖੀ ਬੈਠੈਂ ਖੁੱਡਾਂ ਦੀ
ਤੇਰੇ ਖੇਤ ਦਮੂੰਹੀਆਂ ਮੱਲ ਲਏ।

ਰਲ਼ ਸਾਜ਼ਿਸ਼ ਫ਼ਸਲ ਉਧਾਲਣ ਦੀ
ਨਾਪਾਕ ਉਜਾੜਾਂ ਕਰ ਲਈ ਏ
ਆਪੋ ਵਿੱਚ ਸੰਧੀ ਉਮਰਾਂ ਦੀ
ਚੋਰਾਂ ਤੇ ਵਾੜਾਂ ਕਰ ਲਈ ਏ
ਵੱਟਾਂ ਦਾ ਹੁਲੀਆ ਦੱਸਦਾ ਏ
ਖ਼ੁਦਕੁਸ਼ੀ ਸਿਆੜਾਂ ਕਰ ਲਈ ਏ
ਮੁੜ-ਮੁੜ ਕੇ ਆਪਣੀ ਮਈਅਤ ਦੇ
ਆਪੇ ਹੀ ਸਦਮੇ ਝੱਲ ਲਏ
ਤੂੰ ਰਾਖੀ ਬੈਠੈਂ ਖੁੰਡਾਂ ਦੀ
ਤੇਰੇ ਖੇਤ ਦਮੂੰਹੀਆਂ ਮੱਲ ਲਏ।

ਤੱਕ ਫੇਰ ਹਸਤਨਾਪੁਰ ਵਾਲ਼ੇ,
ਕੌਰਵ ਦੀ ਸਭਾ ਸਜਾ ਬੈਠੇ
ਆਪਾਂ ਵੀ ਆਪਣਾ ਸਭ ਕੁਝ ਹੀ,
ਗ਼ੈਰਾਂ ਦੇ ਦਾਅ 'ਤੇ ਲਾ ਬੈਠੇ
ਜੋ ਲਾਜ ਦੇ ਪਾਲਕ ਸੀ ਉਹ ਵੀ,
ਟਕਿਆਂ ਸੰਗ ਸੀਸ ਵਟਾ ਬੈਠੇ
ਸ਼ਹਿ ਬੈਠੇ ਧਰਤੀ-ਪੁੱਤਰ ਵੀ
ਉਹ ਐਸੀ ਪੱਖੀ ਝੱਲ ਗਏ
ਤੂੰ ਰਾਖੀ ਬੈਠੈਂ ਖੁੱਡਾਂ ਦੀ
ਤੇਰੇ ਖੇਤ ਦਮੂੰਹੀਆਂ ਮੱਲ ਲਏ

ਸਿਰ ਫ਼ਰਜ਼ ਹੈ ਰੁੱਖ ਦੀ ਰਾਖੀ ਦਾ
ਪਰ ਹੱਕ ਛਾਵਾਂ ਦੇ ਗਹਿਣੇ ਨੇ,
ਬੰਦ ਬੋਲ ਤੋਤਲੇ ਵਹੀਆਂ ਵਿੱਚ
ਤੇ ਦੁੱਧ ਮਾਵਾਂ ਦੇ ਗਹਿਣੇ ਨੇ,
ਪੱਗ ਸਣੇਂ ਡੰਗੋਰੀ ਬਾਪੂ ਦੀ
ਤੇ ਮਾਣ ਬਾਹਵਾਂ ਦੇ ਗਹਿਣੇ ਨੇ,
ਤੱਕ ਟੁੱਟਦਾ ਤਾਣ ਜਵਾਨੀ ਦਾ
ਸੀਨੇ ਦੇ ਵਿੱਚ ਕੜਵੱਲ ਪਏ,
ਤੂੰ ਰਾਖੀ ਬੈਠੈਂ ਖੁੱਡਾਂ ਦੀ
ਤੇਰੇ ਖੇਤ ਦਮੂੰਹੀਆਂ ਮੱਲ ਲਏ

ਤੂੰ ਸ਼ੇਰ ਵੀ ਹੋ ਕੇ ਲੂੰਬੜ ਦੇ
ਅੱਗੇ ਭੁੱਲ ਆਪਣੀ ਹਓਂ ਜਾਨੈਂ,
ਉਹ ਕੁਝ ਛਿਲੜਾਂ ਦੀ ਛਾਂ ਕਰਦੈ
ਤੂੰ ਸਿਖ਼ਰ ਦੁਪਹਿਰੇ ਸੌਂ ਜਾਨੈਂ,
ਤੂੰ ਕੈਸਾ ਰੁੱਖ਼ ਹੈਂ, ਆਪਣੀ ਹੀ

ਮਿੱਟੀ ਵਿਚ ਲੱਗਿਆ ਝੌਂਅ ਜਾਨੈਂ,
ਤੇਰੀ ਪਰਬਤ ਜਿਹੀ ਬੁਲੰਦੀ ਤੋਂ
ਕਿਉਂ ਝੱਖੜਾਂ ਨੂੰ ਠੱਲ ਪਏ
ਤੂੰ ਰਾਖੀ ਬੈਠੋਂ ਖੁੱਡਾਂ ਦੀ
ਤੇਰੇ ਖੇਤ ਦਮੂੰਹੀਆਂ ਮੱਲ ਲਏ

ਛਿੱਟਿਆਂ ਤੋਂ ਸੁਰ ਜੇ ਖੁੱਸ ਗਏ
ਗੂੰਗਾ ਹਰ ਰੂਹ ਦਾ ਗੀਤ ਹੋਊ,
ਜੋ ਥੋੜ੍ਹੀ ਬਹੁਤੀ ਸੁਲਗ ਰਹੀ
ਹਰ ਦਿਲ 'ਚੋਂ ਅਗਨੀ ਸੀਤ ਹੋਊ,
ਜੇ ਰਾਖ਼ 'ਵਰੋਲ਼ੇ ਲੈ ਗਏ ਤਾਂ
ਕੁਕਨੂਸ ਕਿੱਥੋਂ ਸੁਰਜੀਤ ਹੋਊ,
ਸੌਂਹ ਬੋਲ ਜਿਨ੍ਹਾਂ ਦੇ ਤੇਰੇ ਲਈ
ਉਹ ਖੋਹਣ ਤੈਥੋਂ ਹਰ ਗੱਲ ਪਏ
ਤੂੰ ਰਾਖੀ ਬੈਠੈਂ ਖੁੱਡਾਂ ਦੀ
ਤੇਰੇ ਖੇਤ ਦਮੂੰਹੀਆਂ ਮੱਲ ਲਏ

••

# ਪੰਜਾਬ ਬਾਕੀ ਰਹਿ ਗਿਆ

ਸੱਭੇ ਨਦੀਆਂ ਤਿਹਾਈਆਂ, ਪਿੰਡੇ ਭੋਂ ਦੇ ਬਿਆਈਆਂ
ਛਾਵਾਂ ਧੁੱਪਾਂ ਨੇ ਸਤਾਈਆਂ, ਊਝਾਂ ਰੁੱਖਾਂ ਮੱਥੇ ਲਾਈਆਂ
ਧੰਨ ਸਾਡੀਆਂ ਕਮਾਈਆਂ, ਗਸ਼ਾਂ ਬੱਦਲਾਂ ਨੂੰ ਪਈਆਂ
ਮੁੱਕ ਜਾਣਾ ਅੱਖਾਂ 'ਚ ਜੋ ਆਬ ਬਾਕੀ ਰਹਿ ਗਿਆ
ਅੱਧਾ-ਪੌਣਾ ਹੁਣ ਤਾਂ ਪੰਜਾਬ ਬਾਕੀ ਰਹਿ ਗਿਆ
ਸਾਂਭ ਲਈਏ ਜਿੰਨਾਂ ਕੁ ਗ਼ੁਲਾਬ ਬਾਕੀ ਰਹਿ ਗਿਆ

ਸੀਨੇ ਸਤਲੁੱਜ ਦੇ 'ਚ ਸੂਲ਼ ਰਹਿੰਦਾ ਉੱਠਦਾ
ਖੁੱਲ੍ਹੀ ਜਾਂਦਾ ਪਾਜ ਹੈ ਪੰਜਾਬ ਵਾਲ਼ੀ ਮੁੱਠ ਦਾ
ਹਿਰਸਾਂ ਦੀ ਧੂੜ ਜੰਮੀ ਪਿੰਡੇ 'ਤੇ ਬਿਆਸ ਦੇ
ਲਾਲਚਾਂ ਦੀ ਮੈਲ਼ ਡਿੱਗੀ ਰਾਵੀ ਦੇ ਲਿਬਾਸ 'ਤੇ
ਜਿਹਲਮ ਨੇ ਰੌੜ ਹੋਣਾ, ਬੇਲਿਆਂ ਨੇ ਤੌੜ ਹੋਣਾ
ਜਦੋਂ ਚੁਲ਼ੀ ਭਰ ਕੁ ਚਨਾਬ ਬਾਕੀ ਰਹਿ ਗਿਆ
ਅੱਧਾ-ਪੌਣਾ ਹੁਣ ਤਾਂ ਪੰਜਾਬ ਬਾਕੀ ਰਹਿ ਗਿਆ

ਭਰ-ਭਰ ਭੁੱਖਾਂ ਦੇ ਪਰਾਗੇ ਪਾਈ ਜਾਨੇ ਆਂ
ਮਾਂ ਦੇ ਦਿੱਤੇ ਟੁੱਕ ਦੀ ਥਾਂ, ਮਾਂ ਨੂੰ ਖਾਈ ਜਾਨੇ ਆਂ
ਤਾਜਰਾਂ ਦੀ ਸ਼ਹਿ 'ਤੇ ਘਰ ਦਾਅ 'ਤੇ ਲਾਈ ਜਾਨੇ ਆਂ
ਆਪਣਿਆਂ ਖ਼ਾਬਾਂ ਦੇ ਪਰਿੰਦੇ ਫਾਹੀ ਜਾਨੇ ਆਂ
ਮੌਤ ਵਾਲ਼ੀ ਮੰਡੀ ਵਿੱਚੋਂ, ਧਰਤ ਕਰੰਡੀ ਵਿੱਚੋਂ
ਲੱਭ ਲਈਏ ਜਿਹੜਾ ਵੀ ਹੈ ਖ਼ਾਬ ਬਾਕੀ ਰਹਿ ਗਿਆ

ਅੱਧਾ-ਪੌਣਾ ਹੁਣ ਤਾਂ ਪੰਜਾਬ ਬਾਕੀ ਰਹਿ ਗਿਆ

ਧੀਆਂ ਮਰ-ਜਾਣੀਆਂ ਨੂੰ ਜੰਮਣਾ ਨਸੀਬ ਨਈਂ
ਕਿਹੜਾ ਏਥੇ ਪੁੱਤ ਜਿਹਦੇ ਹੱਥ 'ਚ ਜਰੀਬ ਨਈਂ
ਚੂੜੇ ਲਹਿਣੋਂ ਪਹਿਲਾਂ ਏਥੇ ਸਿਵੇ ਬਲ਼ ਜਾਂਦੇ ਨੇ
ਪਾਪ ਦੇ ਬਗ਼ੀਚੇ ਬੇ-ਬਹਾਰੇ ਫਲ਼ ਜਾਂਦੇ ਨੇ
ਜਾਨ ਦੇਣੀ ਯਾਰੀ ਦਾ ਤੇ ਸੂਹੀ ਫੁਲਕਾਰੀ ਦਾ
ਨਾ ਹੀ ਰਿਹਾ ਮਾਣ ਨਾ ਸ਼ਬਾਬ ਬਾਕੀ ਰਹਿ ਗਿਆ
ਅੱਧਾ-ਪੌਣਾ ਹੁਣ ਤਾਂ ਪੰਜਾਬ ਬਾਕੀ ਰਹਿ ਗਿਆ

ਮੋਮੀ ਹੱਥਾਂ ਨਾਲ ਆਪਾਂ ਅੱਗ ਫੜ੍ਹੀ ਜਾਨੇ ਆਂ
ਕਾਨਿਆਂ ਦੀ ਪੌੜੀ ਲਾ 'ਸਮਾਨੇ ਚੜ੍ਹੀ ਜਾਨੇ ਆਂ
ਏਸ ਖੂਹ ਨੇ ਇਕ ਦਿਨ ਪੁੱਠੇ-ਕੁੱਤੇ ਗਿੜ ਪੈਣਾ
ਮਾਵਾਂ-ਧੀਆਂ 'ਮੌਲ' ਦੀਆਂ ਪੌੜੀਆਂ 'ਚੋਂ ਰਿੜ ਪੈਣਾ
ਬਾਪੂ ਨੂੰ ਵਿਆਜ ਖਾ ਜੂ, ਪੁੱਤਾਂ ਤਾਈਂ ਤਾਜ ਖਾ ਜੂ
ਫੇਰ ਕੌਣ ਮੰਗੂ ਜੋ ਹਿਸਾਬ ਬਾਕੀ ਰਹਿ ਗਿਆ
ਅੱਧਾ-ਪੌਣਾ ਹੁਣ ਤਾਂ ਪੰਜਾਬ ਬਾਕੀ ਰਹਿ ਗਿਆ

ਵੇਖ ਬੇੜੀ ਡੁੱਬਦੀ ਜੇ ਬਹਿ ਕੇ ਝੂਰੀ ਜਾਵਾਂਗੇ
ਮੂੰਹ ਕਿਹੜਾ ਆਉਣ ਵਾਲੇ ਪੂਰਾਂ ਨੂੰ ਵਿਖਾਵਾਂਗੇ
ਕੁੱਬਿਆਂ ਲਈ ਕਦੋਂ ਤਕ ਦੋਹਰੇ ਹੁੰਦੇ ਜਾਵਾਂਗੇ
ਲੰਗਿਆਂ ਲਈ ਕਦੋਂ ਤਕ ਪੈਰਾਂ ਨੂੰ ਥਕਾਵਾਂਗੇ
ਬੋਲ 'ਸੁਰਜੀਤ' ਹੋਣ, ਬੁੱਲ੍ਹੀਆਂ 'ਤੇ ਗੀਤ ਹੋਣ
ਝੱਖੜਾਂ ਨੂੰ ਦਈਏ ਜੋ ਜਵਾਬ ਬਾਕੀ ਰਹਿ ਗਿਆ
ਅੱਧਾ-ਪੌਣਾ ਹੁਣ ਤਾਂ ਪੰਜਾਬ ਬਾਕੀ ਰਹਿ ਗਿਆ
ਸਾਂਭ ਲਈਏ ਜਿੰਨਾ ਕੁ ਗੁਲਾਬ ਬਾਕੀ ਰਹਿ ਗਿਆ।

●●

# ਅੱਜ ਕਰ ਲੈ ਜਾਂ ਕੱਲ੍ਹ ਕਰ ਲੈ

ਕਿੰਨਾ ਚਿਰ ਦੜ ਵੱਟ ਲਵੇਂਗਾ
ਦੜ ਵੱਟ ਕੇ ਦਿਨ ਕੱਟ ਲਵੇਂਗਾ
ਚੱਲਣ ਝੂਠ ਦੀ ਹੱਟ ਦਵੇਂਗਾ
ਰੜਕਣ ਸੱਚ ਦੇ ਫੱਟ ਦਵੇਂਗਾ
ਬਿੱਲੀ ਦੇ ਗਲ਼ ਟੱਲੀ ਬੰਨ੍ਹ ਲੈ,
ਵਕਤ ਦਾ ਹੋਕਾ ਸੁਣ ਲੈ, ਮੰਨ ਲੈ
ਤੈਨੂੰ ਹਿੰਮਤ ਕਰਨੀ ਪੈਣੀ, ਅੱਜ ਕਰ ਲੈ ਜਾਂ ਕੱਲ੍ਹ ਕਰ ਲੈ
ਗੋਂਗਲੂਆਂ ਤੋਂ ਝਾੜ ਨਾ ਮਿੱਟੀ, ਚੱਲ ਉੱਠ, ਦੋ ਟੁੱਕ ਗੱਲ ਕਰ ਲੈ
ਦੋ-ਟੁੱਕ ਗੱਲ... ਬਈ, ਦੋ ਟੁੱਕ ਗੱਲ

ਗੱਲ ਤੇਰੀਆਂ ਨਸਲਾਂ ਦੀ ਹੈ
ਜ਼ਹਿਰੀ ਕੀਤੀਆਂ ਫ਼ਸਲਾਂ ਦੀ ਹੈ
ਸਾੜ ਪਾਉਂਦੀਆਂ ਛਾਵਾਂ ਦੀ ਹੈ
ਬੇ-ਵੱਸ ਹੋਈਆਂ ਮਾਵਾਂ ਦੀ ਹੈ
ਰੁਲ਼ਦੀਆਂ ਧੀਆਂ ਰਾਣੀਆਂ ਦੀ ਹੈ
ਛਾਲੇ ਪਾਉਂਦੇ ਪਾਣੀਆਂ ਦੀ ਹੈ
ਸੁਪਨੇਹੀਣ ਜਵਾਨੀ ਦੀ ਹੈ
ਰਾਜਿਆਂ ਦੀ ਮਨਮਾਨੀ ਦੀ ਹੈ
ਇਹ ਗੱਲ ਕਰ ਲੈ, ਇਹ ਗੱਲ ਸੁਣ ਲੈ,

ਕੰਡਿਆਂ ’ਚੋਂ ਕੁਝ ਫੁੱਲ ਵੀ ਚੁਣ ਲੈ
ਰੰਗ, ਸੁਰੰਗੇ, ਮੱਲ ਲੈ ਆਪਣੇ,
ਮਹਿਕ ਵੀ ਆਪਣੇ ਵੱਲ ਕਰ ਲੈ
ਗੱਲ ਕਰ ਲੈ... ਬਈ ਗੱਲ ਕਰ ਲੈ... ...

ਗੱਲ ਜੋ ਸਾਡੇ ਡਰ ਦੀ ਹੋਵੇ
ਖੌਫ਼ ’ਚ ਜਿਊਂਦੇ ਘਰ ਦੀ ਹੋਵੇ
ਗੁੰਮਦੇ ਜਾਂਦੇ ਪਿੰਡ ਦੀ ਹੋਵੇ
ਰੁੱਖ ਦੀ ਜਗ੍ਹਾ ਹਰਿੰਡ ਦੀ ਹੋਵੇ
ਸਾਡੀ ਗੁੰਮ ਪਛਾਣ ਦੀ ਹੋਵੇ
ਅਣਹੋਇਆਂ ਦੇ ਮਾਣ ਦੀ ਹੋਵੇ
ਹਿੰਮਤ ਦੇ ਗਹਿਗਾਨ ਦੀ ਹੋਵੇ
ਅਣ-ਗੌਲ਼ੇ ਇਨਸਾਨ ਦੀ ਹੋਵੇ
ਤੇਰੀ ਗੱਲ ਹੈ, ਮੇਰੀ ਗੱਲ ਹੈ
ਤੁਰਦੀ ਗੱਲ, ਗੁੰਝਲਾਂ ਦਾ ਹੱਲ ਹੈ
ਪਾਸਾ ਵੱਟਿਆਂ ਨਹੀਓਂ ਸਰਨਾ
ਜੋ ਮਰਜ਼ੀ ਵਲ-ਛਲ ਕਰ ਲੈ
ਗੱਲ ਕਰ ਲੈ, ਬਈ ਗੱਲ ਕਰ ਲੈ

●●

# ਮੌਤ ਦਾ ਨਾ ਚੱਜ ਸਿੱਖਿਆ

ਜਾਲ਼ ਕਾਲਖ਼ਾਂ ਨੇ ਸ਼ੋਖ ਰੰਗਾ ਪਾ ਲਿਆ
ਤੈਨੂੰ ਮਸਨੂਈ ਰੰਗਾਂ ’ਤੇ ਰਿਝਾ ਲਿਆ
ਅਣਦਿਸਦੀਆਂ ਫਾਹੀਆਂ ਵਿੱਚ ਫਾਹ ਲਿਆ
ਨਾਗ-ਪਾਸ਼ ਤੇਰੀ ਪੱਗ ਨੂੰ ਬਣਾ ਲਿਆ
ਬਣ ਵਾੜ ਤੇਰੇ ਖੇਤ ਨੂੰ ਉਹ ਖਾ ਗਏ ਤੂੰ ਸੌਣਾ ਲਾ-ਲਾ ਪੱਜ ਸਿੱਖਿਆ
ਜੀਣ ਜੋਗਾ ਨਾ ਉਨ੍ਹਾਂ ਨੇ ਤੈਨੂੰ ਛੱਡਿਆ, ਤੂੰ ਮੌਤ ਦਾ ਨਾ ਚੱਜ ਸਿੱਖਿਆ।

ਝੋਨਾ ਚੀਕਦਾ ਸੱਥਰ ਉੱਤੇ ਬੈਠਿਆਂ ਤੇ ਕਣਕਾਂ ਮਕਾਣੇ ਚੱਲੀਆਂ
ਖਾਰੇ ਅੱਥਰੂ ਕਮਾਦ ਰਹਿੰਦਾ ਕੇਰਦਾ ਤੇ ਮਾਤਮ ਮਨਾਉਣ ਛੱਲੀਆਂ
ਤੇਰੀ ਆਉਧ ਦਿਆਂ ਵਰ੍ਹਿਆਂ ਤੋਂ ਕਿਤੇ ਲੰਮੇ ਸੋਕਿਆਂ ਨੇ ਜੂਹਾਂ ਮੱਲੀਆਂ
ਸਾੜ ਪਾਉਂਦੀਆਂ ਉਮੀਦਾਂ ਚੁੱਕੀ, ਧੀਆਂ ਫੇਰ ਗੁੱਡੀਆਂ ਜਲਾਉਣ ਚੱਲੀਆਂ
ਕੌਣ ਤੇਰਿਆਂ ਸਰੋਵਰਾਂ ਨੂੰ ਪੀ ਗਿਆ
ਘਾਲ਼ਾਂ ਘਾਲ਼ੀਆਂ ਵੀ ਗਈਆਂ, ਨਾਲ਼ੇ ਬੀਅ ਗਿਆ
ਤੈਨੂੰ ਤੇਰੇ ਨਾਲੋਂ ਬਹੁਤਾ ਕੌਣ ਜੀਅ ਗਿਆ
ਕਰ ਹੱਥਾਂ ਨੂੰ ਮੁਥਾਜ, ਬੁੱਲ੍ਹ ਸੀਅ ਗਿਆ
ਇਹ ਹੈ ਅੱਖਾਂ ਦੀ ਤੌਹੀਨ ਅੱਖਾਂ ਵਾਲ਼ਿਆ, ਜੇ ਵੇਖਣਾ ਨਾ ਕੱਜ ਸਿੱਖਿਆ
ਜੀਣ ਜੋਗਾ ਨਾ ਉਨ੍ਹਾਂ ਨੇ ਤੈਨੂੰ ਛੱਡਿਆ ਤੂੰ ਮੌਤ ਦਾ ਨਾ ਚੱਜ ਸਿੱਖਿਆ

ਹੱਲਾਸ਼ੇਰੀਆਂ ਉਹ ਦੇਂਦੇ ਨੇ ਬਥੇਰੀਆਂ, ਤੂੰ ਤਾਂ ਕੇ ਰਵ੍ਹੇ ਜਾਨ ਹੂਲਦਾ
ਤੇਰੀ ਹਿੱਕ 'ਤੇ ਟਿਕਾਣਾ ਰਹੇ ਬਣਿਆ, ਵੇ ਤਖ਼ਤਾਂ ਦੀ ਢਿੱਲੀ ਚੂਲ਼ ਦਾ
ਰਹੇਂ ਹੌਂਕਦਾ ਤੂੰ, ਓਨ੍ਹਾਂ ਦਿਆਂ ਮਹਿਲਾਂ ਉੱਤੇ, ਤਾਂ ਕੇ ਰਏ੍ਹ ਤਰੰਗਾਂ ਝੂਲਦਾ
ਓਨ੍ਹਾਂ ਸੂਦ ਨੂੰ ਵੀ ਮੂਲ ਹੈ ਬਣਾ ਲਿਆ, ਤੇ ਲੇਖਾ ਮੁੱਕਾ ਤੇਰੇ ਮੂਲ ਦਾ
ਜਿੰਨ੍ਹਾਂ ਵਾਸਤੇ ਤੂੰ ਭੋਰਾ-ਭੋਰਾ ਮੁੱਕਦੈਂ
ਧੌਲ਼ ਬਣ ਕੇ ਜਿਨ੍ਹਾਂ ਦਾ ਭਾਰ ਚੁੱਕਦੈਂ
ਲੂਣ ਆਪਣੇ ਹੀ ਫੱਟਾਂ ਉੱਤੇ ਭੁੱਕਦੈਂ
ਜਦੋਂ ਉੱਕਣਾ ਨਈਂ ਹੁੰਦਾ ਉਦੋਂ ਉੱਕਦੈਂ
ਓਨ੍ਹਾਂ ਪੀੜ੍ਹੀਆਂ ਲਈ ਸੁਰਗ ਬਣਾ ਲਏ, ਤੂੰ ਸਿਵਿਆਂ ਦਾ ਹੱਜ ਸਿੱਖਿਆ
ਜੀਣ ਜੋਗਾ ਨਾ ਉਨ੍ਹਾਂ ਨੇ ਤੈਨੂੰ ਛੱਡਿਆ, ਤੂੰ ਮੌਤ ਦਾ ਨਾ ਚੱਜ ਸਿੱਖਿਆ।

ਪੱਤਝੜਾਂ 'ਚ ਵੀ ਉਹ ਤਾਂ ਰਹਿੰਦੇ ਟਹਿਕਦੇ, ਕਿ ਤੈਨੂੰ ਹੀ ਬਹਾਰ ਖਾ ਗਈ
ਓਨ੍ਹਾਂ ਵਾਸਤੇ ਜੋ ਚੁੱਕੀ ਫਿਰੇਂ ਵੇਖ ਤੈਨੂੰ, ਓਹੀ ਤਲਵਾਰ ਖਾ ਗਈ
ਵੇਚ-ਵੇਚ ਓਨ੍ਹਾਂ ਖਾਦਾ ਦਸਤਾਰ ਨੂੰ ਤੇ ਤੈਨੂੰ ਦਸਤਾਰ ਖਾ ਗਈ
ਓਸ ਬੇੜੀ ਦਾ ਕੀ ਮਾਣ, ਪਹਿਲਾ ਪੂਰ ਹੀ ਜੋ ਅੱਧ-ਵਿਚਕਾਰ ਖਾ ਗਈ
ਗੀਟੇ ਵਾਂਗੂ ਘਸ-ਘਸ ਮਿਲ਼ੀ ਦਾਤ 'ਤੇ
ਕੂੜੇ ਬੱਦਲਾਂ ਦੀ ਕੂੜੀ ਬਰਸਾਤ 'ਤੇ
ਆਪੇ ਆਪਣੇ ਆਪੇ ਨੂੰ ਲਾਈ ਘਾਤ 'ਤੇ
ਹੱਕ ਛੱਡ ਕੇ ਵਿਹਾਜੀ ਹੋਈ ਖ਼ੈਰਾਤ 'ਤੇ
ਕਈਆਂ ਪੀੜ੍ਹੀਆਂ ਨੂੰ ਪਿੰਗਲੇ ਬਣਾਊਂਗੀ, ਜੇ ਰੀਝਣਾ ਤੂੰ ਅੱਜ ਸਿੱਖਿਆ
ਜੀਣ ਜੋਗਾ ਨਾ ਉਨ੍ਹਾਂ ਨੇ ਤੈਨੂੰ ਛੱਡਿਆ, ਤੂੰ ਮੌਤ ਦਾ ਨਾ ਚੱਜ ਸਿੱਖਿਆ

ਜਿਹਦੇ ਦਰਾਂ ਉੱਤੇ ਝੁਕਿਓਂ ਨਾ ਜਾ ਕੇ, ਤੂੰ ਕਿਹੜਾ ਦਗ਼ੇਬਾਜ਼ ਛੱਡਿਆ
ਤੈਨੂੰ ਝੂਠਿਆਂ ਦੇ ਝੂਠਿਆਂ ਜੈਕਾਰਿਆਂ ਨੇ, ਕਰ ਬੇ-ਆਵਾਜ਼ ਛੱਡਿਆ
ਖ਼ੁਦਕੁਸ਼ੀਆਂ ਹੀ ਉਨ੍ਹਾਂ ਦਾ ਨਸੀਬ ਨੇ ਜਿਨ੍ਹਾਂ ਨੇ ਵੀ ਮੁਹਾਜ ਛੱਡਿਆ

ਤੇਰੇ ਸਿਰ ਤੋਂ ਵੀ ਛੱਤ ਓਨ੍ਹਾਂ ਖੋਹ ਲਈ, ਤੂੰ ਜਿੰਨ੍ਹਾਂ ਦੇ ਲਈ ਤਾਜ ਛੱਡਿਆ
ਫੇਰ ਪਗੜੀ ਸੰਭਾਲ਼ਣ ਦਾ ਵੇਲ਼ਾ ਏ
ਅਣ-ਹੋਣੀਆਂ ਨੂੰ ਟਾਲ਼ਣ ਦਾ ਵੇਲ਼ਾ ਏ
ਘਾਲ਼ਾਂ ਵੱਖਰੀਆਂ ਘਾਲ਼ਣ ਦਾ ਵੇਲ਼ਾ ਏ
ਕਹਿ ਕੇ ਜੱਗ ਨੂੰ ਉਠਾਉਣ ਦਾ ਵੇਲ਼ਾ ਏ
ਹੋਣਾ 'ਸੁਰਜੀਤ' ਕੁੱਖ 'ਚੋਂ ਸਲੀਬ ਦੇ, ਅਸੀਂ ਵੀ ਗੱਜ ਵੱਜ ਸਿੱਖਿਆ
ਜੀਣ ਜੋਗਾ ਨਾ ਉਨ੍ਹਾਂ ਨੇ ਤੈਨੂੰ ਛੱਡਿਆ, ਤੂੰ ਮੌਤ ਦਾ ਨਾ ਚੱਜ ਸਿੱਖਿਆ

••

# ਹੱਕ ਖੋਹ ਲਈਏ

ਮੁੜ੍ਹਕੇ ਦੇ ਭਾਅ ਰੇਤਾ ਤੋਲਣ, ਪਾਣੀ ਵਿਚ ਸਾਜ਼ਿਸ਼ਾਂ ਘੋਲ਼ਣ
ਹੱਕ ਦਾ ਬੋਲ ਵੀ ਦੇਣ ਨਾ ਬੋਲਣ, ਘੱਟੇ ਦੇ ਵਿੱਚ ਚੱਪੂ ਰੋਲਣ
ਭਾੜੇ ਵਿੱਚ ਰਖਾ ਲੈਂਦੇ ਜੋ, ਜਤ-ਸਤ ਕਿਰਤੀ ਬਾਹਵਾਂ ਦਾ
ਬੇੜੀ ਡੋਬ ਮਲਾਹਾਂ ਤੋਂ ਹੱਕ ਖੋਹ ਲਈਏ ਦਰਿਆਵਾਂ ਦਾ

ਪੌਣਾਂ ਲੁੱਟੀਆਂ, ਪਾਣੀ ਲੁੱਟ ਲਏ, ਜੰਗਲ, ਧਰਤੀ, ਅੰਬਰ ਲੁੱਟ ਲਏ
ਚਸ਼ਮੇਂ, ਝਰਨੇ, ਝੀਲਾਂ, ਨਦੀਆਂ, ਇਹਨਾਂ ਸਾਡੇ ਸਾਗਰ ਲੁੱਟ ਲਏ
ਬੱਚਿਆਂ ਦੀ ਕਿਲਕਾਰੀ ਲੁੱਟ ਲਈ, ਮਾਂ ਦੀ ਮਮਤਾ ਸਾਰੀ ਲੁੱਟ ਲਈ
ਬਾਪੂ ਹੱਥੋਂ ਲੁੱਟ ਡੰਗੋਰੀ, ਲੁੱਟ ਲਏ ਮਾਣ ਭਰਾਵਾਂ ਦੇ
ਬੇੜੀ ਡੋਬ ਮਲਾਹਾਂ ਤੋਂ, ਹੱਕ ਖੋਹ ਲਈਏ ਦਰਿਆਵਾਂ ਦੇ

ਮਾਲੀ ਬਣ ਕੇ ਬਾਗ਼ ਵੇਚਿਆ, ਫੁੱਲ-ਕਲੀਆਂ ਦਾ ਭਾਗ ਵੇਚਿਆ
ਕੌਮੀ ਗੀਤ ਦੇ ਪਰਦੇ ਉਹਲੇ, ਹੱਕ-ਸੱਚ ਦਾ ਰਾਗ ਵੇਚਿਆ
ਮਿਹਨਤ ਦੀ ਖ਼ੁਸ਼ਬੋਈ ਵੇਚੀ, ਕਿਰਤੀ ਦੀ ਹਰ ਢੋਈ ਵੇਚੀ
ਗਿੱਧਾ, ਭੰਗੜਾ, ਲੁੱਡੀ ਵੇਚੀ, ਵੇਚੇ ਨਗ਼ਮੇ ਚਾਵਾਂ ਦੇ
ਬੇੜੀ ਡੋਬ ਮਲਾਹਾਂ ਤੋਂ, ਹੱਕ ਖੋਹ ਲਈਏ ਦਰਿਆਵਾਂ ਦੇ

ਰਾਜੇ ਸ਼ੀਂਹ, ਮੁਕੱਦਮ ਕੁੱਤੇ, ਸਾਨੂੰ ਚੂੰਡਣ ਹਰ ਇਕ ਰੁੱਤੇ
ਮੱਲ ਖ਼ਜ਼ਾਨੇ ਸੱਪ ਇਹ ਬੈਠੇ, ਸਾਡੇ ਭੁੱਖ ਸਾਰਦੀ ਬੁੱਤੇ

ਜੰਜ ਪਾਪ ਦੀ ਚਾੜ੍ਹੀ ਰੱਖਣ, ਲੇਲਿਆਂ ਵਿੱਚ ਸ਼ੀਂਹ ਵਾੜੀ ਰੱਖਣ
ਗਊਸ਼ਾਲਾ ਦਾ ਸੌਦਾ ਕਰਦੇ, ਰਾਖੇ ਬਣ ਕੇ ਗਾਵਾਂ ਦੇ
ਬੇੜੀ ਡੋਬ ਮਲਾਹਾਂ ਤੋਂ, ਹੱਕ ਖੋਹ ਲਈਏ ਦਰਿਆਵਾਂ ਦੇ

ਹਰ ਹੌਕੇ ਨੂੰ ਗੀਤ ਬਣਾ ਲਓ, ਫ਼ਸਲਾਂ ਦਾ ਸੰਗੀਤ ਬਣਾ ਲਓ
ਕਿਸਮਤ ਦੇ ਵਿੱਚ ਲਿਖੀ ਹਾਰ ਨੂੰ, ਨਿਸ਼ਚੈ ਕਰਕੇ ਜੀਤ ਬਣਾ ਲਓ
ਚਿੜੀਆਂ ਬਾਜ਼ਾਂ ਤੋਂ ਨਾ ਹਾਰਨ, ਕੋਇਲਾਂ ਕਾਵਾਂ ਨੂੰ ਲਲਕਾਰਨ
ਹੌਕੇ ਬਣ ਸੁਰਜੀਤ ਹੋਣ ਨਾ, ਸੁਪਨੇ ਲੱਧੀਆਂ ਮਾਵਾਂ ਦੇ
ਬੇੜੀ ਡੋਬ ਮਲਾਹਾਂ ਤੋਂ ਹੱਕ ਖੋਹ ਲਈਏ ਦਰਿਆਵਾਂ ਦੇ

••

## ਹਲ਼ਾਂ ਦੇ ਕਿੰਝ ਹੌਸਲੇ ਢਹਿੰਦੇ

ਕੋਈ ਸੁਣੇਂ ਤਾਂ ਦੱਸੀਏ ਵੀ, ਹਲ਼ਾਂ ਦੇ ਕਿੰਝ ਹੌਸਲੇ ਢਹਿੰਦੇ
ਥੱਕ ਗਏ ਹਾਂ ਸੁਣ-ਸੁਣ ਕੇ, ਨਸੀਹਤਾਂ ਸਭ ਦੀਆਂ ਉੱਠਦੇ-ਬਹਿੰਦੇ
ਮੂੰਹ ਕਰਦਿਆਂ ਮੰਡੀ ਨੂੰ, ਸਾਡੇ ਬੋਹਲ ਤ੍ਰਹਿੰਦੇ ਰਹਿੰਦੇ
ਵੱਟ-ਬੰਨੇ ਜਾਈਏ ਤਾਂ ਅੱਗਿਓਂ ਖੇਤ ਖਾਣ ਨੂੰ ਪੈਂਦੇ
ਬੇ-ਵਸੀਆਂ ਵੰਡ ਗਈ, ਹਾਕਮੋਂ ਨੀਤ ਤੁਹਾਡੀ ਕਾਲ਼ੀ
ਨਾ ਚਾਹੁੰਦਿਆਂ ਹੋਇਆਂ ਵੀ ਸਾੜੀ ਜਾਣ ਪਰਾਲ਼ੀ ਹਾਲ਼ੀ

ਜੋ ਸਿੱਖ ਕੇ ਜੰਮਦੇ ਨੇ ਮੁੜ੍ਹਕਾ ਇਹਦੇ ਲਈ ਵਹਾਉਣਾ
ਉਹ ਪੁੱਤ ਕਿੰਝ ਸਹਿੰਦੇ ਨੇ ਪਿੰਡਾ ਮਾਂ-ਮਿੱਟੀ ਦਾ ਤਾਉਣਾ
ਮਿੱਧ ਜਾਂਦਾ ਫ਼ਸਲਾਂ ਨੂੰ ਜਿਨ੍ਹਾਂ ਦਾ ਛੱਡਿਆ ਵਿਹਲੜ ਚੌਣਾ
ਉਹ ਸਾਨੂੰ ਦੱਸਦੇ ਨੇ ਧਰਤ ਦਾ ਕਿੱਦਾਂ ਦਰਦ ਵੰਡਾਉਣਾ
ਰਲ਼ ਕੀੜੇ ਮਾਇਆ ਦੇ ਸਾਡੀ ਟੁੱਕ ਗਏ ਸਾਂਝ-ਭਿਆਲ਼ੀ
ਨਾ ਚਾਹੁੰਦਿਆਂ ਹੋਇਆਂ ਵੀ ਸਾੜੀ ਜਾਣ ਪਰਾਲ਼ੀ ਹਾਲ਼ੀ

ਨਿੱਤ ਖੇਡਾਂ ਅੱਗ ਦੀਆਂ ਖੇਡਦੇ ਬਹਿ ਬੱਦਲ਼ਾਂ ਦੇ ਉਹਲੇ
ਮੱਲੀ ਰੱਖਦੇ ਅੰਬਰਾਂ ਨੂੰ, ਜਿਹੜੇ ਥੋੜ੍ਹੇ ਉੱਡਣ-ਖਟੋਲੇ
ਠੰਡ-ਗਰਮੀ ਦੋਵਾਂ ਨੂੰ, ਤੁਸੀਂ ਜਦ ਰੱਖੋ ਵਾਂਗ ਰਖੇਲਾਂ
ਉਸ ਪਲ ਹੀ ਸੁਲ਼ਗਦੇ ਨੇ, ਫ਼ਸਲਾਂ, ਜੰਗਲ, ਬੂਟੇ, ਵੇਲਾਂ

ਤੇਰੇ ਸ਼ਾਹੀ ਸ਼ਹਿਰਾਂ ਨੂੰ ਦੇਣ ਪਰ ਪਿੰਡ ਹੀ ਵੇਂਹ-ਵਿਖਾਲ਼ੀ
ਨਾ ਚਾਹੁੰਦਿਆਂ ਹੋਇਆਂ ਵੀ, ਸਾੜੀ ਜਾਣ ਪਰਾਲ਼ੀ ਹਾਲ਼ੀ

ਕਈ ਕਵੀ-ਕਵੀਸ਼ਰ ਵੀ, ਮੰਗਵੇਂ ਚਾਨਣ ਦੇ ਚੁੰਧਿਆਏ
ਸਾਨੂੰ ਹੀ ਕੋਸ ਰਹੇ ਸਾਡੀ ਕੁੱਖੋਂ ਜੰਮੇਂ ਜਾਏ
ਜਾਓ, ਪੁੱਛੋ ਉਨ੍ਹਾਂ ਨੂੰ ਜੋ, ਸਾਡਾ ਸਾਹ-ਸਤ ਲੁੱਟ ਕੇ ਲੈ ਗਏ
ਹੱਥ ਹੁੰਦਿਆਂ-ਸੁੰਦਿਆਂ ਵੀ, ਅਸੀਂ ਹਾਂ ਹੱਥਲ਼ ਹੋ ਕੇ ਬਹਿ ਗਏ
ਸਾਡੇ ਸਿਵੇ ਜੋ ਬਣਦੀ ਹੈ, ਇਹ ਵੀ ਅੱਗ ਉਨ੍ਹਾਂ ਦੀ ਬਾਲ਼ੀ
ਨਾ ਚਾਹੁੰਦਿਆਂ ਹੋਇਆਂ ਵੀ ਸਾੜੀ ਜਾਣ ਪਰਾਲ਼ੀ ਹਾਲ਼ੀ

ਜਲ, ਜੰਗਲ ਖਾ ਗਏ ਉਹ, ਛਕ ਗਏ ਰੇਤਾ ਬੱਜਰੀ ਮਿੱਟੀ
ਪਿੰਡ ਲਾਸ਼ਾਂ ਬਣਦੇ ਨੇ, ਦਿੱਲੀ ਐਵੇਂ ਜਾਂਦੀ ਪਿੱਟੀ
ਹੱਕ ਖੋਹ, 'ਸੁਰਜੀਤ' ਕਰੇ, ਖ਼ੈਰਾਤਾਂ ਉਹ ਦੰਭਾਂ ਦਾ ਦਾਨੀ
ਤਪ ਰਿਹਾ ਬੁਢਾਪਾ ਤੇ ਘਰ-ਘਰ ਝੁਲਸੀ ਪਈ ਜਵਾਨੀ
ਪਿਓ ਰੁੱਖ 'ਤੇ ਲਟਕ ਰਿਹਾ, ਵੇਖਦੀ ਫ਼ਸਲ ਧੀਆਂ ਜਿਉਂ ਪਾਲ਼ੀ
ਨਾ ਚਾਹੁੰਦਿਆਂ ਹੋਇਆਂ ਵੀ ਸਾੜੀ ਜਾਣ ਪਰਾਲ਼ੀ ਹਾਲ਼ੀ

••

# ਦੋ-ਟੁੱਕ ਗੱਲ

ਮੇਰੀ 'ਵਾਜ਼ ਹੁੰਗਾਰਾ ਤੇਰਾ
ਆ ਕਰੀਏ ਕੁਝ ਕਹਿਣ ਦਾ ਜੇਰਾ
ਦੜ ਵੱਟੀ ਪਿਆ ਚਾਰ ਚੁਫੇਰਾ
ਭੈਅ 'ਚੋਂ ਉਪਜੀ ਚੁੱਪ ਦਾ ਡੇਰਾ
ਇਸ ਡੇਰੇ ਨੂੰ ਬੋਲ ਲੋੜੀਂਦੇ
ਬੋਲੋਂ ਉਪਜੇ ਘੋਲ਼ ਲੋੜੀਂਦੇ
ਘੋਲ਼ ਜੋ ਹਰ ਮਸਲੇ ਦਾ ਹੱਲ ਹੈ
ਦੋ-ਟੁੱਕ ਗੱਲ... ਬਈ, ਦੋ ਟੁੱਕ ਗੱਲ ਹੈ

ਮਿੱਟੀ ਨੂੰ ਸਾਡੀ ਚੁੱਪ ਖਾ ਗੀ
ਧੁੱਪ ਦੀ ਸਾਜਿਸ਼ ਰੁੱਖ ਖਾ ਗਈ
ਘਰ ਨੂੰ ਮੰਗਵਾਂ ਨੂਰ ਖਾ ਗਿਆ
ਬੇੜੀ ਜੋ ਸਣ-ਪੂਰ ਖਾ ਗਿਆ
ਓਸ ਮਲਾਹ ਦੀਆਂ ਪੈੜਾਂ ਦੱਬੀਏ
ਆਪਣੀ ਡੁੱਬੀ ਕਿਸਮਤ ਲੱਭੀਏ
ਕਹਿਣਾ-ਸੁਣਨਾ, ਵਾਕ ਅਟੱਲ ਹੈ
ਦੋ-ਟੁਕ ਗੱਲ ਬਈ ਦੋ ਟੁੱਕ ਗੱਲ ਹੈ

ਬੋਲਾਂ ਨਾਲ਼ ਬਰੂੰਹਾਂ ਹੱਸਣ
ਸ਼ਹਿਰ-ਗਰਾਂ ਦੀਆਂ ਜੂਹਾਂ ਹੱਸਣ
ਬੋਲਾਂ ਨਾਲ਼ ਪੈਗੰਬਰ ਬਣਦੇ
ਧਰਤੀ ਘੁੰਮਦੀ, ਅੰਬਰ ਤਣਦੇ
ਅੰਦਰੋ-ਅੰਦਰੀ ਘੁਲ਼ਦੇ ਜਾਈਏ
ਬੋਲ-ਵਿਹੂਣੇ ਰੁਲ਼ਦੇ ਜਾਈਏ
ਆਪਾਂ ਆਪਣੀ ਚੁੱਪ ਤੋੜੀਏ
ਇਕ ਦੂਜੇ ਸੰਗ ਸ਼ਬਦ ਜੋੜੀਏ
ਵਕਤ ਦਾ ਸਿਨ੍ਹਿਆ ਸਾਡੇ ਵੱਲ ਹੈ
ਦੋ-ਟੂਕ ਗੱਲ, ਬਈ ਦੋ ਟੁੱਕ ਗੱਲ ਹੈ

ਕਿਤਿਓਂ ਤਾਂ ਗੱਲ ਤੋਰਨੀ ਪੈਣੀ
ਚੁੱਪ ਦੀ ਗਾਗਰ ਤੋੜਨੀ ਪੈਣੀ
ਇਕ-ਦੂਜੇ ਦੀਆਂ ਪੁੱਛਣਾ-ਦੱਸਣਾ
ਹਮਸਾਇਆ ਸੰਗ ਰੋਣਾ-ਹੱਸਣਾ
ਕੁਲ ਮਰਜ਼ਾਂ ਦਾ ਦਾਰੂ ਲੱਭਣਾ
ਸੱਚ ਬੋਲਣ ਵਾਲ਼ਾ ਅੱਕ ਚੱਬਣਾ
ਗੱਲ ਛੇੜਾਂਗੇ, ਅਹਿਦ ਕਰਾਂਗੇ
ਰਲ਼-ਮਿਲ ਉਹੋ ਉਡਾਣ ਭਰਾਂਗੇ
ਜਿਸ ਵਿਚ ਵੱਸਦਾ, ਸਾਡਾ ਕੱਲ੍ਹ ਹੈ
ਦੋ-ਟੁੱਕ ਗੱਲ, ਬਈ ਦੋ-ਟੁੱਕ ਗੱਲ ਹੈ।

●●

# ਵੱਸਦਾ ਰਹਿਣਾ ਦੇਸ ਪੰਜਾਬ

ਖਿੱਤੀਆਂ ਘੁੰਮਦੀਆਂ ਨੇ ਯੁਗਾਂ-ਯੁਗਾਂ ਤਕ ਘੁੰਮਦਿਆਂ ਰਹਿਣਾ ਏ
ਇਹਦਾ ਮੱਥਾ ਨਿੱਤ ਨਵੀਆਂ ਕਿਰਨਾਂ ਨੇ ਚੁੰਮਦਿਆਂ ਰਹਿਣਾ ਏ
ਇਹਦੇ ਧੀਆਂ-ਪੁੱਤਰਾਂ ਦੇ ਕਿੱਸਿਆਂ ਨੇ ਧੁੰਮਦਿਆਂ ਰਹਿਣਾ ਏ
ਏਥੇ ਹੱਕ ਸੱਚ ਦੀ ਚੋਟ 'ਤੇ ਡੰਕੇ ਵੱਜਣੇ ਈਂ ਵੱਜਣੇ ਨੇ
ਵੱਸਦਾ ਰਹਿਣਾ ਦੇਸ਼ ਪੰਜਾਬ ਕਿ ਮੇਲੇ ਲੱਗਣੇ ਈਂ ਲੱਗਣੇ ਨੇ

ਸਾਡੇ ਪੈਰ ਥਿਰਕਦੇ ਰਹਿਣੇ ਨੇ ਫ਼ਸਲਾਂ ਦੇ ਲਹਿਰਨ 'ਤੇ
ਸਾਡਾ ਮੁੜ੍ਹਕਾ ਬਣ ਦਰਿਆ ਵਹਿਣਾ, ਨਦੀਆਂ ਦੇ ਠਹਿਰਨ 'ਤੇ
ਚੜ੍ਹਨਾ ਰੂਪ ਧਮੱਚੜ ਪਾ ਕੇ ਹਰ ਪੇਂਡੂ, ਹਰ ਸ਼ਹਿਰਨ 'ਤੇ
ਗਿੱਧੇ, ਭੰਗੜੇ, ਝੂੰਮਰ, ਲੁੱਡੀ ਦੇ, ਪਿੜ ਸੱਜਣੇ ਈਂ ਸੱਜਣੇ ਨੇ
ਵੱਸਦਾ ਰਹਿਣਾ ਦੇਸ਼ ਪੰਜਾਬ ਕਿ ਮੇਲੇ ਲੱਗਣੇ ਈਂ ਲੱਗਣੇ ਨੇ

ਚਿੜੀਆਂ ਬਾਜ਼ਾਂ ਤੋਂ ਨਾ ਕੋਇਲਾਂ ਕਾਵਾਂ ਤੋਂ ਘਬਰਾਉਣਗੀਆਂ
ਪਿੱਪਲੀਂ ਪੀਂਘਾਂ ਪਾਉਣ ਵਾਲੀਆਂ ਅੰਬਰਾਂ ਨੂੰ ਵੀ ਗਾਹੁਣਗੀਆਂ
ਜਿੰਨ੍ਹਾਂ ਤਰੇ ਝਨ੍ਹਾ ਕੱਚਿਆਂ 'ਤੇ, ਉਹ ਆਵੇ ਵੀ ਤਾਉਣਗੀਆਂ
ਏਥੇ ਸਦਾਂ ਬਾਨ੍ਹਣੂ ਸਿਦਕਾਂ ਵਾਲ਼ੇ ਬੱਝਣੇ ਈਂ ਬੱਝਣੇ ਨੇ
ਵੱਸਦਾ ਰਹਿਣਾ ਦੇਸ਼ ਪੰਜਾਬ ਕਿ ਮੇਲੇ ਲੱਗਣੇ ਈਂ ਲੱਗਣੇ ਨੇ

ਸਿੱਖਿਆ ਅਸੀਂ ਟੱਕਰਨਾ ਸਿੱਧਿਆਂ ਹੋ ਕੇ ਧੁਰ ਤੋਂ ਕਹਿਰਾਂ ਨੂੰ
ਸਾਨੂੰ ਪਤਾ ਹੈ ਕਿੱਦਾਂ ਲਾਹੀਦੈ ਜ਼ੁਲਮਾਂ ਦੀਆਂ ਗਹਿਰਾਂ ਨੂੰ
ਭਾਜੀ ਅਸੀਂ ਮੋੜਦੇ ਰਹਿਣਾ, ਸਭ ਡਾਇਰਾਂ-ਉਡਵਾਇਰਾਂ ਨੂੰ
ਏਥੇ ਸ਼ੇਰ ਭਗਤ ਸਿੰਘ, ਊਧਮ, ਸਰਾਭੇ, ਗੱਜਣੇ ਈਂ ਗੱਜਣੇ ਨੇ
ਵੱਸਦਾ ਰਹਿਣਾ ਦੇਸ ਪੰਜਾਬ ਕਿ ਮੇਲੇ ਲੱਗਣੇ ਈਂ ਲੱਗਣੇ ਨੇ

ਇਕ ਦਿਨ ਕੰਧ ਕੂੜ ਦੀ ਰਲ਼-ਮਿਲ਼ ਢਾਹਵਾਂਗੇ, ਵਿਸ਼ਵਾਸ ਕਰੋ
ਸੁਕਦੀਆਂ ਨਦੀਆਂ ਨੂੰ ਬਣ ਝਰਨੇ ਚਾਹਵਾਂਗੇ, ਵਿਸ਼ਵਾਸ ਕਰੋ
ਪਾਈ-ਪਾਈ ਇਹਦਾ ਕਰਜ਼ ਚੁਕਾਵਾਂਗੇ, ਵਿਸ਼ਵਾਸ ਕਰੋ
ਪਰਦੇ ਮਾਂ-ਮਿੱਟੀ ਦੇ ਅਸੀਂ ਹਮੇਸ਼ਾਂ ਕੱਜਣੇ ਈ ਕੱਜਣੇ ਨੇ
ਵੱਸਦਾ ਰਹਿਣਾ ਦੇਸ਼ ਪੰਜਾਬ ਕਿ ਮੇਲੇ ਲਗਣੇ ਈਂ ਲੱਗਣੇ ਨੇ

ਰੱਖੀਏ ਮਾਣ ਸਦਾ ਸੁਰਜੀਤ ਸਿਆਂ, ਸੱਜਣਾਂ ਦੇ ਆਖੇ ਦਾ
ਸਾਡਾ ਦੀਨ-ਈਮਾਨ ਮੁਹੱਬਤ ਕਹਿੰਦਾ ਪੁੱਤ ਪਲਾਖੇ ਦਾ
ਸਾਨੂੰ ਫ਼ਰਜ਼ ਨਿਭਾਉਣਾ ਆਉਂਦਾ ਹੈ, ਫ਼ਸਲਾਂ ਦੇ ਰਾਖੇ ਦਾ
ਭੁੱਖੇ ਢਿੱਡ ਜੂਝਣਾ ਜਾਨਣ ਜੋ, ਉਹ ਰੱਜਣੇ ਈਂ ਰੱਜਣੇ ਨੇ
ਵੱਸਦਾ ਰਹਿਣਾ ਦੇਸ਼ ਪੰਜਾਬ ਕੇ ਮੇਲੇ ਲੱਗਣੇ ਈਂ ਲੱਗਣੇ ਨੇ

●●

# ਕੈਸੇ ਧੀਆਂ-ਪੁੱਤਰ ਹਾਂ

ਨਾ ਧੁੱਪ ਸਾਡੀ, ਨਾ ਛਾਂ ਸਾਡੀ
ਨਾ ਧਿਰ ਹੈ ਸ਼ਹਿਰ-ਗਰਾਂ ਸਾਡੀ
ਜਦ ਚਾਹੁੰਦੇ ਗਿਰਵੀ ਰੱਖ ਦੇਂਦੇ
ਉਹ ਮੌਲਣ ਵਾਲ਼ੀ ਥਾਂ ਸਾਡੀ
ਸਾਨੂੰ ਵਾਂਗ ਮਤੇਈਆਂ ਲਗਦੀ ਏ
ਕਿਉਂ ਆਪਣੀ ਮਿੱਟੀ-ਮਾਂ ਸਾਡੀ

ਨਾ ਖੇਤੋਂ ਉੱਗਦੀ ਲੋ ਸਾਡੀ
ਨਾ ਛਿੱਟਿਆਂ ਦੀ ਕਨਸੋ ਸਾਡੀ
ਡੁੱਲ੍ਹ ਮੁੜ੍ਹਕਾ ਮਿੱਟੀਓਂ ਉੱਠਦੀ ਜੋ
ਉਹ ਮਹਿਕ ਵੀ ਸਕੇ ਨਾ ਹੋ ਸਾਡੀ
ਨਾ ਮਾਂ-ਮਿੱਟੀ ਦੀ ਜੂਹ ਸਾਡੀ
ਨਾ ਮਾਂ ਬੋਲੀ ਦੀ ਛੋਹ ਸਾਡੀ

ਸਾਡੀ ਬਾਤ ਵੀ ਸਾਡੀ ਬਾਤ ਨਹੀਂ
ਨਾ ਕੋਈ ਹੁੰਗਾਰਾ ਸਾਡਾ ਏ
ਲਹਿਰਾਂ 'ਤੇ ਸਾਡਾ ਹੱਕ ਨਹੀਂ
ਨਾ ਕੋਈ ਕਿਨਾਰਾ ਸਾਡਾ ਏ
ਸਾਡੇ ਬੋਲ ਵੀ ਸਾਡੇ ਬੋਲ ਨਹੀਂ
ਨਾ ਨਾਂਹ ਸਾਡੀ ਨਾ ਹਾਂ ਸਾਡੀ
ਮਾਂ-ਬੋਲੀਓਂ ਸੱਖਣਾ ਕਿੰਝ ਸੁਣੇ
ਸਾਡਾ ਹੌਕਾ ਮਿੱਟੀ-ਮਾਂ ਸਾਡੀ

ਸਾਡੇ ਗਾਏ ਗੀਤ ਵੀ ਸਾਡੇ ਨਈਂ
ਤੇ ਮਨ ਦੇ ਮੀਤ ਵੀ ਸਾਡੇ ਨਈਂ
ਮਾਂ-ਬੋਲੀਓਂ ਜਾਈ ਅਸੀਸ ਨਹੀਂ
ਮਾਂ-ਮਿੱਟੀ ਦੀ ਬਖ਼ਸ਼ੀਸ਼ ਨਹੀਂ
ਗੁਜਰੇ ਵੀ ਨਹੀਂ, ਸੁਰਜੀਤ ਵੀ ਨਈਂ
ਅਸੀਂ ਹਾਰ ਵੀ ਨਈਂ ਤੇ ਜੀਤ ਵੀ ਨਈਂ
ਬਸ ਗ਼ਲਤ ਸਵਾਲ ਦੇ ਉੱਤਰ ਹਾਂ
ਅਸੀਂ ਕੈਸੇ ਧੀਆਂ-ਪੁੱਤਰ ਹਾਂ
••

# ਯੁੱਧ ਕਿਲ੍ਹੇ ਤੇ ਖੇਤ ਦਾ ਏ

*(ਸੰਘਰਸ਼ੀ ਛਿਣਾਂ ਦੀ ਸ਼ਾਇਰੀ)*

ਹਰ ਹਰਫ਼ ਹੁੰਗਾਰਾ ਬਣ ਤੁਰਿਆ
ਜਦ ਜ਼ਫ਼ਰਨਾਮੇ ਦੀ ਜੂਹ ਵਿੱਚੋਂ
ਹੱਕ-ਸੱਚ, ਇਨਸਾਫ਼, ਅਕੀਦਤ ਦੇ
ਤੁਰ ਪਏ ਕਾਫ਼ਲੇ ਨਾਪਣ ਨੂੰ
ਹਾਕਮ ਦੇ ਹਠ ਦੀ ਹਰ ਹੱਦ ਨੂੰ
ਸਮਿਆਂ ਦੇ ਸਿਤਮ ਦੀ ਸੀਮਾ ਨੂੰ
ਛੰਡ ਝੁਕੇ ਸਿਰਾਂ ਤੋਂ ਖ਼ੁਦਕੁਸ਼ੀਆਂ
ਪਰਚਮ ਲਹਿਰਾ ਕੇ ਜੂਝਣ ਦਾ
ਜਦ ਕੂਚ-ਕਿਸਾਨੀ ਹੋਇਆ ਤਾਂ
ਜੋ ਆਲਮ ਸਮਝੇ ਉਹ ਜਾਨਣ
ਫ਼ਾਜ਼ਿਲ ਜੋ ਮਰਜ਼ੀ ਪਹਿਚਾਨਣ
ਬਸ ਸ਼ਾਇਰ ਦੀ ਅੱਖ ਨੇ ਇਹ ਤੱਕਿਆ
ਉਹਦੇ ਮਨ-ਮਸਤਕ ਨੇ ਇਹ ਪੜ੍ਹਿਆ
ਉਹਦੀ ਕਲਮ-ਕਮਾਨ 'ਚੋਂ ਸ਼ਬਦ-ਬਾਣ
ਇਹ ਕਹਿੰਦੇ ਸਰ-ਸਰ ਸਰਕ ਤੁਰੇ
ਇਹ ਹੱਲਾ ਬੋਲ ਕਿਸਾਨ ਦਾ ਏ
ਇਹ ਯੁੱਧ ਕਿਲ੍ਹੇ ਤੇ ਖੇਤ ਦਾ ਏ
ਨਾ ਖੇਤ ਝੁਕੇ ਨਾ ਪਿੰਡ ਹਾਰੇ
ਜੂਝਣ ਦੀ ਸਲਾਮਤ ਰੀਤ ਰਹੇ
ਇਹ ਯੁੱਧ ਸਦਾ ਸੁਰਜੀਤ ਰਹੇ

# ਯੁੱਧ ਤਖ਼ਤ ਤੇ ਖੇਤ ਦਾ ਏ

ਇਹ ਹੱਲਾ-ਬੋਲ ਕਿਸਾਨ ਦਾ ਏ
ਹੱਕ ਮੰਗਦੇ ਹਰ ਇਨਸਾਨ ਦਾ ਏ
ਵਰ੍ਹਿਆਂ ਤੋਂ ਸੁਲ਼ਗਦੇ ਹਰਖ਼ ਦਾ ਏ
ਸਾਡੀ ਪਲ-ਪਲ ਹੁੰਦੀ ਪਰਖ਼ ਦਾ ਏ
ਮੋਢਿਆਂ ’ਤੇ ਉੱਗਦੇ ਸਿਰਾਂ ਦਾ ਏ
ਯੁੱਧ ਸੱਚੀਆਂ, ਝੂਠੀਆਂ ਧਿਰਾਂ ਦਾ ਏ
ਸੜਕਾਂ, ਰਾਹਾਂ, ਵੱਟ-ਬੰਨ੍ਹਿਆਂ ’ਤੇ
ਹਾਕਮ ਦੀ ਪੁਟੀਂਦੀ ਕਬਰ ਦਾ ਏ
ਅਸੀਂ ਤਰਲੇ ਕੱਢਣ ਨਈਂ ਆਏ
ਇਹ ਯੁੱਧ ਸਿਤਮ ਤੇ ਸਬਰ ਦਾ ਏ

ਇਹ ਯੁੱਧ ਲੁੱਟ ਹੁੰਦੀ ਫ਼ਸਲ ਦਾ ਏ
ਰੋਲ਼ੀ ਜਾਂਦੀ ਹਰ ਨਸਲ ਦਾ ਏ
ਪਿਓ-ਬਾਬੇ, ਦਾਦੀ-ਨਾਨੀ ਦਾ
ਇਹ ਯੁੱਧ ਹੈ ਸਤੀ ਜਵਾਨੀ ਦਾ
ਜੋ ਗ਼ਦਰੀ ਬਾਬੇ ਬੀਜ ਗਏ
ਉੱਗਦਾ ਜੋ ਹੁਸੈਨੀ ਵਾਲ਼ੇ ਤੋਂ

ਸਾਡੇ ਮੱਥਿਆਂ ਵਿਚ ਉਸ ਚਾਨਣ ਦੇ
ਪਲ-ਪਲ ਹੁੰਦੇ ਪ੍ਰਵੇਸ਼ ਦਾ ਏ,
ਅਸੀਂ ਮੇਲਾ ਵੇਖਣ ਨਈਂ ਆਏ
ਇਹ ਯੁੱਧ ਦਿੱਲੀ 'ਤੇ ਦੇਸ਼ ਦਾ ਏ

ਇਹ ਯੁੱਧ ਬੰਦੇ ਦੇ ਬੰਦਿਆਂ ਦਾ
ਇਹ ਯੁੱਧ ਲੱਦੀ ਦੇ ਦੁੱਲਿਆਂ ਦਾ
ਨਾਨਕ, ਰਵਿਦਾਸ, ਕਬੀਰ ਸਣੇ
ਇਹ ਯੁੱਧ ਵਾਰਸਾਂ-ਬੁੱਲ੍ਹਿਆਂ ਦਾ
ਇਹ ਯੁੱਧ ਹੈ ਕੱਚੀਆਂ ਗੜ੍ਹੀਆਂ ਦਾ
ਇਹ ਯੁੱਧ ਕਿਤਾਬਾਂ ਪੜ੍ਹੀਆਂ ਦਾ
ਹੈ ਸੱਚ ਸਦੀਵੀ ਸਮਿਆਂ ਦਾ
ਤੇ ਉਜਰ ਅਗੇਤ-ਪਛੇਤ ਦਾ ਏ
ਇਹ ਯੁੱਧ ਹਲ਼ਾਂ-ਹਥਿਆਰਾਂ ਦਾ
ਇਹ ਯੁੱਧ ਤਖ਼ਤ ਤੇ ਖੇਤ ਦਾ ਏ

ਇਹ ਹਿੰਦ ਪੰਜਾਬ ਦਾ ਜੰਗ ਨਹੀਂ
ਇਹ ਯੁੱਧ ਮਹਿਲਾਂ ਤੇ ਕੁੱਲੀਆਂ ਦਾ
ਜੋ ਵਰ੍ਹਿਆਂ ਤੋਂ ਸੀ ਚੁੱਪ ਪਈਆਂ
ਇਹ ਯੁੱਧ ਹੁਣ ਖੁੱਲ੍ਹੀਆਂ ਬੁੱਲ੍ਹੀਆਂ ਦਾ
ਇਹ ਯੁੱਧ ਹੈ ਉੱਠੀਆਂ ਬਾਹਵਾਂ ਦਾ
ਇਹ ਯੁੱਧ ਹੈ ਤਣਿਆਂ ਮੁੱਕਿਆਂ ਦਾ
ਯੁੱਧ ਜ਼ਹਿਰੀ ਕੀਤੀਆਂ ਪੌਣਾਂ ਦਾ
ਇਹ ਯੁੱਧ ਦਰਿਆਵਾਂ ਸੁੱਕਿਆਂ ਦਾ

ਹਰ ਪਿੰਡ, ਹਰ ਸ਼ਹਿਰ 'ਚ ਉੱਗ ਆਏ
ਯੁੱਧ ਜੱਲ੍ਹਿਆਂ ਵਾਲ਼ੇ ਬਾਗ਼ ਦਾ ਏ
ਇਹ ਯੁੱਧ ਉਹ ਯੁੱਧ ਹੈ ਜੋ ਹਰ ਪਲ
ਸਿਰ ਤੋਂ ਪੈਰਾਂ ਤਕ ਜਾਗਦਾ ਏ

ਇਸ ਯੁੱਧ ਨੇ ਸਾਨੂੰ ਜਣਨਾ ਏਂ
ਇਸ ਯੁੱਧ ਨੇ ਸਾਨੂੰ ਘੜਨਾ ਏਂ
ਇਕ-ਇਕ ਡੰਡਾ ਕਰ ਅਸੀਂ ਅਜੇ
ਇਸ ਯੁੱਧ ਦੀ ਪੌੜੀ ਚੜ੍ਹਨਾ ਏਂ
ਇਹ ਯੁੱਧ ਮਾਇਆ ਤੇ ਮੋਹ ਦਾ ਏ
ਯੁੱਧ ਦਬਕੇ ਅਤੇ ਦੁਲਾਰ ਦਾ ਏ
ਇਹ ਯੁੱਧ ਲੋਕਾਂ ਤੇ ਦੇਸ਼ ਦਾ ਨਈਂ
ਯੁੱਧ ਰਈਅਤ ਤੇ ਸਰਕਾਰ ਦਾ ਏ
ਹੱਕ-ਸੱਚ ਲਈ ਘਾਲ਼ੀਆਂ ਘਾਲ਼ਾਂ 'ਚੋਂ
ਸੁਰਜੀਤ ਹੋਈ ਹਰ ਰੀਤ ਦਾ ਏ
ਇਹ ਯੁੱਧ ਹਾਰਾਂ ਦਰ ਹਾਰਾਂ 'ਚੋਂ
ਨਿਸਚੈ ਕਰ ਆਪਣੀ ਜੀਤ ਦਾ ਏ
ਰਣ-ਖੇਤ ਹੈ ਜੂਝਣ ਵਾਲ਼ਿਆਂ ਲਈ
ਤੇ ਸਬਕ ਹੈ ਹਠੀ ਹਨੇਰ ਲਈ
ਨੀਂਦਰ ਤੋਂ ਉੱਠਿਆਂ ਖੇਤਾਂ ਦਾ
ਇਹ ਯੁੱਧ ਹੈ ਨਵੀਂ ਸਵੇਰ ਲਈ... ...

••

# ਜਾਗੇ ਹੋਏ ਖੇਤ

ਜਾਗੇ ਹੋਏ ਖੇਤ ਮਸ਼ਾਲਾਂ ਬਾਲ਼ ਤੁਰੇ
ਹਲ਼, ਹਥੌੜਾ, ਕਾਨੀ, ਨਾਲ਼ੋ-ਨਾਲ਼ ਤੁਰੇ
ਇਹ ਕੌਤਕ ਵੀ ਪਿੰਡ ਮੇਰੇ ਨੇ ਤੱਕਿਆ ਏ
ਹਰ ਇਕ ਭਟਕੀ ਰਾਹ ਨੂੰ, ਪੈਰ ਸੰਭਾਲ਼ ਤੁਰੇ

ਹਰ ਪਿੰਡ ਦੀ ਹਰ ਬਾਹੀਓਂ, ਡਾਰ ਚਿਰਾਗ਼ਾਂ ਦੀ
ਨਿਕਲੀ ਵਾਗ ਸੰਭਾਲ ਆਪਣੇ ਭਾਗਾਂ ਦੀ
ਹਿੰਮਤੀ ਜੁਗਨੂੰ ਹਰ ਅਣਹੋਣੀ ਟਾਲ਼ ਤੁਰੇ
ਜਾਗੇ ਹੋਏ ਖੇਤ ਮਸ਼ਾਲਾਂ ਬਾਲ਼ ਤੁਰੇ

ਸ਼ਹਿਰਾਂ ਦੀ ਵੱਖੀ 'ਚੋਂ ਉੱਠੀਆਂ ਰੌਸ਼ਨੀਆਂ
ਮੋਢੀਂ ਝੰਡੇ, ਸੁਰਖ਼ ਚਿਮਨੀਆਂ ਦਮਕਦੀਆਂ
ਬਣ ਕੇ ਹੱਕ, ਹੱਕਾਂ ਦੇ ਸਾਂਝੀਵਾਲ਼ ਤੁਰੇ
ਜਾਗੇ ਹੋਏ ਖੇਤ ਮਸ਼ਾਲਾਂ ਬਾਲ਼ ਤੁਰੇ

ਔਹ, ਇਕ ਰੁੱਖ ਨੇ ਪਿੰਡਿਓਂ ਲਾਸ਼ ਉਤਾਰੀ ਏ
ਕਹਿੰਦਾ, ਇਹ ਫੁੱਲ ਮੇਰੇ ਲਈ ਅਤਿ ਭਾਰੀ ਏ
ਸੁਣਦਿਆਂ ਹੀਂ ਸਭ ਫੁੱਲ ਬਣਾ ਕੇ ਪਾਲ਼ ਤੁਰੇ
ਜਾਗੇ ਹੋਏ ਖੇਤ ਮਸ਼ਾਲਾਂ ਬਾਲ਼ ਤੁਰੇ

ਨਾ ਏਨ੍ਹਾਂ ਲਈ ਕਿਲ੍ਹੇ-ਕੋਟ ਦੀਆਂ ਓਟਾਂ ਨੇ
ਨਾ ਹਾਕਮ ਦੀ ਹੁਕਮਗਿਰੀ ਦੀਆਂ ਛੋਟਾਂ ਨੇ
ਇਹ ਸਭ ਬਣ ਕੇ ਇਕ ਦੂਜੇ ਦੀ ਢਾਲ਼ ਤੁਰੇ
ਜਾਗੇ ਹੋਏ ਖੇਤ ਮਸ਼ਾਲਾਂ ਬਾਲ਼ ਤੁਰੇ

ਅੰਨ ਜਾਗਿਆ ਕਿਰਤ ਦੀ ਅਜ਼ਮਤ ਜਾਗ ਪਈ
ਸ਼ਬਦਾਂ ਦੀ ਸੁੱਚ ਧੋਂਦੀ ਕੂੜ ਦੇ ਦਾਗ਼ ਪਈ
ਰਲ਼ ਮਿਲ਼ ਸਾਰੇ ਲੂਹ ਨੇਰ੍ਹੇ ਦੇ ਜਾਲ਼ ਤੁਰੇ
ਜਾਗੇ ਹੋਏ ਖੇਤ ਮਸ਼ਾਲਾਂ ਬਾਲ਼ ਤੁਰੇ

ਹੱਕ ਲਈ ਜਗਣ-ਮਘਣ ਦੀ ਤੁਰਦੀ ਰੀਤ ਰਹੇ
ਸ਼ਾਲਾ! ਇਹ ਲੋਅ ਜੁੱਗੋ-ਜੁੱਗ ਸੁਰਜੀਤ ਰਹੇ
ਇਸ ਵਿਚ ਰੌਸ਼ਨ-ਰੌਸ਼ਨ ਹੋ ਤ੍ਰੈਕਾਲ਼ ਤੁਰੇ
ਜਾਗੇ ਹੋਏ ਖੇਤ ਮਸ਼ਾਲਾਂ ਬਾਲ਼ ਤੁਰੇ

●●

# ਜਿਉਂਦੇ ਰਹਿਣ ਦਾ ਸਵਾਲ

ਜਿਉਂਦਿਆਂ ਦੇ ਵਾਂਗ, ਜਿਉਂਦੇ ਰਹਿਣ ਦਾ ਸਵਾਲ ਹੈ
ਕਾਮਿਆਂ ਦਾ ਯੁੱਧ ਮਾਇਆਧਾਰੀਆਂ ਦੇ ਨਾਲ਼ ਹੈ

ਫ਼ਸਲਾਂ ਦੀ ਨੀਅਤ 'ਤੇ, ਸ਼ੱਕ ਹੋਣ ਤਕ ਦਾ
ਹਾਲ਼ੀਆਂ ਦੇ ਹੱਕ ਤੋਂ ਨਿਹੱਕ ਹੋਣ ਤਕ ਦਾ
ਨਿਛਿਆਂ ਦੇ ਪਾਣੀ ਦੇ ਤਰੱਕ ਹੋਣ ਤਕ ਦਾ
ਫੂਕਣਾ ਹੀ ਪੈਣਾ ਸਾਨੂੰ, ਤਾਜਰਾਂ ਦਾ ਜਾਲ਼ ਹੈ
ਕਾਮਿਆਂ ਦਾ ਯੁੱਧ ਮਾਇਆਧਾਰੀਆਂ ਦੇ ਨਾਲ਼ ਹੈ

ਹੁਣ ਅਸੀਂ ਠੱਗਾਂ ਨੂੰ ਸੱਜਣ ਨਹੀਂ ਮੰਨਣਾ
ਮੋਦੀਆਂ ਤੇ ਸ਼ਾਹਾਂ ਦਾ ਚੁਰਾਹੇ ਭਾਂਡਾ ਭੰਨਣਾ
ਭਾਗੋਆਂ ਦੇ ਭਾਗ ਵਿਚ ਲਿਖ ਦਿੱਤੇ ਜਿਨ੍ਹਾਂ ਸਾਡੇ
ਖੇਤ-ਖਲਵਾੜੇ, ਘਰ-ਬਾਰ, ਜਰ-ਮਾਲ ਹੈ
ਕਾਮਿਆਂ ਦਾ ਯੁੱਧ ਮਾਇਆਧਾਰੀਆਂ ਦੇ ਨਾਲ਼ ਹੈ

ਅਸੀਂ ਕੋਈ ਕਿਲ੍ਹੇ-ਕੋਟ, ਮਹਿਲ ਨਈਂ ਉਸਾਰਨੇ
ਤਖ਼ਤਾਂ ਲਈ ਯੁੱਧ, ਨਾ ਹੀ ਜਿੱਤਣੇ ਨਾ ਹਾਰਨੇ,
ਦਾਤੀਆਂ, ਹਥੌੜੇ, ਹਲ਼, ਸਾਡੇ ਹਥਿਆਰ ਨੇ

ਹੱਕ-ਸੱਚ ਸਾਡਾ ਇੱਕੋ-ਇੱਕ ਭਾਈਵਾਲ਼ ਹੈ
ਕਾਮਿਆਂ ਦਾ ਯੁੱਧ, ਮਾਇਆਧਾਰੀਆਂ ਦੇ ਨਾਲ਼ ਹੈ

ਬੇਗ਼ਮਪੁਰੇ ਦਾ ਸਾਡੇ ਮੱਥਿਆਂ 'ਚ ਖ਼ਾਬ ਹੈ
ਬਾਬਿਆਂ ਦੀ ਬਖ਼ਸ਼ੀ ਰਬਾਬ ਹੈ, ਕਿਤਾਬ ਹੈ
ਅੱਖੀਆਂ ਅਸਾਡੀਆਂ 'ਚ ਜਾਗਦਾ 'ਜ਼ਫ਼ਰਨਾਮਾ'
ਸੰਗ-ਸਾਥ ਸਾਡੇ ਸੁੱਚੇ ਸ਼ਬਦਾਂ ਦੀ ਢਾਲ਼ ਹੈ
ਕਾਮਿਆਂ ਦਾ ਯੁੱਧ, ਮਾਇਆਧਾਰੀਆਂ ਦੇ ਨਾਲ਼ ਹੈ

ਸਾਡਾ ਇਕਬਾਲੀਆ ਬਿਆਨ ਹੈ ਇਹ, ਸੁਣ ਲੈ
ਲੋਕ-ਯੁੱਧੋਂ 'ਸੁਰਜੀਤ' ਗਿਆਨ ਹੈ ਇਹ, ਸੁਣ ਲੈ
ਪੀੜ੍ਹੀ-ਦਰ-ਪੀੜ੍ਹੀ ਇਮਤਿਹਾਨ ਹੈ ਇਹ, ਸੁਣ ਲੈ
ਸਮਝ ਨਾ ਬੈਠੀਂ ਕਿ ਇਹ ਵਕਤੀ ਉਬਾਲ ਹੈ
ਕਾਮਿਆਂ ਦਾ ਯੁੱਧ, ਮਾਇਆਧਾਰੀਆਂ ਦੇ ਨਾਲ਼ ਹੈ

●●

# ਮੱਥਾ ਲਾਉਣ ਆ ਗਏ

ਆਲ੍ਹਣੇ ਲਈ ਰੁੱਖ ਨੂੰ ਬਚਾਉਣ ਲਈ ਆ ਗਏ
ਹਲ਼ ਹਥਿਆਰਾਂ ਨਾਲ਼ ਮੱਥਾ ਲਾਉਣ ਆ ਗਏ

ਆ ਗਈਆਂ ਸਬਾਤਾਂ ਤਕ ਤਾਜ ਦੀਆਂ ਠੱਗੀਆਂ
ਸ਼ਰੇਆਮ ਇੱਜ਼ਤਾਂ ਨਿਲਾਮ ਹੋਣ ਲੱਗੀਆਂ
ਡਾਢ੍ਹੇ ਜਦੋਂ ਘਰਾਂ ਦੇ ਬਨੇਰੇ ਢਾਹੁਣ ਆ ਗਏ
ਹਲ਼, ਹਥਿਆਰਾਂ ਨਾਲ਼ ਮੱਥਾ ਲਾਉਣ ਆ ਗਏ

ਲੋਟੂਆਂ ਦਾ ਸੰਗ ਕੀਤਾ ਹਾਕਮਾਂ ਕੁਸੰਗੀਆਂ
ਖੇਤਾਂ ਉੱਤੇ ਅੱਖ ਰੱਖੀ ਨਵਿਆਂ ਫ਼ਰੰਗੀਆਂ
ਸੁਪਨੇ ਦਿਖਾ ਕੇ ਝੂਠੇ, ਪ੍ਰਚਾਉਣ ਆ ਗਏ
ਅੱਕੇ ਖੇਤ ਮਾਇਆ ਨਾਲ਼ ਮੱਥਾ ਲਾਉਣ ਆ ਗਏ

ਥੋੜ੍ਹਾਂ ਦੀਆਂ ਸਾਥੋਂ ਦੱਸ ਹੋਣ ਨਾ ਕਹਾਣੀਆਂ
ਪਹਿਲਾਂ ਖੰਭ ਖੋਹੇ, ਹੁਣ ਖੋਹਣ ਲੱਗੇ ਟਾਹਣੀਆਂ
ਮਿੱਟੀ ਮਾਂ ਦੀ ਹਿੱਕ ਨੂੰ ਜਦੋਂ ਉਹ ਤਾਉਣ ਆ ਗਏ
ਹੰਝੂ ਅੰਗਿਆਰਾਂ ਨਾਲ਼ ਮੱਥਾ ਲਾਉਣ ਆ ਗਏ

ਲਹਿਰਾਂ ਬਣ ਜਦੋਂ ਵੀ ਪਸੀਨਾ ਠਿੱਲ ਪੈਂਦਾ ਏ
ਜੱਗ ਤਾਂ ਕੀ, ਰੱਬ ਦਾ ਤਖ਼ਤ ਹਿੱਲ ਪੈਂਦਾ ਏ
ਤਖ਼ਤਾਂ ਤੇ ਤਾਜਰਾਂ ਨੂੰ ਸਮਝਾਉਣ ਆ ਗਏ
ਹਲ਼, ਹਥਿਆਰਾਂ ਨਾਲ਼, ਮੱਥਾ ਲਾਉਣ ਆ ਗਏ

ਜੀਣ ਜੋਗੇ ਹੋਣ ਦੀ ਚਾਹ ਜਾਗੀ ਅੰਗ-ਅੰਗ ਵਿਚ
ਖ਼ੁਦਕੁਸ਼ੀ ਰੰਗੀ ਗਈ, ਸ਼ਹਾਦਤਾਂ ਦੇ ਰੰਗ ਵਿਚ
ਜਾਗੇ ਖੇਤ ਜੱਗ ਨੂੰ ਜਗਾਉਣ ਲਈ ਆ ਗਏ
ਹਲ਼, ਹਥਿਆਰਾਂ ਨਾਲ ਮੱਥਾ ਲਾਉਣ ਆ ਗਏ

ਹੋਈ 'ਸੁਰਜੀਤ' ਮਿੱਟੀ ਮਾਂ ਦੀ ਅਸੀਸ ਹੁਣ
ਹੱਕ ਦੇ ਨਿਸ਼ਾਨ ਬਣ, ਝੂਲਦੇ ਨੇ ਸੀਸ ਹੁਣ
ਕਿਰਤੀ ਦਾ ਕੌਮੀ ਗੀਤ ਗਾਉਣ ਲਈ ਆ ਗਏ
ਹਲ਼, ਹਥਿਆਰਾਂ ਨਾਲ਼ ਮੱਥਾ ਲਾਉਣ ਆ ਗਏ

••

# ਜਿੰਨੀ ਦੂਰ ਸਵੇਰਾ ਏ

ਮੇਰੇ ਪਿੰਡੀਂ ਰਾਤ ਪਈ ਏ, ਚਾਰੋ ਕੂਟ ਹਨੇਰਾ ਏ
ਮੈਨੂੰ ਓਨਾ ਜਗਣਾ ਪੈਣਾ, ਜਿੰਨੀ ਦੂਰ ਸਵੇਰਾ ਏ

ਭਾਵੇਂ ਸੁੱਤਿਆਂ ਖੇਤਾਂ ਨੇ ਕੁਝ ਕੁ ਅੰਗੜਾਈਆਂ ਲਈਆਂ ਨੇ
ਕਿਤਿਓਂ-ਕਿਤਿਓਂ ਜਾਗ ਪੈਣ ਦੀਆਂ, ਕੰਨੀ ਸੋਆਂ ਪਈਆਂ ਨੇ
ਸੱਚ ਮੁੱਚ ਬੜਾ ਸੁਲੱਖਣਾ ਹੈ ਇਹ, ਡਰ-ਡਰ ਕੇ ਮੈਂ ਤੱਕਣਾ ਹੈ ਇਹ
ਇਸ ਸੁਪਨੇ ਦੇ ਟੁੱਟ ਜਾਣ ਦਾ, ਹਾਲੇ ਖੌਫ਼ ਵਡੇਰਾ ਏ
ਮੈਨੂੰ ਓਨਾ ਜਗਣਾ ਪੈਣਾ, ਜਿੰਨੀ ਦੂਰ ਸਵੇਰਾ ਏ

ਸੜਕਾਂ ਉੱਤੇ ਕਾਫ਼ਲਿਆਂ ਨੇ, ਭੀੜਾਂ ਨੂੰ ਛੁਟਿਆ ਦਿੱਤਾ ਏ
ਅੰਧ-ਰਾਜ ਦੀਆਂ ਹਾਬੜ ਗਈਆਂ, ਹੇੜਾਂ ਨੂੰ ਦਬਕਾ ਦਿੱਤਾ ਏ
ਕੁਝ ਨਾ ਕੁਝ ਧਰਵਾਸ ਜਿਹਾ ਹੈ, ਆਪਣੇ 'ਤੇ ਵਿਸ਼ਵਾਸ ਜਿਹਾ ਹੈ,
ਤਖ਼ਤ-ਧੌਂਸ ਤੋਂ ਮੁਕਤ ਹੋਣ ਦਾ, ਪੰਧ ਪਰ ਬਹੁਤ ਲੰਮੇਰਾ ਏ
ਮੈਨੂੰ ਓਨਾ ਜਗਣਾ ਪੈਣਾ, ਜਿੰਨੀ ਦੂਰ ਸਵੇਰਾ ਏ

ਆਪਣਿਆਂ 'ਚੋਂ ਆਪਣੇ ਵਰਗਾ, ਗ਼ੈਰਾਂ ਵਾਂਗ ਖਲੋ ਸਕਦਾ ਏ
ਸਰਘੀ ਦੇ ਸੱਜਰੇ ਸੂਰਜ ਨੂੰ, ਗਰਜ਼-ਗ੍ਰਹਿਣ ਵੀ ਪੋਹ ਸਕਦਾ ਏ
ਨੀਂਹ ਵੀ ਆਪਾ ਖੋਹ ਸਕਦੀ ਏ, ਪੱਕੀ ਛੱਤ ਵੀ ਚੋਅ ਸਕਦੀ ਏ

ਦਰੋ–ਦੀਵਾਰਾਂ ਛਲ਼ ਸਕਦੇ ਨੇ, ਭਾਵੇਂ ਸਾਥ ਘਨੇਰਾ ਏ
ਮੈਨੂੰ ਓਨਾ ਜਗਣਾ ਪੈਣਾ, ਜਿੰਨੀ ਦੂਰ ਸਵੇਰਾ ਏ

ਗਿਰਗਿਟ ਅਤੇ ਛਲੇਡੇ ਸਾਰੇ, ਉਹਦੇ ਸਾਹੀਂ ਸਾਹ ਲੈਂਦੇ ਨੇ
ਉਹਦੀ ਸ਼ਹਿ ’ਤੇ ਕੁੱਲ ਦੁਨੀਆਂ ਦੇ, ਸ਼ਕੁਨੀ ਲਾ ਕੇ ਸ਼ਹਿ ਬਹਿੰਦੇ ਨੇ
ਮਾਇਆਧਾਰੀਆਂ ਦੀ ਹਮਜੋਲੀ, ਉਹਦੇ ਭੰਡਬਾਜ਼ਾਂ ਦੀ ਟੋਲੀ
ਬਦਲ ਦਵੇ ਕੋਇਲਾਂ ਦੀ ਬੋਲੀ, ਇਹੋ ਤੌਖ਼ਲਾ ਮੇਰਾ ਏ
ਮੈਨੂੰ ਓਨਾ ਜਗਣਾ ਪੈਣਾ ਜਿੰਨੀ ਦੂਰ ਸਵੇਰਾ ਏ।

ਮੇਰੇ ਪਿੰਡੀਂ ਰਾਤ ਹੈ ਭਾਵੇਂ ਤੇ ਗੂੜ੍ਹੇ ਅੰਧਿਆਰੇ ਵੀ
ਪਰ ਇਹਦੇ ਵਿਚ ਚੰਨ ਵੀ ਤਾਂ ਹੈ, ਤੇ ਰੌਸ਼ਨ–ਚਿੱਤ ਤਾਰੇ ਵੀ
ਮਨ–ਜੁਗਨੂੰ ਕਰਦੇ ਝਿਲਮਿਲ ਨੇ, ਵਾਂਗ ਚਿਰਾਗ਼ਾਂ ਜਗਦੇ ਦਿਲ ਨੇ,
ਬਸ ਮੇਰੇ ਸੁਰਜੀਤ ਰਹਿਣ ਲਈ, ਏਹੋ ਸਾਥ ਬਥੇਰਾ ਏ
ਮੈਨੂੰ ਓਨਾ ਜਗਣਾ ਪੈਣਾ, ਜਿੰਨੀ ਦੂਰ ਸਵੇਰਾ ਏ।

••

## ਖੇਤ ਚੂੰਡ ਕੇ ਖਾ ਗਏ ਉਹ

ਅਸੀਂ ਵੱਟ-ਬੰਨ੍ਹਿਆਂ ਲਈ ਲੜੀ ਗਏ, ਸਾਡੇ ਖੇਤ ਚੂੰਡ ਕੇ ਖਾ ਗਏ ਉਹ
ਅਸੀਂ ਮੁੱਦਤਾਂ ਪਿੱਛੋਂ ਹੁਣ ਜਾਗੇ, ਜਦ ਦੇਸ਼ ਹੀ ਗਹਿਣੇ ਪਾ ਗਏ ਉਹ

ਕਰ ਮਕਰ-ਬਹਾਨੇ ਵਾੜਾਂ ਦੇ, ਵਲ਼ਗਣ ਤੇ ਵਲ਼ਗਣ ਵਲ਼ੀ ਗਏ
ਉਹ ਯਾਰ ਫ਼ਰੰਗੀ ਧਾੜਾਂ ਦੇ, ਸਾਨੂੰ ਰਹਿਬਰ ਬਣ ਕੇ ਛਲ਼ੀ ਗਏ
ਉਹ ਛਲ਼ੀ ਗਏ, ਅਸੀਂ ਟਲ਼ੀ ਗਏ, ਤੇ ਅੰਦਰੋ-ਅੰਦਰੀ ਬਲ਼ੀ ਗਏ
ਬਲ਼ੀ ਗਏ, ਬਸ ਬਲ਼ੀ ਗਏ, ਰਲ਼ ਐਸੇ ਭੱਠ ਤਪਾ ਗਏ ਉਹ
ਅਸੀਂ ਮੁੱਦਤਾਂ ਪਿੱਛੋਂ ਤਦ ਜਾਗੇ, ਜਦ ਦੇਸ਼ ਹੀ ਗਹਿਣੇ ਪਾ ਗਏ ਉਹ

ਓਨ੍ਹਾਂ ਆਲ੍ਹਣੇ ਢਾਏ੍ਹ ਚੁੱਪ ਰਹੇ, ਓਨ੍ਹਾਂ ਬਿਰਖ਼ ਕਟਾਇਆ ਚੁੱਪ ਰਹੇ
ਓਨ੍ਹਾਂ ਬਾਗ਼ ਵਿਕਾਏ ਚੁੱਪ ਰਹੇ, ਜੰਗਲ਼, ਹਥਿਆਇਆ ਚੁੱਪ ਰਹੇ
ਹਥਿਆਈ ਗਏ, ਹਥਿਆਈ ਗਏ, ਜਲ ਡੀਕੀ, ਧਰਤੀ ਖਾਈ ਗਏ
ਖੋਹ ਅਗਨੀ, ਪੌਣਾਂ ਪੀ ਲਈਆਂ, ਅੰਬਰ ਤਕ ਵੰਡ ਵੰਡਾ ਗਏ ਉਹ
ਅਸੀਂ ਜਾਗੇ ਵੀ ਤਾਂ ਕਦ ਜਾਗੇ, ਜਦ ਦੇਸ਼ ਹੀ ਗਹਿਣੇ ਪਾ ਗਏ ਉਹ

ਫ਼ਸਲਾਂ ਦੇ ਹੋਏ ਚੀਰਹਰਨ, ਅਸੀਂ ਭੀਸ਼ਮ ਬਣ ਕੇ ਖੜ੍ਹੇ ਰਹੇ
ਨਾ ਚੁਣਿਆਂ ਖ਼ੁਦ ਲਈ ਜੀਣ-ਮਰਨ, ਬਸ ਦੜੇ ਰਹੇ ਤੇ ਦੜੇ ਰਹੇ
ਘਰ-ਘੁਰਨਿਆ ਦੇ ਵਿੱਚ ਦੜੇ ਰਹੇ, ਬਣ ਤੋਤੇ ਪਿੰਜਰੇ ਤੜੇ ਰਹੇ

ਅਸੀਂ ਤੜੇ ਰਹੇ ਤੇ ਤੜਿਆਂ ਨੂੰ, ਅਰਸ਼ਾਂ ਦੇ ਖ਼ਾਬ ਦਿਖਾ ਗਏ ਉਹ,
ਅਸੀਂ ਮੁੱਦਤਾਂ ਪਿੱਛੋਂ ਹੁਣ ਜਾਗੇ, ਜਦ ਦੇਸ਼ ਹੀ ਗਹਿਣੇ ਪਾ ਗਏ ਉਹ

ਹੁਣ ਇਕ-ਇਕ ਰੁੱਖ ਨੂੰ ਰੋਣ ਲਈ, ਵਰ੍ਹਿਆਂ ਦੇ ਵਰ੍ਹੇ ਲੱਗ ਜਾਣੇ ਨੇ
ਕਾਲ਼ਖ਼ ਦੇ ਧੱਬੇ ਧੋਣ ਲਈ, ਵਰ੍ਹਿਆਂ ਦੇ ਵਰ੍ਹੇ ਲੱਗ ਜਾਣੇ ਨੇ
ਵਰ੍ਹਿਆਂ ਦੇ ਵਰ੍ਹੇ, ਆਪਾਂ ਨਾ ਵਰ੍ਹੇ, ਸਾਡਾ ਰਾਹ ਵਿੰਹਦੇ ਰਏ੍ਹ ਖੇਤ ਹਰੇ
ਸਭ ਖੇਤ ਹਰੇ, ਰਏ੍ਹ ਡਰੇ-ਡਰੇ, ਤੇ ਡਰੇ-ਡਰੇ ਮੁਰਝਾ ਗਏ ਉਹ
ਅਸੀਂ ਮੁੱਦਤਾਂ ਪਿੱਛੋਂ ਹੁਣ ਜਾਗੇ, ਜਦ ਦੇਸ਼ ਹੀ ਗਹਿਣੇ ਪਾ ਗਏ ਉਹ

ਇਹ ਵੀ ਤਾਂ ਘੜੀ ਸੁਲੱਖਣੀ ਏਂ, ਸਾਡੀ ਅੱਖ ਖੁੱਲ੍ਹੀ, ਸਦ ਸੁੱਖ ਹੋਵੇ
ਹੁਣ ਚਿਣਗ ਇਹ ਮਘਦੀ ਰੱਖਣੀ ਏਂ, ਬੇਨੂਰ ਨਾ ਕੋਈ ਕੁੱਖ ਹੋਵੇ
ਸਦ-ਸੁੱਖ ਹੋਵੇ, ਧੰਨ ਕੁੱਖ ਹੋਵੇ, ਸੁਰਜੀਤ ਉਹ ਰੌਸ਼ਨ ਮੁੱਖ ਹੋਵੇ
ਜਿਸ ਮੁੱਖ ਦੇ ਅਕਸਾਂ ਤੋਂ ਡਰਦੇ, ਹਰ ਸ਼ੀਸ਼ੇ ਨੂੰ ਧੁੰਧਲਾ ਗਏ ਉਹ
ਅਸੀਂ ਮੁੱਦਤਾਂ ਪਿੱਛੋਂ ਹੁਣ ਜਾਗੇ, ਜਦ ਦੇਸ਼ ਹੀ ਗਹਿਣੇ ਪਾ ਗਏ ਉਹ

••

# ਯੁੱਧ ਸੁਰਜੀਤ ਰਹੇ

ਰਲ਼ ਕਾਫ਼ਲੇ ਗਾਉਂਦੇ ਨੇ... ... ... ...
ਨੇੜੇ ਹੋ ਕੇ ਰੱਬ ਸੁਣਦਾ, ਪਿੰਡ ਬਾਤਾਂ ਪਾਉਂਦੇ ਨੇ

ਸੁਣ ਮਿੱਟੀਏ ਪੰਜਾਬ ਦੀਏ ... ... ... ...
ਵਰ ਦੇ-ਦੇ ਜੂਝਣ ਦਾ, ਮਹਿਕੇ ਨੀ ਗ਼ੁਲਾਬ ਦੀਏ

ਜਿਹਲਮ ਦੀਏ ਜੂਹੇ ਨੀ ... ... ... ...
ਸੱਥ 'ਚ ਮਸ਼ਾਲਾਂ ਜਗੀਆਂ, ਹੁਣ ਢੁਪਦੇ ਨਾ ਬੂਹੇ ਨੀ

ਪਾਣੀ ਵੇ ਚਨਾਬ ਦਿਓ ... ... ... ...
ਸਾਨੂੰ ਫੇਰ ਮੁਹਿੰਮਾਂ ਨੇ, ਧੀਓ-ਪੁੱਤਰੋ ਪੰਜਾਬ ਦਿਓ

ਰਾਵੀ ਦੀਆਂ ਰਮਜ਼ਾਂ ਨੇ ... ... ... ...
ਸਰਹੱਦਾਂ ਕੀ ਚਾਹੁੰਦੀਆਂ, ਸਾਨੂੰ ਵੀ ਸਮਝਾਂ ਨੇ

ਮਾਣ-ਮੱਤਾ ਹੋ ਬਿਆਸ ਗਿਆ ... ... ... ...
ਆਉਂਦੇ ਜਾਂਦੇ ਵੇਖ ਕਾਫ਼ਲੇ, ਜਿਉਂਦਾ ਹੋ ਇਤਿਹਾਸ ਗਿਆ

ਸਤਲੁੱਜ ਦੀਏ ਵ੍ਹਾਏ ਨੀ … … … …
ਸੁਪਨੇ ਸ਼ਹਾਦਤ ਦੇ ਸਾਨੂੰ ਖੁੱਲ੍ਹੀ ਅੱਖੀਂ ਆਏ ਨੀ

ਘੱਗਰ ਦੀਏ ਘਾਰੇ ਨੀ … … … …
ਫੁੱਲਾਂ ਵਾਂਗੂ ਲੋਕਾਂ ਚੁੱਕ ਲਏ, ਸੈਆਂ ਪੱਥਰ ਭਾਰੇ ਨੀ

ਜੋਗੀ ਭੁੱਲ ਗਏ ਮੁੰਦਰਾਂ ਨੂੰ … … … …
ਮਾਰਕੰਡਾ ਵੇਖੇ ਖੌਲਦੇ, ਸ਼ਾਹ-ਰਾਹ ’ਤੇ ਸਮੁੰਦਰਾਂ ਨੂੰ

ਯਮੁਨਾ ਦੀਏ ਕੰਨੀਏ ਨੀ … … … …
ਆ ਜਾ ਆਪਾਂ ਰਲ਼-ਮਿਲ਼ ਕੇ ਲੰਮੇ ਦਾਈਏ ਬੰਨ੍ਹੀਏ ਨੀ

ਗੰਗਾ ਜਲ ਗਹਿਰਾ ਏ … … … …
ਤੁਪਕੇ-ਤੁਪਕੇ ’ਤੇ ਔੜਾਂ ਦਾ ਪਹਿਰਾ ਏ

ਸਰਸਾ ਦਾ ਲੋਹੜਾ ਏ … … … …
ਸਾਡੇ ਲੇਖਾਂ ਵਿਚ ਧੁਰ ਤੋਂ ਪਰਿਵਾਰ ਵਿਛੋੜਾ ਏ

ਦੁੱਲੇ ਦੀਏ ਬਾਰੇ ਨੀ … … … …
ਹਲ਼ ਕੱਲ੍ਹ ਵੀ ਹਾਰੇ ਸੀ, ਹਲ਼ ਅੱਜ ਵੀ ਹਾਰੇ ਨੀ

ਗੜ੍ਹੀਏ ਚਮਕੌਰ ਦੀਏ … … … …
ਸਿਰ ਦੇ ਕੇ ਸੀਸ ਖੱਟੀਏ, ਮੰਗ ਹਰ ਇਕ ਦੌਰ ਦੀ ਏ

ਸਰਹੰਦ ਦੀਏ ਕੰਧੇ ਨੀ … … … …
ਜ਼ੁਲਮਾਂ ਦੀ ਕੰਧ ਢਾਹੁਣ ਨੂੰ, ਰਹਿਣੇ ਸੱਜਦੇ ‘ਬੰਦੇ’ ਨੀ

ਜੱਲ੍ਹਿਆਂਵਾਲੇ ਬਾਗ਼ਾ ਵੇ... ... ... ...
ਸਾਡੀਆਂ ਸ਼ਹਾਦਤਾਂ ਦਾ, ਕਦ ਪੈਣਾ ਏਂ ਨਾਗਾ ਵੇ

ਮਾਇਆਧਾਰੀਆਂ ਦੀ ਜ਼ਾਤ ਆਈ ... ... ... ...
ਸਾਡਿਆਂ ਵੇ ਪਿੰਡਾਂ ਵੱਲ ਨੂੰ ਚੜ੍ਹਦੇ 'ਚੋਂ ਰਾਤ ਆਈ

ਲਹਿੰਦੇ ਦੇ ਇਸ਼ਾਰੇ ਨੇ ... ... ... ...
ਵਾਰਿਸ ਸੂਰਜ ਦੇ, ਚੰਨ, ਦੀਵੇ, ਤਾਰੇ ਨੇ

ਮਿੱਟੀ-ਮਾਂ ਦੀ ਅਮਾਨਤ ਨੇ ... ... ... ...
ਭਗਤ-ਸਰਾਭਿਆਂ ਲਈ, ਕੁੱਖਾਂ ਅੱਜ ਸਲਾਮਤ ਨੇ

ਦੁੱਲੇ ਹੁਣ ਵੀ ਜਣਦੀਆਂ ਨੇ ... ... ... ...
ਮਾਵਾਂ ਇਹ ਪੰਜਾਬ ਦੀਆਂ, ਨਿੱਤ ਲੱਧੀਆਂ ਬਣਦੀਆਂ ਨੇ

ਉੱਠੇ ਝੱਖੜ ਠੱਲ੍ਹ ਲਏ ਨੇ ... ... ... ...
ਗ਼ਦਰੀ ਗ਼ੁਲਾਬ ਕੌਰਾਂ ਨੇ, ਥਾਂ-ਥਾਂ ਮੋਰਚੇ ਮੱਲ ਲਏ ਨੇ

ਨਿੱਤ ਟਲ਼ਦੀ ਆਈ ਏ ... ... ... ...
ਦਿਨਾਂ ਵਿਚ ਨਈਂ ਮੁੱਕਣੀ, ਸਦੀਆਂ ਦੀ ਲੜਾਈ ਏ

ਕੋਈ ਖਿੜਿਆ ਗ਼ੁਲਾਬ ਰਹੇ ... ... ... ...
ਯੁੱਧ ਸੁਰਜੀਤ ਰਹੇ, ਸੁਰਜੀਤ ਪੰਜਾਬ ਰਹੇ

••

# ਖੇਤ ਜਗਾ ਲਏ ਨੇ

ਪਿੱਪਲਾਂ ਨੂੰ ਪੁੱਛ ਜੂਹੇ,
ਚਿੱਟੇ ਰੰਗੀਂ ਕਿੱਦਾਂ ਵੱਟ ਗਏ, ਚੁੰਨੀਆਂ ਦੇ ਰੰਗ ਸੂਹੇ

ਅਸੀਂ ਦਰਦ ਚਨਾਬ ਦੇ ਆਂ,
ਅੱਧੋਂ ਗਿਆ ਜੋ ਚੀਰਿਆ, ਫੁੱਲ ਓਸ ਗ਼ੁਲਾਬ ਦੇ ਆਂ

ਸਤਲੁੱਜ ਦੀਆਂ ਰੂਹਾਂ ਹਾਂ,
ਸੂਲ਼ੀਆਂ ਕਰਨ ਸਿਜਦੇ, ਜਿੱਥੇ ਆ ਕੇ, ਉਹ ਜੂਹਾਂ ਹਾਂ

ਸਾਡੀ ਅੱਖੀਆਂ ਨੂੰ ਸਾਂਝਾ ਵਰ ਹੈ
ਇਕ 'ਚ ਲਾਹੌਰ ਵੱਸਦਾ, ਵੱਸੇ ਦੂਜੀ 'ਚ ਅੰਬਰਸਰ ਹੈ

ਪੀੜ ਸਭ ਦੀ ਪਛਾਣਦਾ ਏ
ਦੁੱਖ ਕੀ ਹੈ ਵੰਡੇ ਜਾਣ ਦਾ, ਸਾਡਾ ਲੂੰ-ਲੂੰ ਜਾਣਦਾ ਏ

ਅਸੀਂ ਉਹ ਵੀ ਸਹਿ ਲਈਆਂ ਨੇ
ਛਾਂਟਾ ਕਸ਼ਮੀਰ ਦੇ ਪਿਆ, ਲਾਸਾਂ ਸਾਡੇ ਪਿੰਡੇ ਪਈਆਂ ਨੇ

ਸਾਡਾ ਸੁੱਖ-ਚੈਨ ਖੋਹ ਕੇ ਨਿਕਲੇ
ਹਉਕਾ ਹਮਸਾਇਆਂ ਦਾ, ਸਾਡੇ ਦਿਲ ਵਿੱਚੋਂ ਹੋ ਕੇ ਨਿਕਲੇ

ਘੁੱਗੀਏ ਕਸ਼ਮੀਰ ਦੀਏ,
ਆਹ ਤੇਰੀ ਸੈਆਂ ਕੋਹਾਂ ਤੋਂ, ਸਾਡਾ ਸੀਨਾ ਚੀਰਦੀ ਏ

ਜੰਜ ਪਾਪ ਦੀ ਚਾੜ੍ਹਨਗੇ
ਕੋਹਿਆ ਕਸ਼ਮੀਰ ਜਿਨ੍ਹਾਂ ਨੇ, ਉਹ ਸਾਨੂੰ ਵੀ ਲਤਾੜਨਗੇ

ਡਾਕਾ ਚਿੱਟੇ ਦਿਨ ਨੇਰ੍ਹ ਦਾ ਪਿਆ
ਪੱਛੀ ਹੋਈ ਕਣਕ ਪੁੱਛੇ ਤੇਰਾ ਕੇਸਰ ਕਿੱਧਰ ਗਿਆ

ਝੁਕੇ ਸੀਸ ਉਠਾ ਲਏ ਨੇ
ਆਪਣੇ ਪਹਾੜ ਤੂੰ ਉਠਾ, ਅਸੀਂ ਖੇਤ ਜਗਾ ਲਏ ਨੇ

ਨੀਦਾਂ ਸ਼ਹਿਰ ਤਿਆਗ ਰਹੇ
ਪਿੰਡ ਨੂੰ ਯਕੀਨ ਆਉਣ ਦੇ, ਜੰਗਲ ਵੀ ਜਾਗ ਰਹੇ

ਜਿਉਂਦੀ ਦੁੱਲੇ ਦੀ ਹੋ ਬਾਰ ਰਹੀ
ਤਖ਼ਤਾਂ ਦੇ ਤੁਖ਼ਮਾਂ ਨੂੰ, ਮਾਂ-ਮਿੱਟੀ ਹੈ ਵੰਗਾਰ ਰਹੀ

ਕੀਤੇ ਦਾਅਵੇ ਪੁੱਗਣੇ ਨੇ
ਏਨੇ ਸਿਰ ਭੇਟ ਹੋ ਗਏ, ਹੁਣ ਸੀਸ ਹੀ ਉੱਗਣੇ ਨੇ

ਰੋਹੀ ਦੀਏ ਕਿੱਕਰੇ ਨੀ
ਸੁਣੀਂ ਗਈ ਪਿਆਸ ਤੇਰੀ ਦੀ, ਸਾਡੇ ਪਾਣੀ ਨਿੱਤਰੇ ਨੀ

ਸੁੰਨੀ ਸੱਥ ਦਿਆਂ ਬੋਹੜਾ ਵੇ
ਚਹਿਕਦੇ ਪਰਿੰਦੇ ਰੱਖ ਲਈਂ, ਸਾਡਾ ਵੇਖਣ ਨੂੰ ਮੋੜਾ ਵੇ

ਰਹੀਆਂ ਖੜਕ ਜਰੀਬਾਂ ਨੇ
ਖੇਤੋ-ਖੇਤੀ ਆਣ ਪੁੱਜੀਆਂ, ਸੱਜ-ਧੱਜ ਕੇ ਸਲੀਬਾਂ ਨੇ

ਵੇਖੀਂ ਚੋਟੀ ਦਿਆ ਬੇਰਾ ਵੇ
ਹਾਕਮਾਂ ਦੀ ਜ਼ਿਦ ਪੁੱਗਦੀ ਜਾਂ ਸਾਡਾ ਜੇਰਾ ਵੇ

ਕੰਨੀ-ਕਨਸੋ ਪਈ ਏ
ਹਾਕਮੇ ਦੀ ਅੱਖੀਂ ਰੜਕੇ, ਸਾਡੇ ਪਿੰਡ ਦੀ ਲੋਅ ਪਈ ਏ

ਹੋਣਾ ਸੁਰਜੀਤ ਖ਼ਾਬਾਂ ਨੇ
ਸਾਹਾਂ 'ਚੋਂ ਰਬਾਬ ਸੁਣਦੀ, ਅੱਗੇ ਖੁੱਲ੍ਹੀਆਂ ਕਿਤਾਬਾਂ ਨੇ

••

## ਲੋਰ ਬਣੀ ਲਲਕਾਰ (ਨਗਾਰੇ ਦੀ ਚੋਟ ਦੇ ਗੀਤ)

ਹਰ ਇਕ ਲੋਰ, ਹਮੇਸ਼ਾ
ਲੋਰ ਤਾਂ ਰਹਿ ਨਈਂ ਸਕਦੀ
ਜਿਸ ਵੀ ਲੋਰ 'ਚ,
ਮਘਦੇ ਲਹੂ ਦੀ ਲੈਅ ਹੁੰਦੀ ਏ
ਸਤ ਕੇ ਖੌਲ਼ਣ ਵਰਗੀ,
ਕੋਈ ਸ਼ੈਅ ਹੁੰਦੀ ਏ
ਉਸ ਨੇ ਇਕ ਨਾ ਇਕ ਦਿਨ,
ਚਾਹੁੰਦਿਆਂ ਜਾਂ ਨਾ ਚਾਹੁੰਦਿਆਂ ਵੀ
ਬਣ ਜਾਣਾ ਹੁੰਦਾ ਏ,
ਕੁਝ ਲਲਕਾਰ ਜਿਹਾ
ਪੁਰਜਾ-ਪੁਰਜਾ ਕੱਟ ਮਰਨ ਦੀ
ਰੀਤ ਜਿਹਾ
'ਕਬਹੂੰ ਨਾ ਛਾਡੈ ਖੇਤ' ਜਿਹੀ
ਵੰਗਾਰ ਜਿਹਾ

ਜ਼ਖ਼ਮਾਂ ਦੇ ਲਈ
ਮਲ੍ਹਮ ਜਿਹੇ ਅਹਿਸਾਸ ਜਿਹਾ

ਰੋਹ ਵਿਚ ਉੱਠੀਆਂ ਬਾਹਵਾਂ
ਤਣਿਆਂ ਮੁੱਕਿਆਂ ਲਈ
ਦਮ ਭਰਦੈ ਜੋ
ਨਾਅਰੇ ਏ ਵਿਸ਼ਵਾਸ ਜਿਹਾ
ਸ਼ਾਇਰੀ ਨੇ ਐਸਾ ਵੀ ਕੁਝ ਤਾਂ,
ਜਣਨਾ ਹੁੰਦੈ
ਜਿਸਨੇ ਕੱਚੀ ਗੜ੍ਹੀ ਜਿਹਾ ਵੀ
ਬਣਨਾ ਹੁੰਦੈ
ਕੁਝ ਮੁਹੱਬਤੀ-ਬੋਲ
ਬੜਕ ਵੀ ਬਣ ਸਕਦੇ ਨੇ
ਪੱਥਰ-ਦਿਲ ਵਿਚ ਪੈਂਦੀ
ਰੜਕ ਵੀ ਬਣ ਸਕਦੇ ਨੇ

ਬਸ, ਕੁਝ ਜੁਗਨੂੰ ਜਿਹੇ,
ਮੈਂ ਚੁੱਕ ਸਫ਼ਿਆਂ 'ਤੇ ਧਰੇ ਨੇ
ਇਹ ਉਹ ਬੋਲ ਜੋ,
ਵਕਤ ਨੇ ਖ਼ੁਦ ਤਸਦੀਕ ਕਰੇ ਨੇ।

# ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ

ਸਾੜ ਪਾਉਂਦੀਆਂ ਰਾਹਾਂ ਨੂੰ ਠੰਢ ਪਾਉਣ ਦੇ ਲਈ
ਮੱਥਾ ਚਾਂਭਲੇ ਹਨੇਰੇ ਨਾਲ਼ ਲਾਉਣ ਦੇ ਲਈ
ਹੱਕ-ਸੱਚ ਦੇ ਚਿਰਾਗ਼ ਰੁਸ਼ਨਾਉਣ ਦੇ ਲਈ
ਤੇਰੀ ਜ਼ੁਲਮੀ ਦੁਪਹਿਰ ਵਾਲ਼ੀ ਸ਼ਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ

ਸਾਡੀ ਮਿੱਟੀ-ਮਾਂ ਦੀ ਹਿੱਕ ’ਤੇ ਖਲੋਣ ਨੂੰ ਫਿਰੇਂ
ਲੁੱਟ-ਪੁੱਟ ਘਰ-ਬਾਰ ਜੇਬਾਂ ਟੋਹਣ ਨੂੰ ਫਿਰੇਂ
ਰਾਖੀ ਰੁੱਖ ਦੀ ਬਹਾਨੇ ਕਾਲ਼ੀ ਨੀਤ ਵਾਲ਼ੀਏ
ਨੀ ਤੂੰ ਆਲ੍ਹਣੇ ਪਰਿੰਦਿਆਂ ਦੇ ਖੋਹਣ ਨੂੰ ਫਿਰੇਂ
ਸਾਡੇ ਬੱਚਿਆਂ ਦੇ ਮੂੰਹਾਂ ’ਚੋਂ ਜੇ ਟੁੱਕ ਖੁੱਸਿਆ
ਰਾਤਾਂ ਤੇਰੀਆਂ ਦੀ ਨੀਂਦ ਵੀ ਹਰਾਮ ਕਰਾਂਗੇ
ਵੇਖੀ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ

ਤੇਰੇ ਮੋਦੀਆਂ-ਸ਼ਾਹਾਂ ਦੀ ਚੁੱਕੀ ਅੱਤ ਡੱਕਣੀ
ਅਸੀਂ ਫ਼ਸਲਾਂ ਦੀ ਲੁੱਟੀ ਜਾਂਦੀ ਪੱਤ ਡੱਕਣੀ
ਜਿਹੜੇ ਪਿੰਡਾਂ ਦੀਆਂ ਨੀਹਾਂ ਤੂੰ ਹਿਲਾਉਣ ਨੂੰ ਫਿਰੇਂ
ਸਾਡੇ ਸਿਰਾਂ ਨੇ ਉਨ੍ਹਾਂ ਦੀ ਢਹਿੰਦੀ ਛੱਤ ਡੱਕਣੀ
ਮਾਇਆਧਾਰੀਆਂ, ਅਡਾਨੀਆਂ-ਅੰਬਾਨੀਆਂ ਸਣੇ

ਤੇਰੇ ਤਾਜਰਾਂ ਦਾ ਕਿੱਸਾ ਵੀ ਤਮਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ

ਤੇਰੇ ਦਰਾਂ 'ਤੇ ਖੇਤਾਂ ਦੇ ਫ਼ਰਜ਼ੰਦ ਆ ਗਏ
ਰਾਤੇ ਕਾਲ਼ੀਏ ਨੀ ਚੌਦਵੀਂ ਦੇ ਚੰਦ ਆ ਗਏ
ਤੇਰੀ ਹੈਂਕੜ ਦੇ ਅੰਬਰਾਂ ਨੂੰ ਗਾਹੁਣ ਵਾਸਤੇ
ਲੈ ਕੇ ਬਾਜ਼ਾਂ ਜਿਹੇ ਹੌਂਸਲੇ ਬੁਲੰਦ ਆ ਗਏ
ਬਿਨਾਂ ਤੋਪ ਤੇਰੇ ਕਿਲ੍ਹੇ-ਕੋਟ-ਮਹਿਲ ਹਿੱਲਣੇ
ਅਸੀਂ ਨੰਗੇ ਧੜ ਐਸਾ ਸੰਗਰਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ

ਹੱਡ ਸੇਕਣੇ ਨੇ ਤੇਰੇ ਹੱਕੀ ਅੱਗ ਬਾਲ਼ ਨੀ
ਉੱਠ ਦੇਸ਼ ਸਾਰਾ ਤੁਰਿਆ ਪੰਜਾਬ ਨਾਲ਼ ਨੀ
ਸ਼ਾਹੀ ਧੌਂਸ ਵਾਲ਼ੀਏ ਨੀ ਨਾਜ਼-ਨਖ਼ਰੇ ਵਿਖਾ ਕੇ
ਹੁਣ ਲਾਰਿਆਂ ਦੇ ਨਾਲ਼ ਨਾ ਸਕੇਂਗੀ ਟਾਲ਼ ਨੀ
ਅਸੀਂ ਪੈਲ਼ੀਆਂ ਦੇ ਪੁੱਤ ਜਿੰਨਾ ਚਿਰ ਚਾਹੇਂਗੀ
ਤੇਰੀ ਸੜਕਾਂ ਦੇ ਰੋੜਾਂ 'ਤੇ ਆਰਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ

ਤੇਰੇ ਹਾਕਮਾਂ ਦੀ ਅੱਖ ਸਦਾ ਟੀਰ ਮਾਰਦੀ
ਸਾਡੇ ਸੀਨਿਆਂ 'ਚ ਸਾਡੇ ਹੀ ਹੈ ਤੀਰ ਮਾਰਦੀ
ਅੰਨ-ਦਾਤਿਆਂ ਦੀ ਦਾਤ ਨੂੰ ਸਮਝ ਆ ਗਈ
ਯਾਰੀ ਪੈਸੇ ਦਿਆਂ ਪੁੱਤਾਂ ਦੀ ਅਖੀਰ ਮਾਰਦੀ
ਹੱਕ-ਸੱਚ ਸੁਰਜੀਤ ਜਿਨ੍ਹਾਂ ਰੱਖਿਆ ਉਨ੍ਹਾਂ ਨੂੰ
ਸੁੱਚੇ ਸ਼ਬਦਾਂ ਦੀ ਸੁੱਚ ਦਾ ਸਲਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ

●●

# ਦਿੱਲੀਓਂ ਬੇਰੰਗ ਗੁਜਰਾਤ ਘੱਲਾਂਗੇ

ਖੋਹ ਕੇ ਨਿੱਘ ਸਾਡਾ ਹੈਂਕੜਾਂ ਦੇ ਭੱਠ ਤਾਵੇ ਜੋ
ਦਿਨੋ-ਦਿਨ ਹੱਦੋਂ ਵੱਧ ਅੱਤ ਚੁੱਕੀ ਜਾਵੇ ਜੋ
ਹੱਕ-ਸੱਚ ਦੇ ਸਵੰਬਰਾਂ ਨੂੰ ਸੰਨ੍ਹ ਲਾਵੇ ਜੋ
ਖ਼ਾਲੀ ਹੱਥੀਂ ਚਾਲ਼ੀ ਚੋਰਾਂ ਦੀ ਬਰਾਤ ਘੱਲਾਂਗੇ
ਥੋਨੂੰ ਦਿੱਲੀਓਂ ਬੇਰੰਗ ਗੁਜਰਾਤ ਘੱਲਾਂਗੇ

ਬੜੀ ਲੰਮੀ ਹੈ ਕਹਾਣੀ ਫ਼ਸਲਾਂ ਦੀ ਲੁੱਟ ਦੀ
ਹਾਰ-ਹੰਭ ਕੇ ਵੀ ਸਾਡੀ ਨਾ ਉਮੀਦ ਟੁੱਟਦੀ
ਧੱਕੇਸ਼ਾਹੀਆਂ ਦੀ ਜੋ ਗਹਿਰ ਸਾਰੀ ਧੋ ਸੁੱਟਦੀ
ਅਸੀਂ ਪਿੰਡਾਂ ਵਿੱਚੋਂ ਐਸੀ ਬਰਸਾਤ ਘੱਲਾਂਗੇ
ਥੋਨੂੰ ਦਿੱਲੀਓਂ ਬੇਰੰਗ, ਗੁਜਰਾਤ ਘੱਲਾਂਗੇ

ਤੇਰੇ ਪੱਥਰਾਂ ਦਾ ਹਲ਼ਾਂ ਨੇ ਗਰੂਰ ਤੋੜਨਾ
ਦਾਤੀ-ਥੌੜ੍ਹਿਆਂ ਨੇ ਸਿੱਖ ਲਿਆ ਸਿਰ ਜੋੜਨਾ
ਜਿੰਨ੍ਹੇ ਤੇਰਿਆਂ ਤੂਫ਼ਾਨਾਂ ਦਾ ਹੈ ਮੂੰਹ ਮੋੜਨਾ
ਅੰਨ-ਦਾਤੇ ਹਾਂ ਅਨੋਖੀ ਕੋਈ ਦਾਤ ਘੱਲਾਂਗੇ
ਥੋਨੂੰ ਦਿੱਲੀਓਂ ਬੇਰੰਗ ਗੁਜਰਾਤ ਘੱਲਾਂਗੇ

ਨੀਂਦ ਭੋਲ਼ਿਆਂ ਪਰਿੰਦਿਆਂ ਦੀ ਫੇਰ ਖੋਹ ਲਈ
ਲੋਅ ਦੀਵਿਆਂ ਦੀ ਵੰਡ ਕੇ ਹਨੇਰ ਖੋਹ ਲਈ
ਜਿਹੜੇ ਵਿਹੜਿਆਂ ਦੀ ਤੁਸੀਂ ਹੈ ਸਵੇਰ ਖੋਹ ਲਈ
ਅਸੀਂ ਓਨ੍ਹਾਂ ਲਈ ਨਵੀਂ ਪ੍ਰਭਾਤ ਘੱਲਾਂਗੇ
ਥੋਨੂੰ ਦਿੱਲੀਓਂ ਬੇਰੰਗ ਗੁਜਰਾਤ ਘੱਲਾਂਗੇ

ਮਿੱਟੀ–ਮਾਂ ਦੇ ਸੁੱਚੇ ਮੋਹ ਦਾ ਜੋ ਨਿੱਘ ਮਾਣਦੇ
ਜਿਹੜੇ ਅੰਬਰੀਂ ਚੰਦੋਏ ਹਿੰਮਤਾਂ ਦੇ ਤਾਣਦੇ
ਤਾਜਾਂ–ਤਖ਼ਤਾਂ ਦੀ ਧੌਂਸ ਨੂੰ ਜੋ ਟਿੱਚ ਜਾਣਦੇ
ਲੱਖਾਂ ਮੀਰਾਂ, ਮਨਸੂਰ, ਸੁਕਰਾਤ ਘੱਲਾਂਗੇ
ਥੋਨੂੰ ਦਿੱਲੀਓਂ ਬੇਰੰਗ ਗੁਜਰਾਤ ਘੱਲਾਂਗੇ

ਜਾਗ ਉੱਠੀਆਂ ਮਸ਼ਾਲਾਂ ਨੂੰ, ਸਲਾਮ ਕਹਿਣ ਨੂੰ
ਸਦਾ ਚਾਨਣਾਂ ਦੇ ਖ਼ਾਬ ਸੁਰਜੀਤ ਰਹਿਣ ਨੂੰ
ਲਾਲ ਕਿਲ੍ਹੇ 'ਚ ਮੁਹੱਬਤਾਂ ਦੀ ਲੋਏ ਬਹਿਣ ਨੂੰ
ਚੰਨਾਂ–ਤਾਰਿਆਂ ਦੇ ਗੀਤ ਗਾਉਂਦੀ ਰਾਤ ਘੱਲਾਂਗੇ
ਥੋਨੂੰ ਦਿੱਲੀਓਂ ਬੇਰੰਗ ਗੁਜਰਾਤ ਘੱਲਾਂਗੇ

●●

# ਸਿਰਾਂ ਦੇ ਚੰਦੋਏ

ਸਾਡੇ ਮੁੜ੍ਹਕੇ ਨੇ ਈਨ ਨਾ ਇਨ੍ਹਾਂ ਦੀ ਮੰਨਣੀ
ਤੇਰੇ ਤਿੱਖੜ ਦੁਪਹਿਰਿਆਂ ਦੀ ਤੜ੍ਹ ਭੰਨਣੀ
ਤੋੜ ਦਿਆਂਗੇ ਗ਼ਰੂਰ, ਤਪੇ ਥਲਾਂ ਦਾ ਜ਼ਰੂਰ
ਹਲ਼ਾਂ, ਦਾਤੀਆਂ, ਹਥੌੜਿਆਂ ਦੇ ਹੱਕੀ ਮਾਣ ’ਤੇ
ਅਸੀਂ ਅੰਬਰਾਂ ’ਤੇ ਸਿਰਾਂ ਦੇ ਚੰਦੋਏ ਤਾਣ ’ਤੇ

ਲੋਕ-ਯੁੱਧ ਵਿਚ ਘੱਤ ਕੇ ਵਹੀਰਾਂ ਆ ਗਏ
ਹੱਕ-ਸੱਚ ਦੀਆਂ ਲੈ ਕੇ ਸ਼ਮਸ਼ੀਰਾਂ ਆ ਗਏ
ਵੇਖ ਜੂਝਦਾ ਜਨੂਨ, ਸਾਡਾ ਮਹਿਕ ਉੱਠੇ ਖ਼ੂਨ
ਫੁੱਲਾਂ-ਕਲੀਆਂ ਦੇ ਝੋਰਾ ਕੁ ਵੀ ਮੁਰਝਾਣ ’ਤੇ
ਅਸੀਂ ਅੰਬਰਾਂ ’ਤੇ ਸਿਰਾਂ ਦੇ ਚੰਦੋਏ ਤਾਣ ’ਤੇ

ਸਾਨੂੰ ਚਾਹਿਆਂ ਤੂੰ ਝੁਕਾਉਣਾ ਵੱਖ-ਵੱਖ ਰੋਲ਼ ਕੇ
ਬੋਟਾਂ ਸਣੇਂ ਸਾਡੇ ਆਲ੍ਹਣੇ ਦੇ ਕੱਖ ਰੋਲ਼ ਕੇ
ਜਿਹੜੇ ਸੁੱਟੇਂਗਾ ਤੂੰ ਜਾਲ਼, ਕੱਟੀ ਜਾਣੇ ਨਾਲ਼ੋ-ਨਾਲ਼
ਕੱਲ੍ਹਾ-ਕੱਲ੍ਹਾ ਅੰਗ ਆ ਗਏ ਹਾਂ, ਲਗਾ ਕੇ ਸਾਣ ’ਤੇ
ਅਸੀਂ ਅੰਬਰਾਂ ’ਤੇ ਸਿਰਾਂ ਦੇ ਚੰਦੋਏ ਤਾਣ ’ਤੇ

ਹਰ ਚਿਹਰੇ ਉੱਤੇ ਸੂਰਜਾਂ ਦਾ ਤਪ-ਤੇਜ਼ ਹੈ]
ਸਾਡੀ ਮਿੱਟੀ ਇਹ ਸ਼ਹਾਦਤਾਂ ਲਈ ਜ਼ਰਖੇਜ਼ ਹੈ
ਬੰਨ੍ਹੇ ਹੰਸਾਂ ਨੇ ਦਾਈਏ, ਕੂਜ ਕਾਵਾਂ ਤੋਂ ਬਚਾਈਏ
ਬਹਿਣ ਬਗਲੇ ਨਾ ਦੇਣੇ ਮੋਤੀਆਂ ਦੀ ਖਾਣ 'ਤੇ
ਅਸੀਂ ਅੰਬਰਾਂ 'ਤੇ ਸਿਰਾਂ ਦੇ ਚੰਦੋਏ ਤਾਣ 'ਤੇ

ਤੇਰੀ ਮਾਇਆ ਦੇ ਮਘੋਰੇ ਬੇ-ਤਹਾਸ਼ੇ ਫੈਲ ਗਏ
ਰਾਹਾਂ ਸਾਡੀਆਂ 'ਚ ਤੇਰੇ ਦੰਭੀ ਪਾਸ਼ੇ ਫੈਲ ਗਏ
ਦਾਅਵੇ ਸਾਡੇ ਵੀ ਨੇ ਪੱਕੇ, ਨਾ ਹੀ ਥੱਕਣਾ ਨਾ ਥੱਕੇ
ਗਾਹੇ ਜੰਗਲ਼, ਪਹਾੜ, ਮਾਰੂਥਲ ਛਾਣ 'ਤੇ
ਅਸੀਂ ਅੰਬਰਾਂ 'ਤੇ ਸਿਰਾਂ ਦੇ ਚੰਦੋਏ ਤਾਣ 'ਤੇ

ਤੇਰੇ ਕਿੱਲਾਂ ਉੱਤੋਂ ਫੁੱਲਾਂ ਵਾਂਗੂ ਲੰਘ ਜਾਵਾਂਗੇ
ਮੈਲ਼ੀ ਮਿੱਟੀ ਨੂੰ ਸੰਧੂਰੀ ਰੰਗੇ, ਰੰਗ ਜਾਵਾਂਗੇ
ਰਹਿਣੀ ਸਦਾ ਸੁਰਜੀਤ, ਸਾਡੀ ਇੱਕੋ-ਇਕ ਰੀਤ,
ਅੱਖਾਂ ਬਣਨ ਮਸ਼ਾਲਾਂ ਦੀਵੇ ਬੁਝ ਜਾਣ 'ਤੇ
ਅਸੀਂ ਅੰਬਰਾਂ 'ਤੇ ਸਿਰਾਂ ਦੇ ਚੰਦੋਏ ਤਾਣ 'ਤੇ

●●

# ਹੱਕ ਤੇਰੇ ਕੋਲੋਂ

ਘਰ-ਬਾਰ, ਵੱਟ-ਬੰਨ੍ਹਾ, ਪਿੰਡ ਛੱਡ ਬਹਿ ਗਿਆ
ਝੰਡੇ ਲੰਮਿਆਂ ਸੰਘਰਸ਼ਾਂ ਦੇ ਗੱਡ ਬਹਿ ਗਿਆ
ਤੇਰੇ ਦਾਬਿਆਂ ਦੇ ਦੰਭ ਸਾਰੇ, ਟਿੱਚ ਜਾਣ ਕੇ
ਨਾ ਕੋਈ ਭੀਖ ਨਾ ਖ਼ੈਰਾਤ, ਹਾਲ਼ੀ ਹਿੱਕ ਤਾਣ ਕੇ
ਮਿੱਟੀ ਮਾਂ ਦਾ ਗਵਾਚਾ, ਸਨਮਾਨ ਮੰਗਦਾ
ਹੱਕ ਤੇਰੇ ਕੋਲੋਂ ਹਾਕਮਾ, ਕਿਸਾਨ ਮੰਗਦਾ

ਸਾਡੇ ਹੱਥ ਹਥਿਆਰ, ਹਿੱਕਾਂ ਢਾਲ਼ਾਂ ਬਣੀਆਂ
ਵੇਖ ਗੜ੍ਹੀਆਂ ਦੇ ਵਾਂਗ ਤਿਰਪਾਲ਼ਾਂ ਤਣੀਆਂ
ਤੇਰੇ ਹਠ ਨੇ ਹਮੇਸ਼ਾਂ ਹੀ ਤਬਾਹੀਆਂ ਜਣੀਆਂ
ਜਿੱਥੇ ਸੁੱਟੇ ਅੰਗਿਆਰ ਤੂੰ ਚੁਰਾਈਆਂ ਕਣੀਆਂ
ਓਨ੍ਹਾਂ ਫ਼ਸਲਾਂ ਦੀ ਗੁੰਮੀ ਮੁਸਕਾਨ ਮੰਗਦਾ
ਹੱਕ ਤੇਰੇ ਕੋਲ਼ੋਂ ਹਾਕਮਾ, ਕਿਸਾਨ ਮੰਗਦਾ

ਕੱਲ੍ਹ ਤੀਕ ਸੀ ਜੋ ਭੀੜਾਂ ਅੱਜ ਕਾਫ਼ਲੇ ਬਣੇਂ
ਸਾਡੇ ਪੈਰਾਂ ਦੇ ਸਹਾਰੇ ਲੰਮੇ ਫ਼ਾਸਲੇ ਬਣੇਂ
ਅਸੀਂ ਚੱਲ ਪਏ ਤਾਂ ਦਿੱਲੀ ਸਾਥੋਂ ਦੂਰ ਨਾ ਰਹੀ
ਤੇਰੀ ਕੋਹਝੀ, ਕਾਣੀ-ਵੰਡ ਮਨਜ਼ੂਰ ਨਾ ਰਹੀ
ਹਰ ਤਾਰਾ ਹਿੱਸੇ ਆਉਂਦਾ ਅਸਮਾਨ ਮੰਗਦਾ

ਹੱਕ ਤੇਰੇ ਕੋਲ਼ੋਂ ਹਾਕਮਾ, ਕਿਸਾਨ ਮੰਗਦਾ

ਹੱਕ ਖੇਤਾਂ ਉੱਤੇ ਹਾਲ਼ੀ ਦਾ ਹੈ, ਹਾਲ਼ੀ ਦਾ ਰਹੂ
ਬੇੜਾ ਡੁੱਬ ਕੇ, ਉਨ੍ਹਾਂ ਦੀ ਨੀਤ ਕਾਲ਼ੀ ਦਾ ਰਹੂ
ਜਿਹੜੇ ਮਿੱਟੀ-ਮਾਂ ਦੀ ਕੁੱਖ ਦੀਆਂ, ਲਾਉਣ ਬੋਲੀਆਂ
ਉਹਦੀ ਟੁੱਕਦੇ ਜ਼ੁਬਾਨ, ਜਿਹੜਾ ਪਾਵੇ ਬੋਲੀਆਂ
ਗਈਆਂ ਠਾਕੀਆਂ ਜ਼ੁਬਾਨਾਂ ਲਈ, ਜ਼ੁਬਾਨ ਮੰਗਦਾ
ਹੱਕ ਤੇਰੇ ਕੋਲ਼ੋਂ ਹਾਕਮਾ, ਕਿਸਾਨ ਮੰਗਦਾ

ਜਿਹੜੇ ਤਖ਼ਤਾਂ ਦਾ ਮਾਣ, ਉਹ ਗਵਾ ਕੇ ਬਹਿ'ਜੇਂਗਾ
ਦਿੱਲੀ ਆਪਣੀ ਦੇ ਕਿੰਗਰੇ, ਢਵ੍ਹਾ ਕੇ ਬਹਿ'ਜੇਂਗਾ
ਮੱਥਾ ਲਾ ਨਾ ਸਾਡੇ ਨਾਲ਼, ਮੂੰਹ ਦੀ ਖਾ ਕੇ ਬਹਿ'ਜੇਂਗਾ
ਜਿੱਤੀ ਹੋਈ ਹਰ ਬਾਜ਼ੀ, ਹਰਵਾ ਕੇ ਬਹਿ'ਜੇਂਗਾ
ਉਹਨੇ ਦੇਣਾ ਨਹੀਂ ਜੋ ਹੈ, ਧਨਵਾਨ ਮੰਗਦਾ
ਹੱਕ ਏਸੇ ਲਈ ਹੈ ਹਾਕਮਾ, ਕਿਸਾਨ ਮੰਗਦਾ

ਸੁੱਤੇ ਉੱਠਦੇ, ਸੰਘਰਸ਼ਾਂ ਦੇ ਗੀਤ ਵੇਖੇਂਗਾ
ਹੁੰਦੇ ਜਿੱਤ ਦੇ ਜੈਕਾਰੇ, ਸੁਰਜੀਤ ਵੇਖੇਂਗਾ
ਹੋਇਆ ਸਿਤਮਾਂ ਦਾ ਸੇਕ ਠੰਡਾ ਸੀਤ ਵੇਖੇਂਗਾ
ਲਹੂ-ਮੁੜ੍ਹਕੇ ਦੀ, ਮਿੱਟੀ ਨਾਲ਼, ਪ੍ਰੀਤ ਵੇਖੇਂਗਾ
ਕਣ-ਕਣ ਲਈ ਜੋ ਹੋਣਾ ਕੁਰਬਾਨ ਮੰਗਦਾ
ਹੱਕ ਤੇਰੇ ਕੋਲ਼ੋਂ ਹਾਕਮਾ ਪੰਜਾਬ ਮੰਗਦਾ

••

# ਹੁਣ ਜਿੱਤ ਜਾਂ...

ਸੁਹਣੀ ਜ਼ਿੰਦਗੀ ਸੰਘਰਸ਼ਾਂ ਦੇ ਨਾਮ ਕਰਾਂਗੇ
ਹੱਕ-ਸੱਚ ਦੀ ਲੜਾਈ ਸੁਬ੍ਹਾ-ਸ਼ਾਮ ਲੜਾਂਗੇ
ਅੱਗੇ ਹੋ ਕੇ ਲਾੜੀ ਮੌਤ ਨੂੰ ਸਲਾਮ ਕਰਾਂਗੇ
ਨਿੱਤ ਨਵੀਂ ਸਿਰਲੱਥਾਂ ਦੀ ਬਰਾਤ ਢੁੱਕੂਗੀ
ਹੁਣ ਜਿੱਤ ਜਾਂ ਸ਼ਹਾਦਤਾਂ 'ਤੇ ਗੱਲ ਮੁੱਕੂਗੀ

ਸਾਡੇ ਹਲ਼ ਤੇਰੇ ਹਥਿਆਰਾਂ ਨਾਲ਼ ਖਹਿਣਗੇ
ਪਿੰਡ ਦਿੱਲੀ ਦੀਆਂ ਮੱਲ ਕੇ ਬਰੂੰਹਾਂ ਬਹਿਣਗੇ
ਅੰਨ ਦਾਤਿਆਂ ਦੇ ਹੌਸਲੇ ਬੁਲੰਦ ਰਹਿਣਗੇ
ਤੇਰੇ ਖੌਫ਼ ਦੇ ਚੁਮਾਸਿਆਂ ਦੀ ਰੱਤ ਸੁੱਕੂਗੀ
ਹੁਣ ਜਿੱਤ ਜਾਂ ਸ਼ਹਾਦਤਾਂ 'ਤੇ ਗੱਲ ਮੁੱਕੂਗੀ

ਤੇਰੀ ਚੰਦਰੀ ਕੁਨੀਤ ਬਣ ਕੂੜ ਡਿੱਗਣੀ
ਗੱਲ ਵੱਖਰੀ ਕਿ ਹੋ ਕੇ ਚੂਰੋ-ਚੂਰ ਡਿੱਗਣੀ
ਉਹਦੇ ਮੂੰਹ ਉੱਤੇ ਕਾਲ਼ਖ਼ਾਂ ਦੀ ਧੂੜ ਡਿੱਗਣੀ
ਜਿਹੜੀ ਅੱਤ ਚੰਨਾਂ-ਤਾਰਿਆਂ ਦੇ ਵੱਲ ਥੁੱਕੂਗੀ
ਹੁਣ ਜਿੱਤ ਜਾਂ ਸ਼ਹਾਦਤਾਂ 'ਤੇ ਗੱਲ ਮੁੱਕੂਗੀ

ਹੱਕ, ਹੱਕ ਨਾਲ਼ ਲੈਣੇ, ਨਹੀਓਂ ਹੱਥ ਅੱਡਣੇ
ਤੇਰੇ ਪਾਪਾਂ ਵਾਲ਼ੇ ਪੋਤੜੇ ਫਰੋਲ਼ ਛੱਡਣੇ
ਰਾਹਾਂ ਵਿਚ ਜੋ ਤੂੰ ਪਾਏ, ਵਲ਼-ਵਿੰਗ ਕੱਢਣੇ
ਨਾ ਕੋਈ ਉੱਕਣੀ ਮਸ਼ਾਲ, ਨਾ ਕੋਈ ਅੱਖ ਉੱਕੂਗੀ
ਹੁਣ ਜਿੱਤ ਜਾਂ ਸ਼ਹਾਦਤਾਂ ’ਤੇ ਗੱਲ ਮੁੱਕੂਗੀ

ਚੱਲ-ਚੱਲ ਸ਼ਤਰੰਜੀ ਚਾਲਾਂ, ਲੱਖ ਵੇਖ ਲਈਂ
ਸਾਡੇ ਨੌਂਹਾਂ ਤੋਂ ਨਾ ਮਾਸ ਹੋਣਾ ਵੱਖ ਵੇਖ ਲਈਂ
ਹਿੱਕ ਰਾਹਾਂ ਦੀ ਤੋਂ, ਕੱਲ੍ਹੀ-ਕੱਲ੍ਹੀ ਅੱਖ ਵੇਖ ਲਈਂ
ਤੇਰੀ ਧੌਂਸ ਦੀਆਂ ਪੈੜਾਂ ਦੇ ਨਿਸ਼ਾਨ ਚੁੱਕੂਗੀ
ਹੁਣ ਜਿੱਤ ਜਾਂ ਸ਼ਹਾਦਤਾਂ ’ਤੇ ਗੱਲ ਮੁੱਕੂਗੀ

ਅਸੀਂ ਸਿੱਖੇ, ਸੁਰਜੀਤ ਹੋਣਾ ਮੁੜ-ਮੁੜ ਕੇ
ਅਸੀਂ ਬਣੇ ਹਾਂ ਪਹਾੜ, ਕਣ ਜੁੜ-ਜੁੜ ਕੇ
ਸਾਡੇ ਹੌਸਲੇ ਦੀ ਤਵਾਰੀਖ ਮੁੜ-ਮੁੜ ਕੇ
ਤੇਰੇ ਜ਼ਖ਼ਮਾਂ ’ਤੇ ਹਾਰ ਵਾਲ਼ਾ ਲੂਣ ਭੁੱਕੂਗੀ
ਹੁਣ ਜਿੱਤ ਜਾਂ ਸੰਘਰਸ਼ਾਂ ’ਤੇ ਗੱਲ ਮੁੱਕੂਗੀ

●●

# ਅਸੀਂ ਹੁਣ ਜੂਝਦੇ ਰਹਿਣਾ

ਜਬਰ ਦੇ ਸਾੜ ਨੇ ਤਾਏ
ਕਿਰਤ ਦੇ ਕਰਮ ਦੇ ਜਾਏ
ਜਵਾਨੀ ਜੋਸ਼ ਦੀ ਚੜ੍ਹ ਗਏ
ਤੇ ਕਾਇਦਾ ਹੋਸ਼ ਦਾ ਪੜ੍ਹ ਗਏ
ਨਾ ਸਾਥੋਂ ਟਿਕ ਕੇ ਬਹਿ ਹੋਣਾ
ਨਾ ਕੋਈ ਜੁਲਮ ਸਹਿ ਹੋਣਾ
ਅਸੀਂ ਹੁਣ ਜੂਝਦੇ ਰਹਿਣਾ
ਤੇ ਧੱਬੇ ਪੂੰਝਦੇ ਰਹਿਣਾ
ਤੇਰੀ ਕਾਲ਼ਖ ਨੇ ਲਾਏ ਨੇ
ਜੋ ਮਿੱਟੀ-ਮਾਂ ਦੇ ਦਾਮਨ ’ਤੇ
ਤੂੰ ਸਾਡੇ ਹੁੰਦਿਆਂ ਜਿਸ ਨੂੰ
ਨਿਵਸਤਰ ਕਰਨ ਨੂੰ ਫਿਰਦੈਂ
ਲਗਾ ਬੋਲੀ ਤੇ ਵੇਚਣ ਨੂੰ
ਜਾਂ ਗਹਿਣੇ ਧਰਨ ਨੂੰ ਫਿਰਦੈਂ
ਅਸੀਂ ਇਸ ਧਰਤ ਮਾਂ ਦੇ ਜਿਸਮ ’ਤੇ
ਆਪਣੇ ਸਰੀਰਾਂ ਦੇ
ਦੁਪੱਟੇ ਓੜ ਦੇਣੇ ਨੇ
ਚੰਦੋਏ ਤਾਣ ਦੇਣੇ ਨੇ
ਕੁਲੱਛਣੀ ਨਜ਼ਰ ਤੇਰੀ ਨੇ
ਉਹਦੇ ਤਨ ’ਤੇ ਚੁਭੋਈਆਂ ਜੋ
ਉਹ ਕਿਰਚਾਂ ਹੂੰਝਦੇ ਰਹਿਣਾ
ਅਸੀਂ ਹੁਣ ਜੂਝਦੇ ਰਹਿਣਾ

••

## ਲੜਦੇ ਲੋਕਾਂ ਦਾ ਐਲਾਨ

*(ਨਾਅਰਿਓਂ ਝਰਦਾ ਨੂਰ)*

ਵਹੀਰਾਂ ਘੱਤ ਕੇ ਤੁਰੇ
ਲੋਕਾਂ ਦੇ ਜੁਝਾਰੂ ਜਜ਼ਬੇ,
ਨੂੰ ਸਮਰਪਿਤ ਹਨ
ਇਹ ਸ਼ਬਦ-ਸੁਨੇਹੇ
ਮਾਂ-ਮਿੱਟੀ ਦੀਆਂ
ਅਪਾਰ ਬਖ਼ਸ਼ਿਸ਼ਾਂ ਦੇ
ਇਵਜ਼ ਵਿੱਚ,
ਧਰਤ-ਪੁੱਤਰਾਂ ਦੇ,
ਸੰਗ ਸਾਥ ਹੋਣ ਦੇ
ਅਹਿਸਾਸ ਨੂੰ,
ਜ਼ੁਬਾਨ ਦੇਣ ਦਾ
ਨਿਮਾਣਾ ਜਿਹਾ ਯਤਨ ਹਨ :
ਇਹ ਬੰਬੀਹਾ-ਬੋਲ
ਇਸ ਧਰਵਾਸ ਨਾਲ਼ ਕਿ
ਇਸ ਵਕਤ ਕੁਝ ਕਹਿਣਾ
ਆਪਣੇ ਹੋਣ ਦੇ ਅਹਿਸਾਸ ਨੂੰ
ਜਿਉਂਦੇ ਰੱਖਣਾ ਹੈ
ਸਮੇਂ ਦੀ ਸਲੀਬ 'ਤੇ
ਹੱਕ ਜਤਾਉਣਾ ਹੈ
ਸ਼ਾਇਰੀ ਦਾ ਅਹਿਦ
ਪੁਗਾਉਣਾ ਹੈ

ਮਾਂ ਪੰਜਾਬਣ ਦੀ ਆਸੀਸ
ਝੁਕੇ ਸਿਰੋ ਬਣ ਜਾਓ ਸੀਸ

ਨਿਕਲ਼ੇ ਸਿਰਜਣ ਨਵਾਂ ਪੰਜਾਬ
ਹਲ਼-ਹਥੌੜਾ, ਕਲਮ-ਕਿਤਾਬ

ਲੜਦੇ ਲੋਕਾਂ ਦਾ ਐਲਾਨ
ਬਦਲਾਂਗੇ ਰਲ਼ ਹਿੰਦੋਸਤਾਨ

ਹਾਲ਼ੀ, ਲੇਖਕ ਤੇ ਮਜ਼ਦੂਰ
ਲੋਕ-ਸੰਘਰਸ਼ਾਂ ਦਾ ਨੇ ਨੂਰ

ਦਿੱਲੀਏ ਤੇਰੇ ਫਤਵੇ ਠੱਲ੍ਹ
ਹਾਲ਼ੀ ਕਰਨਗੇ ਮਸਲੇ ਹੱਲ

ਹਾਲ਼ੀ, ਕਿਰਤੀ, ਸ਼ਾਇਰ ਦਾ ਕਹਿਣਾ
ਹਾਕਮ ਦਾ ਹਠ ਭੰਨ ਕੇ ਰਹਿਣਾ

ਖੇਤਾਂ ਨੂੰ ਜਦ ਆਵੇ ਜਾਗ
ਖੁੱਡੀਂ ਵੜਨ ਸੱਤ੍ਹਾ ਦੇ ਨਾਗ

ਸੁੱਤੇ ਖੇਤ ਜਗਾ ਦੇਣੇ ਨੇ
ਤਖਤੋ-ਤਾਜ ਝੁਕਾ ਦੇਣੇ ਨੇ

ਹਲ਼, ਥੌੜ੍ਹਾ, ਹਥਿਆਰ ਬਣਾਉਣੇ
ਦਿੱਲੀਏ ਤੇਰੇ ਕਿੰਗਰੇ ਢਾਹੁਣੇ

ਲੋਕ-ਕਾਫ਼ਲਾ ਰੁਕਣ ਨਈਂ ਦੇਣਾ
ਖੇਤਾਂ ਦਾ ਸਿਰ ਝੁਕਣ ਨਈਂ ਦੇਣਾ

ਮਾਇਆਧਾਰੀ, ਵਿਹਲੜ ਵੱਗ
ਯਾਰ ਇਨ੍ਹਾਂ ਦੇ ਹਾਕਮ ਠੱਗ

ਅੰਨ੍ਹਾ ਹਾਕਮ ਵੇਖ ਨਾ ਪਾਏ
ਜਾਗ ਪਏ ਖੇਤਾਂ ਦੇ ਜਾਏ

ਅੰਨ-ਦਾਤੇ ਜੱਗ-ਪਾਲਕ ਜਾਗੇ
ਦੇਸ਼ ਦੇ ਅਸਲੀ ਮਾਲਕ ਜਾਗੇ

ਹਾਕਮ ਦੀ ਧਨਵਾਨਾਂ ਨਾਲ਼
ਬਾਕੀ ਦਿੱਲੀ ਕਿਸਾਨਾਂ ਨਾਲ਼

ਟੁੱਟਣ ਕਿਰਤ ਦਾ ਮਾਣ ਨਈਂ ਦੇਣਾ
ਖੇਤ, ਵਾੜ ਨੂੰ ਖਾਣ ਨਈਂ ਦੇਣਾ

ਹਾਕਮ–ਹਠ ਦੀ ਪੁੱਟਣੀ ਜੜ੍ਹ
ਅਸੀਂ ਲੜਾਂਗੇ ਨੰਗੇ ਧੜ

ਹਲ਼, ਕਿਤਾਬ, ਰਬਾਬ ਦੇ ਵਾਰਿਸ
ਔਹ ਉੱਠ ਤੁਰੇ ਪੰਜਾਬ ਦੇ ਵਾਰਿਸ

ਸਿੰਘੂ ਭਾਵੇਂ ਹੋਵੇ ਟਿੱਕਰੀ
ਰੋਕਾਂਗੇ ਅਸੀਂ ਨੇਰ੍ਹੀ ਬਿੱਫਰੀ

ਸਿਰਜਾਂਗੇ ਰਲ਼ ਨਵਾਂ ਪੰਜਾਬ
ਬੇਗ਼ਮਪੁਰਾ ਹੈ ਸਾਡਾ ਖ਼ਾਬ

ਜੰਜ ਪਾਪ ਦੀ ਫੇਰ ਚੜ੍ਹੀ ਹੈ
ਸਾਡੀ ਧਿਰ ਚਮਕੌਰ ਗੜ੍ਹੀ ਹੈ

ਮਾਇਆਧਾਰੀ ਅੰਨ੍ਹੇ ਬੋਲ਼ੇ
ਠੱਗਾਂ ਪਾਏ ਵਿਕਾਸ ਦੇ ਚੋਲ਼ੇ

ਹਾਕਮ ਦੀ ਚੱਟੀ ਨਈਂ ਭਰਨੀ
ਅਸਾਂ ਕਿਰਤ ਦੀ ਲੁੱਟ ਨਈਂ ਜਰਨੀ

ਹਾਕਮ, ਅੰਬਾਨੀ ਤੇ ਅਦਾਨੀ
ਕਰ ਨਾ ਸਕਣਗੇ ਹੁਣ ਮਨਮਾਨੀ

ਕਰਨ ਰਾਹ ਲੁੱਟ ਦਾ ਬੰਦ ਆਏ ਨੇ
ਖੇਤਾਂ ਦੇ ਫ਼ਰਜ਼ੰਦ ਆਏ ਨੇ

ਚੂਸਣਗੇ ਹੁਣ ਸਾਡਾ ਖ਼ੂਨ
ਉਹਦੇ ਕਾਲ਼ੇ ਤਿੰਨ ਕਾਨੂੰਨ

ਨਵੇਂ ਸਵੇਰੇ ਲੈ ਕੇ ਆਉਣੇ
ਕਾਲ਼ੇ ਕੁੱਲ ਕਾਨੂੰਨ ਮਿਟਾਉਣੇ

ਜੋ ਸੰਵਿਧਾਨ ਨੂੰ ਸਮਝਣ ਟਿੱਚ
ਸੱਦਣੇ ਲੋਕ ਕਚਹਿਰੀ ਵਿੱਚ

ਜੱਜ ਬਣ ਲਾਉਣਗੇ ਲੋਕ ਕਚਹਿਰੀ
ਹਾਲ਼ੀ, ਕਿਰਤੀ, ਪੇਂਡੂ, ਸ਼ਹਿਰੀ

ਚੜ੍ਹਦੇ ਚੰਨ ਉਮੀਦਾਂ ਦੇ ਹਾਂ
ਵਾਰਿਸ ਅਸੀਂ ਸ਼ਹੀਦਾਂ ਦੇ ਹਾਂ

ਸਾਡੇ ਰਾਹ ਰੁਸ਼ਨਾਵੇ ਉਹ
ਸਤਲੁੱਜ ਜਿਹੜੀ ਦੇਂਦਾ ਲੋ

ਕਲਮ, ਕਿਰਤ ਦੀ ਧੁਰ ਤੋਂ ਯਾਰੀ
ਨਾਲ਼ ਕਿਸਾਨਾਂ ਖੜੇ ਲਿਖਾਰੀ

ਕਿਰਤੀ, ਕਸਬੀ, ਸਾਰੇ ਹਮਦਮ
ਨਾਲ਼ ਕਿਸਾਨਾਂ ਤੁਰੇ ਮੁਲਾਜ਼ਮ

ਨਾ ਕੋਈ ਹਾਕਮ ਨਾ ਸਰਕਾਰ
ਢਿੱਡ ਦੀ ਅੱਗ ਸਕੇ ਨਾ ਠਾਰ

ਨਾ ਕੋਈ ਸੰਸਾ, ਨਾ ਕੋਈ ਸ਼ੱਕ
ਨਾਲ਼ ਸੰਘਰਸ਼ਾਂ ਮਿਲਦੇ ਹੱਕ

ਕਾਲ਼ੇ, ਪੀਲ਼ੇ ਸਭ ਕਾਨੂੰਨ
ਪਾ ਦੇਣੇ ਰੱਦੀ ਦੀ ਜੂਨ

ਹਾਕਮ ਜੋ ਵਿਕਾਸ ਵਿਖਾਵੇ
ਮਿਹਨਤਕਸ਼ਾਂ ਨੂੰ ਰਾਸ ਨਾ ਆਵੇ

ਕੇਹੀ ਤਰੱਕੀ, ਕੇਹਾ ਵਿਕਾਸ
ਜੋ ਲੋਕਾਂ ਨੂੰ ਆਏ ਨਾ ਰਾਸ

ਤੇਰੇ 'ਮਨ ਕੀ ਬਾਤ' ਪਿਆਰੇ
ਬਾਸੀ ਹੋ ਗਈ, ਬਦਬੂ ਮਾਰੇ

ਮੰਗਿਆ ਹੱਕ, ਫਸਾਦੀ ਹੋ ਗਏ
ਅੱਤਵਾਦੀ, ਵੱਖਵਾਦੀ ਹੋ ਗਏ

ਲੋਕ-ਸੰਘਰਸ਼ਾਂ ਦੀ ਬੁਨਿਆਦ
ਲਿਖਤ, ਕਿਸਾਨੀ ਜ਼ਿੰਦਾਬਾਦ

ਨਿੱਤਰੇ ਕਲਮ-ਮਸ਼ਾਲਾਂ ਬਾਲ਼
ਲੇਖਕ ਖੜ੍ਹੇ ਕਿਸਾਨਾਂ ਨਾਲ਼

ਨਾਬਰਪੁਣਾ ਵਿਰਾਸਤ ਸਾਡੀ
ਹੱਕੀ ਯੁੱਧ ਸਿਆਸਤ ਸਾਡੀ

ਗੋਦੀ-ਮੀਡੀਆ ਮਰ-ਮੁੱਕ ਜਾਣਾ
ਲੋਕ ਭਜਾਉਣਗੇ ਗਿੱਦੀ ਲਾਣਾ

ਉਹ ਕਾਹਦਾ ਹੈ ਪੱਤਰਕਾਰ
ਠੋਕੇ ਜਿਹਦੀ ਪਿੱਠ ਸਰਕਾਰ

ਗੋਦੀ, ਟੋਢੀ, ਚੈਨਲ਼ਾਂ ਵਾਲ਼ੇ
ਇਕ ਦਿਨ ਮੂੰਹ ਕਰਾਉਣਗੇ ਕਾਲ਼ੇ

ਰੋਲ਼ ਦੇਣਗੇ ਝੂਠ ਤੁਹਾਡੇ
ਚੈਨਲ ਬਣੇਂ ਟਰੈਕਟਰ ਸਾਡੇ

ਸੱਚ ਦੀ ਪਹਿਰੇਦਾਰ ਹੈ ਸਾਡੀ
ਸਾਡੀ ਹਿੱਕ ਅਖ਼ਬਾਰ ਹੈ ਸਾਡੀ

ਸੱਚ ਦੀ ਫ਼ਤਹਿ ਗਜਾਉਂਦੇ ਲੋਕ
ਕੰਧ ਕੂੜ ਦੀ ਢਾਹੁੰਦੇ ਲੋਕ

ਹੱਕ ਦੀ ਅਲਖ ਜਗਾਉਂਦੇ ਰਹਿਣਾ
ਲੜ ਕੇ ਕਿਰਤ ਬਚਾਉਂਦੇ ਰਹਿਣਾ

ਮਨ-ਮਸਤਕ ਨੂੰ ਸ਼ੁੱਧ ਕਰਾਂਗੇ
ਖ਼ੁਦਕੁਸ਼ੀਆਂ ਨਈਂ, ਯੁੱਧ ਕਰਾਂਗੇ

ਮਜਮੇਬਾਜ਼, ਮਦਾਰੀ ਹਾਕਮ
ਮੂੜ, ਮੁਖੌਟੇਧਾਰੀ ਹਾਕਮ

ਪਾਈ ਰੱਖਦਾ ਸਦਾ ਕਲੇਸ਼
ਇਸ ਹਾਕਮ ਤੋਂ ਤੰਗ ਹੈ ਦੇਸ਼

ਧਨ-ਕੁਬੇਰਾਂ ਦੇ ਢਾਹ ਗੜ੍ਹ
ਸਰਮਾਏ ਦੀ ਪੁੱਟਣੀ ਜੜ੍ਹ

ਲੂਹ ਹਾਕਮ ਦੇ ਜਾਲ਼ ਤੁਰੇ ਨੇ
ਲੋਕ ਮਸ਼ਾਲਾਂ ਬਾਲ਼ ਤੁਰੇ ਨੇ

ਬੱਚੇ, ਬੁੱਢੇ ਤੇ ਮੁਟਿਆਰਾਂ
ਹਾਕਮ ਲਈ ਬਣ ਗਏ ਵੰਗਾਰਾਂ

ਸ਼ਾਖਸ਼ਾਤ ਕੁਰਬਾਨੀਆਂ ਜੁੜੀਆਂ
ਮਾਵਾਂ, ਦਾਦੀਆਂ, ਨਾਨੀਆਂ ਜੁੜੀਆਂ

ਹੱਕ-ਸੱਚ ਦੀ ਢਾਲ਼ ਬਣੇਂਗੀ
ਹਰ ਇਕ ਅੱਖ ਮਸ਼ਾਲ ਬਣੇਂਗੀ

ਹਾਲ਼ੀ ਹਾਂ, ਅਪਰਾਧੀ ਨਈਂ ਹਾਂ
ਵੱਖਵਾਦੀ, ਅੱਤਵਾਦੀ ਨਈਂ ਹਾਂ

ਅੰਨ-ਦਾਤਿਆਂ ਦੀ ਵੰਗਾਰ
ਅੰਤਿਮ ਵਾਰ ਮੋਦੀ ਸਰਕਾਰ

ਹਾਕਮ ਨੂੰ ਜ਼ਿੱਦ ਛੱਡਣੀ ਪੈਣੀ
ਹੱਕ-ਸੱਚ ਦੀ ਜਿੱਤ ਹੋ ਕੇ ਰਹਿਣੀ

ਹਾਕਮ ਨੇ ਜੇ ਜ਼ਿੱਦ ਨਾ ਛੱਡੀ
ਪਊ ਤਾਰਨੀ ਕੀਮਤ ਵੱਡੀ

ਜਿੱਤ ਦਾ ਪਰਚਮ ਲੋਕ ਫੜ੍ਹਨਗੇ
ਹਾਰ ਦੀ ਹਿੱਕ 'ਤੇ ਪੈਰ ਧਰਨਗੇ

ਨਾ ਰੁਕਣਾ ਨਾ ਟਿਕ ਕੇ ਬਹਿਣਾ
ਅਸੀਂ ਜਿੱਤ ਤਕ ਜੂਝਦੇ ਰਹਿਣਾ

ਮੋਹ-ਮੁਹੱਬਤ ਗੀਤ ਰਹਿਣਗੇ
ਲੋਕ-ਘੋਲ਼ ਸੁਰਜੀਤ ਰਹਿਣਗੇ

••

# ਝੰਡੇ ਨਿਕਲੇ ਕੂਚ ਦੀ ਘੜੀ ਆਈ

## (ਸੰਘਰਸ਼ ਦਾ ਮਹਾਂ-ਬ੍ਰਿਤਾਂਤ)

ਜਦੋਂ ਖੇਤ ਜਾਗਦੇ
ਜੂਹਾਂ ਜਾਮਾ ਬਦਲਦੀਆਂ
ਪਿੰਡ ਪਰਗਾਸੇ ਜਾਂਦੇ
ਸ਼ਹਿਰ ਸਰਕਣ ਲਗਦੇ
ਰਾਹਾਂ ਮੰਜ਼ਿਲਾਂ ਮਾਰਦੀਆਂ
ਸੜਕਾਂ ਸੁਪਨੇ ਸਿਰਜਦੀਆਂ
ਉਦੋਂ, ਠੀਕ ਉਦੋਂ,
ਲੋਕ–ਲਾਮ ਦਾ ਬਿਗਲ ਵੱਜਦਾ
ਕੂਚ ਦੀ ਘੜੀ ਆਉਂਦੀ
ਹਲ਼ ਹਥਿਆਰ ਬਣਦੇ
ਟਰੈਕਟਰ, ਟੈਂਕ ਹੋ ਨਿਬੜਦੇ
ਟਰਾਲੀਆਂ ਕੱਚੀਆਂ ਗੜ੍ਹੀਆਂ

ਤਿਰਪਾਲਾਂ ਲੋਕ–ਰੋਹ ਦੇ
ਚੰਦੋਏ ਤਾਣ ਦੇਂਦੀਆਂ
ਅਮਲ ਸ਼ਬਦ ਨੂੰ ਸਾਕਾਰ ਦੇਂਦਾ
ਜਜ਼ਬਾ ਚੇਤਨਾ ਨੂੰ ਧਾਰ ਦੇਂਦਾ
ਕਿਤਾਬ ਸੱਚ ਅਲਾਉਂਦੀ
ਰਬਾਬ 'ਬਾਬਰਵਾਣੀ' ਗਾਉਂਦੀ
ਹੂਕ ਤੇ ਹੇਕ ਵਿਚਲਾ
ਵਕਫ਼ਾ ਸਿਮਟਦਾ
ਸ਼ਾਇਰੀ ਤੇ ਸੰਘਰਸ਼ ਦੀ
ਵਿੱਥ ਮਿਟਦੀ
ਕੂਚ ਦੀ ਘੜੀ ਅਮਰ ਹੋ ਜਾਂਦੀ

ਰੱਬ ਬੌਹੜਿਆਂ ਨਾ ਬੌਹੜਿਆ ਮਸੀਹਾ
ਦੁੱਖਾਂ ਨੇ ਸਾਡੇ ਸਾਹ ਡੀਕ ਲਏ

ਨੀਲੀ ਛਤਰੀ ਸਲਾਮਤ ਤੇਰੀ
ਮਿੱਟੀ-ਮਾਂ ਦਾ ਮਾਣ ਟੁੱਟਿਆ

ਸਾਨੂੰ ਔੜਾਂ ਦੀ ਅੜੀ ਨੇ ਭੰਨ ਸੁੱਟਿਆ
ਬਹੁਤੀਆਂ ਘਟਾਵਾਂ ਵਾਲ਼ਿਆ

ਤੇਰਾ ਅਰਸ਼ੀ ਤਖ਼ਤ ਨਾ ਤੁੱਠਿਆ
ਹੰਭ ਗਏ ਹਮਾਇਤ ਮੰਗਦੇ

ਅਸੀਂ ਹੰਭ ਗਏ ਡੰਡੌਤਾਂ ਕਰਦੇ
ਤੂੰ ਸ਼ਾਹਾਂ ਵਿਹੜੇ ਵੜਿਆ ਰਿਹੋਂ

ਸਾਨੂੰ ਕਰਕੇ ਨਿਓਟੇ, ਓਟੀਂ ਵੱਸਦੇ
ਨੋਟਾਂ ਵਾਲ਼ੇ ਤੇਰੇ ਜ਼ੋਰ 'ਤੇ

ਸਾਡੇ ਲੇਖਾਂ 'ਚ ਤਬਾਹੀ ਲਿਖਦੈਂ
ਤੂੰ ਓਨ੍ਹਾਂ ਨੂੰ ਤੂਫ਼ਾਨ ਥਾਪ ਕੇ

ਚੱਕੀ ਤੇਰੀਆਂ ਮਿਹਰਾਂ ਦੀ ਲੈ ਕੇ
ਦਿੱਲੀ ਸਾਨੂੰ ਦਲਣ ਤੁਰੀ

ਸਾਡੇ ਖੇਤਾਂ ਨੂੰ ਨਿਲਾਮੀ ਘੂਰੇ
ਅਸੀਂ ਰਹਿੰਦੇ ਤੇਰੀ ਝਾਕ 'ਤੇ

ਕਿਉਂ ਨਾ ਟਾਹਣ ਉਹ ਤੜੱਕ ਦੇ ਕੇ ਟੁੱਟਦਾ
ਜਿਹਦੇ 'ਤੇ ਸਾਡੀ ਦੇਹ ਲਟਕੇ

ਲੱਜ ਬਾਪੂ ਦੇ ਗਲ਼ੇ 'ਚ ਕਿੰਝ ਪੈ ਗਈ
ਜੋ ਧੀਆਂ ਦੀ ਸੀ ਪੀਂਘ ਵਾਸਤੇ

ਸਾਡਾ ਟੁੱਕ ਕਿਉਂ ਉਨ੍ਹਾਂ ਦੀ ਅੱਖੀਂ ਰੜਕੇ
ਜਿਨ੍ਹਾਂ ਦਾ ਅਸੀਂ ਢਿੱਡ ਭਰਦੇ

ਜਿੰਦ-ਜਾਨ ਨੇ ਅਸਾਡੀ ਖੇਤ ਸਾਡੇ
ਬੋਲੀ 'ਤੇ ਦੱਸ ਕਿੱਦਾਂ ਲਾ ਦੀਏ

ਕੌਣ ਕਰਕੇ ਤਮ੍ਹਾਂ ਦੀਆਂ ਵਾੜਾਂ
ਖੇਤਾਂ ਦੇ ਨਿੱਤ ਸਾਹ ਸੂਤਦਾ

ਕੌਣ ਨਦੀਆਂ ਨੂੰ ਨਾਚ ਨਚਾਵੇ
ਫ਼ਸਲਾਂ ਨੂੰ ਪਾ ਕੇ ਸੁੱਕਣੇ

ਅੱਗ ਵਿਹੜੇ 'ਚ ਸਿਵੇ ਦੀ ਕਿੱਦਾਂ ਆ ਗਈ
ਚੁੱਲ੍ਹਿਆਂ 'ਚ ਘਾਹ ਉੱਗਿਆ

ਕਿੱਦਾਂ ਤਲ਼ੀਆਂ 'ਤੇ ਸਰ੍ਹੋਂ ਉਹ ਉਗਾਉਂਦੇ
ਪੈਲ਼ੀਆਂ 'ਚ ਡਾਕੇ ਮਾਰ ਕੇ

ਸਾਡੇ ਘਰਾਂ 'ਚ ਭੜੋਲੇ ਕਿਉਂ ਖ਼ਾਲੀ
ਸ਼ਾਹਾਂ ਦੇ ਗੋਦਾਮ ਆਫ਼ਰੇ

ਹਾਲ਼ੀ ਹੋ ਕੇ ਹੱਥਲ ਕਿਉਂ ਬੈਠਾ
ਮੰਡੀ ਨੂੰ ਮਿੱਟੀ-ਮਾਂ ਪੁੱਛਦੀ

ਜਿਹੜਾ ਗੁੱਲੀ ਵੀ ਘੜਨ ਨਾ ਜਾਣੇ
ਕਿੱਦਾਂ ਉਹ ਕਾਨੂੰਨ ਘੜਦੈ

ਕਿੱਦਾਂ ਕਾਲ਼ਿਆਂ ਕਾਨੂੰਨਾਂ ਢੱਕਣੀ
ਕਾਲ਼ੀ ਨੀਤ ਤੇਰੀ ਹਾਕਮਾ

ਮੋਦੀਖ਼ਾਨੇ 'ਚ ਉਜਾੜਾ ਜਿਹਨੇ ਪਾਇਆ
ਉਹ ਮੋਦੀ ਕਿੱਦਾਂ ਹਿੱਕ ਤਾਣਦੈ

ਸਾਡੀ ਪਿਆਸ ਵੀ ਬੋਲੀ 'ਤੇ ਜਿੰਨ੍ਹਾਂ ਲਾਈ
ਓਨ੍ਹਾਂ ਨੂੰ ਕਿੱਦਾਂ ਖ਼ੂਹ ਮੰਨੀਏ

ਸਾਡੇ ਪਿੰਡਾਂ ਦੀ ਹਰਾਮ ਨੀਂਦ ਹੋਈ
ਦਿੱਲੀ ਨੂੰ ਕਿੱਦਾਂ ਦੇਈਏ ਲੋਰੀਆਂ

ਧੋਣ ਵਾਸਤੇ ਕਾਨੂੰਨੀ ਕੋਹੜ ਤੇਰਾ
ਸੱਥਾਂ 'ਚ ਕਿਉਂ ਨਾ ਹੋਣ ਫ਼ੈਸਲੇ

ਤੇਰੇ ਮੱਥੇ 'ਚ ਵਲਿੰਗ ਕਿਉਂ ਪੈਂਦੇ
ਲੋਕੀ ਜਦੋਂ ਹੱਕ ਮੰਗਦੇ

ਅਸੀਂ ਤੇਰੇ ਤੋਂ ਖ਼ੈਰਾਤਾਂ ਕਿਉਂ ਮੰਗੀਏ
ਹੱਕਾਂ ਦੀ ਮਸ਼ਾਲ ਛੱਡ ਕੇ

ਤੈਨੂੰ ਦੇਸ਼-ਧ੍ਰੋਹੀ ਕਿਉਂ ਲੱਗਦੇ
ਅੰਨ-ਦਾਤੇ ਪੂਰੇ ਦੇਸ਼ ਦੇ

ਕਿਉਂ ਨਾ ਸਾਡਿਆਂ ਸਵਾਲਾਂ ਉੱਤੇ ਜੁੜਦੀ
ਵੱਡੀ ਪੰਚਾਇਤ ਦੇਸ਼ ਦੀ

ਤੈਨੂੰ ਪੁੱਛੂਗੀ ਵਤਨ ਕਿੰਞ ਵਿਕਿਆ
ਸੰਸਦ ਹਾਲ਼ੀਆਂ ਦੀ

ਤੇਰੀ ਪਾਰਲੀਮੈਂਟ ਦੇ ਪਰਦੇ
ਕਿਉਂ ਨਾ ਹੋਣ ਪਾਰਦਰਸ਼ੀ

ਲਾਲ ਕਿਲ੍ਹੇ ਤੋਂ ਅਸੀਂ ਕੀ ਲੈਣਾ
ਸਾਨੂੰ ਭਾਅ ਪੈਲ਼ੀਆਂ ਦਾ

ਸਾਨੂੰ ਦੱਸ ਕੀ ਖੇਤਾਂ ਦੇ ਪੱਲੇ ਪੈਣਾ
ਝੰਡਾ ਲਾ ਕੇ ਲਾਲ ਕਿਲ੍ਹੇ 'ਤੇ

ਅਸੀਂ ਕਿਲ੍ਹਿਆਂ 'ਤੇ ਝੰਡੇ ਕਿਉਂ ਝੁਲਾਈਏ
ਮੋਢਿਆਂ ਦਾ ਮਾਣ ਤੋੜ ਕੇ

ਤੱਕ ਸੱਜਦੀ ਪਰੇਡ ਕਿਸਾਨੀ
ਤੈਨੂੰ ਕਿਉਂ ਪੈਂਦੇ ਹੌਲ ਹਾਕਮਾਂ

ਸਾਡਾ ਜ਼ਿਕਰ ਕਿਉਂ ਨਈਂ ਆਉਂਦਾ
ਤੇਰੀਆਂ ਕਿਤਾਬਾਂ ਵਿੱਚ ਵੇ

ਧਾਰੀ ਨੀਤ ਕਿਉਂ ਫ਼ਰੰਗੀਆਂ ਵਾਲ਼ੀ
ਪਾੜੋ ਅਤੇ ਰਾਜ ਕਰੋ ਦੀ

ਪਾ ਕੇ ਮੂੰਹ 'ਚ ਘੁੰਗਣੀਆਂ ਬਹਿ'ਜੇਂ
ਲੋਕਾਂ ਦੇ ਸਵਾਲ ਸੁਣ ਕੇ

ਤੇਰੀ ਚੁੱਪ ਦਾ ਚੁਰਾਹੇ ਭਾਂਡਾ ਭੰਨਣਾ
ਰੈਲੀਆਂ 'ਚ ਰੌਲ਼ਾ ਪਾਉਨਿਆ

ਅਸੀਂ 'ਮਨ ਕੀ ਬਾਤ' ਨਈਂ ਸੁਣਨੀ
ਸਾਡੀ ਜੇ ਤੂੰ ਗੱਲ ਨਾ ਸੁਣੀਂ

ਸਾਨੂੰ ਭੁੱਲੀ ਨਈਂ ਹੈ ਖਿੰਗਰੀ ਖ਼ਾਮੋਸ਼ੀ
ਮਨਮੋਹਣੇ ਸਾਊ ਪੁੱਤ ਦੀ

ਖੁੱਲ੍ਹੀ ਮੰਡੀ ਦਾ ਖਲਾਰਾ ਉਹਦਾ
ਬਾਦਰਾਂ ਨੂੰ ਰਾਸ ਆ ਗਿਆ

ਕਿੱਲ ਬਣ ਕੇ ਰਾਹਾਂ 'ਚ ਉੱਗ ਆਏ
ਉਹ ਜਿਹੜੇ ਕੰਡੇ ਬੀਜ ਗਿਆ

ਸਾਨੂੰ ਜੁਮਲੇਬਾਜ਼ਾਂ ਦੇ ਵੱਸ ਪਾ ਕੇ
ਆਪ ਮੋਹਣਾ ਮੌਨ ਹੋ ਗਿਆ

ਅਸੀਂ ਉਹਨੂੰ ਵੀ ਮਾਫ਼ ਨਈਂ ਕੀਤਾ
ਤੈਨੂੰ ਕਿੱਦਾਂ ਬਖ਼ਸ਼ਾਂਗੇ

ਸਾਡੀ ਜੁੜ ਗਈ ਪਚੈਤ ਤੇਰੇ ਦਰ 'ਤੇ
ਦਗ਼ਿਆਂ 'ਚ ਜੱਗ ਜੇਤੂਆ

ਜਿਹੜੇ ਛੱਡੇ ਤੂੰ ਸੁਆਲ ਅਣ-ਸੁਲਝੇ
ਉਹ ਹਾਲ਼ੀਆ ਨੇ ਹੱਲ ਕਰਨੇ

ਝੰਡੇ ਚੁੱਕ ਲਏ ਸੰਘਰਸ਼ਾਂ ਵਾਲ਼ੇ
ਕਿਰਤੀ, ਕਿਸਾਨ, ਕਾਮਿਆਂ

ਮੱਲ ਬਹਿ ਗੀਆਂ ਵਹੀਰਾਂ ਸੜਕਾਂ
ਟੋਲ-ਪਲਾਜ਼ਿਆਂ 'ਤੇ

ਅਸੀਂ ਹੋਰ ਚੱਟੀ ਨਈਂ ਭਰਨੀ
ਤੇਰਿਆਂ ਮੁਕੱਦਮਾਂ ਦੀ

ਜਿਹੜੇ ਘੜੇ ਤੂੰ ਕਾਨੂੰਨ ਤਿੰਨ ਕਾਲ਼ੇ
ਘੜੇ 'ਚ ਪਾ ਕੇ ਡੂੰਘੇ ਦੱਬਣੇ

ਜਾਮ ਹੋ ਗਏ ਰੇਲਾਂ ਦੇ ਪਹੀਏ
ਲੈਣਾਂ 'ਤੇ ਪੇਂਡੂ ਪੁੱਤ ਬਹਿ ਗਏ

ਬਾਦ ਵਰ੍ਹਿਆਂ ਹੱਕਾਂ ਲਈ ਹਿੱਕ ’ਚ ਤਣ ਕੇ
ਗੱਜ ਕੇ ਪੰਜਾਬ ਉੱਠਿਆ

ਬੱਤੀ ਚੁੱਲ੍ਹੇ ਸੀ ਵੱਖੋ-ਵੱਖ ਧੁਖਦੇ
ਕੱਠੇ ਹੋ ਕੇ ਲਾਟ ਬਣ ਗਏ

ਪਿੰਡਾਂ ਲਾ ’ਤੇ ਠੀਕਰੀ ਪਹਿਰੇ
ਲੋਟੂਆਂ ਦੇ ਵੱਗ ਘੇਰਨੇ

ਝੰਡੇ ਨਿਕਲੇ ਕਿਸਾਨੀ ਕੂਚ ਹੋਇਆ
ਦਿਲਾਂ ’ਚ ਦਮਾਮੇ ਵੱਜ ਪਏ

ਸੈਆਂ ਤੁਰ ਪਏ ਟਰੈਕਟਰ ਧਾ ਕੇ
ਦਿੱਲੀ ਵਾਲ਼ੀ ਜੀ.ਟੀ. ਰੋਡ ’ਤੇ

ਦੂਜਾ ਖੁੱਲ੍ਹਿਆ ਮੁਹਾਜ ਖਨੌਰੀ
ਰੋਹਤਕੋਂ ਹੋ ਦਿੱਲੀ ਜਾਣ ਦਾ

’ਵਾਜ ਆਪਣੀ ਪਾਉਣ ਦਾ ਦਾਈਆ
ਬੋਲ਼ੀ ਸਰਕਾਰ ਦੇ ਕੰਨੀ

ਤਾਜਾਂ-ਤਖ਼ਤਾਂ ਦੀ ਸਾਡੀ ਨਾ ਲੜਾਈ
ਹੱਕਾਂ ਲਈ ਸਾਨੂੰ ਪਿਆ ਜੂਝਣਾ

ਸਾਡੇ ਖੇਤਾਂ ’ਚ ਕਰਨ ਖਰਮਸਤੀ
ਵਿਹਲੇ ਵੱਗ ਤੇਰੇ ਹਾਕਮਾ

ਰਹਿਣ ਸਹਿਮੀਆਂ ਸਾਡੀਆਂ ਫ਼ਸਲਾਂ
ਤੂੰ ਕਿੱਦਾਂ ਦੀਆਂ ਵਾੜਾਂ ਕਰਦੈਂ

ਸਾਨੂੰ ਲੱਗਣ ਲੁਟੇਰੇ ਸਾਊ ਲੱਗ ਪਏ
ਤੇਰੀ ਚੌਂਕੀਦਾਰੀ ਵੇਖ ਕੇ

ਪਾ ਕੇ ਨੇਰ੍ਹ ਤੂੰ ਕਰੋਨਾ ਵਾਲ਼ਾ
ਘਰਾਂ ਨੂੰ ਸਾਡੇ ਸੰਨ੍ਹ ਲਾ ਲਈ

ਸਾਨੂੰ ਵਾਂਗ ਔਲਾਦ ਪਿਆਰੇ
ਤੂੰ ਜਿਹੜੇ ਖੇਤ ਖੋਹਣ ਨੂੰ ਫਿਰੇਂ

ਵੱਧ ਸੋਨਿਓਂ ਕੀਮਤੀ ਜਿਣਸਾਂ
ਤੂੰ ਚਾਹਵੇਂ ਮਿੱਟੀ ਮੁੱਲ ਵੇਚੀਏ

ਰਾਖੀ ਆਪਣੇ ਰਿਜ਼ਕ ਦੀ ਕਰਨੀ
ਹਾਲ਼ੀਆਂ ਦੀ ਰੀਤ ਧੁਰ ਤੋਂ

ਤੰਬੂ ਗੱਡ ਲਏ ਮਝੈਲਾਂ ਕਿਧਰੇ
ਦੋਆਬੀਆਂ ਨੇ ਪਿੜ ਮੱਲ ਲਏ

ਖ਼ੁਦਕੁਸ਼ੀਆਂ ਦਾ ਚਿਰਾਂ ਤੋਂ ਸਤਾਇਆ
ਮਾਲਵਾ ਦਹਾੜ ਕੇ ਪਿਆ

ਜੀਅ ਉੱਠਿਆ ਅਜੀਤ ਸਿੰਘ ਚਾਚਾ
ਹਾਲ਼ੀਆਂ 'ਚ ਜਾਗੀ ਚੇਤਨਾ

ਚਹੁੰ ਕੂਟਾਂ 'ਚੋਂ ਆਵਾਜ਼ਾਂ ਉੱਠੀਆਂ
ਪਗੜੀ ਸੰਭਾਲ ਸੋਹਣਿਆ

ਵਾਂਗ ਗ਼ਦਰੀ ਬਾਬਿਆਂ ਤੁਰ ਪਏ
ਸੱਥਾਂ 'ਚੋਂ ਬਾਬੇ ਗੱਜ-ਵੱਜ ਕੇ

ਸੇਵਾ ਸਿੰਘ ਉਹ ਠੀਕਰੀਵਾਲ਼ਾ
ਪਿੰਡੋ-ਪਿੰਡੀ ਜਾਗ ਪਿਆ

ਜਿਨ੍ਹਾਂ ਢਾਹੀ ਸੀ ਜਾਗੀਰਦਾਰੀ ਭੂਸਰੀ
ਪਿੱਠਾਂ 'ਤੇ ਖਲੋ ਗਏ ਆਣ ਕੇ

ਅਸਾਂ ਇੰਚ ਪਿੱਛੇ ਨਈਂ ਰਹਿਣਾ
ਧਾਰਿਆ ਪੁਆਧੀਆਂ ਨੇ

ਥਾਂ-ਥਾਂ ਦੱਬੀਆਂ ਅਡਾਨੀ ਦੀਆਂ ਪੈੜਾਂ
ਅੰਬਾਨੀਆਂ ਦੇ ਮੌਲ ਘੇਰ ਲਏ

ਜਾਜ੍ਹ ਬਣ ਕੇ ਟਰੈਕਟਰ ਉੱਤਰੇ
ਸੁੱਕੀਆਂ ਬੰਦਰਗਾਹਾਂ 'ਤੇ

ਪੱਕੇ ਪੈਰੀਂ ਹੋ ਪੈਲੀਆਂ ਵਾਹੀਆਂ
ਏਸ ਵਾਰੀ ਹਾਲ਼ੀਆਂ ਨੇ

ਸੀਆਂ ਭੋਏਂ ਨੂੰ ਐਸੀਆਂ ਲਾਈਆਂ
ਸਿਆੜਾਂ ਵਿੱਚੋਂ ਲੋਅ ਮੌਲ ਪਈ

ਨਾਲ਼ ਹਲ਼ਾਂ ਦੇ ਕਿਤਾਬਾਂ ਮਿਲ਼ੀਆਂ
ਰੂਹਾਂ 'ਚੋਂ ਰਬਾਬ ਬੋਲ ਪਈ

ਰੰਗ-ਕਰਮੀ ਤੇ ਸ਼ਾਇਰ, ਲਿਖਾਰੀ
'ਛੱਟਾ ਦੇਂਦੇ ਚਾਨਣਾਂ' ਦਾ

ਅਸਾਂ ਕੂੜ ਫਲਣ ਨਈਂ ਦੇਣਾ
ਤੇਰੇ ਗੋਦੀ ਮੀਡੀਏ ਦਾ

ਰਾਜਧਾਨੀਓਂ 'ਖਬਾਰ ਇਕ ਨਿੱਤਰੀ
ਸੰਘਰਸ਼ਾਂ ਦੀ ਧਿਰ ਬਣ ਕੇ

ਇਕ ਪਾਸੇ ਫਾਸ਼ੀਵਾਦੀਏ, ਵਪਾਰੀ
ਦੂਜੇ 'ਸਵਰਾਜ' ਦੇ ਸਖੇ

ਲੋਕਾਂ ਹੂੰਝ'ਤਾ ਦਿਨਾਂ 'ਚ ਕੁੱਲ ਕੂੜਾ
ਗੰਦ-ਪਾਊ ਗਲ਼ੇਬਾਜ਼ਾਂ ਦਾ

ਫੇਰ ਨਿੱਤਰੇ ਗਵੱਈਏ ਮਿੱਟੀ-ਮਾਂ ਦੇ
ਨਾਬਰੀ ਦਾ ਨੂਰ ਬਣ ਕੇ

ਮਾਵਾਂ ਤੋਰ 'ਤੇ ਲਾਡਲੇ ਗੱਭਰੂ
ਲੱਧੀ ਨੇ ਜਿੱਦਾਂ ਦੁੱਲਾ ਤੋਰਿਆ

ਭੈਣਾਂ ਆਖਿਆ ਵੀਰਾਂ ਨੂੰ ਜਾਓ ਡਟ ਜੋ
ਪਿੱਛੇ-ਪਿੱਛੇ ਅਸੀਂ ਆਊਨੀਆਂ

ਹੱਲਾ ਬੋਲ ਕੇ ਕਿਸਾਨੀ ਤੁਰ ਪਈ
ਨੰਗੇ ਧੜ ਲੜਨ ਲਈ

ਵੱਡਾ ਹਲ਼ਾਂ ਤੋਂ ਹੋਇਆ ਨਾ ਹੋਣਾ
ਹਥਿਆਰ ਦੁਨੀਆਂ 'ਤੇ

ਸਾਨੂੰ ਫੇਰਨਾ ਸਵਾਗ੍ਹਾ ਆਉਂਦਾ
ਤੜ-ਬਾਜ਼ ਧੋੜ੍ਹੀਆਂ 'ਤੇ

ਸਾਡੇ ਗਿਰੜੇ ਗੇੜੀਆਂ ਲਾਉਂਦੇ
ਡੰਡ-ਪਾਊ ਡਲ਼ੇ ਭੰਨਣੇ

ਚੁੱਕੀ ਤੰਗਲੀ ਕਿਸੇ ਨੇ ਸਾਂਘਾ ਚੁੱਕਿਆ
ਪਿੜਾਂ ਦੇ ਵਿੱਚੋਂ ਲੋਹ ਹੂੰਝਣੀ

ਪਹਿਲਾਂ ਦਾਤੀਆਂ, ਫੇਰ ਕੰਬਾਈਨਾਂ
ਹੱਕਾਂ ਦੀ ਫ਼ਸਲ ਸਾਂਭਣੀ

ਸੰਨ ਵੀਹ ਦਾ ਨਵੰਬਰ ਛੱਬੀਵਾਂ
ਨੂਰੋ-ਨੂਰ ਹੋ ਕੇ ਚੜ੍ਹਿਆ

ਆਣ ਉੱਤਰੇ ਸੰਘਰਸ਼ੀ ਸੂਰੇ
ਸ਼ੰਭੂ ਵਾਲੇ ਬੈਰੀਅਰ 'ਤੇ

ਬਾਗ਼ ਜੱਲ੍ਹਿਆਂਵਾਲੇ ਦੀਆਂ ਪੈੜਾਂ
ਪੈਰਾਂ ਨੂੰ ਪਨਾਹ ਦੇਂਦੀਆਂ

ਮੂਹੜ–ਮੱਤੀਆ ਮਨੋਹਰਾ ਭੁੜਕੇ
ਅੱਗੋਂ ਉਡਵਾਇਰ ਦੀ ਤਰ੍ਹਾਂ

ਆਣ ਬੀੜੀਆਂ ਪਾਣੀ ਦੀਆਂ ਤੋਪਾਂ
ਨਾਲ਼ ਹੰਝੂ ਗੈਸ ਦੀਆਂ

ਲਾਲ ਕਿਲ੍ਹੇ ਦੀ ਫ਼ਸੀਲ ਵਾਂਗੂ ਚਿਣ ਕੇ
ਪੱਥਰਾਂ ਦੇ ਢੇਰ ਲਾ ਦਿੱਤੇ

ਲੋਕ–ਹੜ੍ਹਾਂ ਦੀ ਸਾਰ ਨਾ ਤੈਨੂੰ
ਆਖ ਕੇ ਘੱਗਰ ਘੂਰਿਆ

ਥਾਰੇ ਬੱਸ ਮਾਂ ਨਾ ਇਨੇ ਰੋਕ ਪਾਣਾ
ਯੋ ਹੈਂ ਦਰਿਆ ਸ਼ੂਕਦੇ

ਦੂਜੇ ਪਾਸਿਓਂ ਮਾਰਿਆ ਦਬਕਾ
ਦੱਬ ਦੇ ਕੇ ਮਾਰਕੰਡੇ ਨੇ

ਨਾਲ਼ ਸਿਰਾਂ ਦੇ ਜੁੜੇ ਸਿਰ ਆ ਕੇ
ਬਾਹਵਾਂ ਦੇ ਨਾਲ਼ ਬਾਹਵਾਂ ਮਿਲ਼ੀਆਂ

ਆਣ ਢੁੱਕਿਆ ਪਲਾਂ ਮਾਂ ਹਰਿਆਣਾ
ਹਾਕ ਪੰਜਾਬ ’ਤੇ ਪਈ

ਬਿਨਾਂ ਪਾਣੀਓਂ ਘੱਗਰ ਝੂਮ ਉੱਠਿਆ
ਲਹਿਰਾਂ ਵੇਖ ਲੋਕਤਾ ਦੀਆਂ

ਖੱਟੀ ਖੱਟ ਲਈ ਖੱਟਰ ਨੇ ਭਾਰੀ
ਖੋਟਾ ਖੜਕਾ ਕੇ ਡਮਰੂ

ਉਹਨੂੰ ਥਾਪੜਾ ਰਾਸ ਨਾ ਆਇਆ
ਦਿੱਲੀ ਵਾਲ਼ੇ ਆਕਿਆਂ ਦਾ

ਕਾਨ੍ਹਪੁਰ ਦੇ ਨਗਾਰਖ਼ਾਨੇ ਵਾਲ਼ੀ
ਤੂਤੀ ਵੀ ਕਿਤੇ ਬੋਲ ਨਾ ਸਕੀ

ਜਿਵੇਂ ਬੱਦਲ ਪਹਾੜੀਂ ਫਟਦੇ,
ਲੋਕਾਂ ਦਾ ਸਬਰ ਫੁੱਟਿਆ

ਸੈਆਂ ਪੱਥਰ ਟਨੋ-ਟੱਨ ਭਾਰੀ
ਖਿੱਦੋ ਵਾਂਗੂ ਲੋਕਾਂ ਰੇੜ੍ਹ 'ਤੇ

ਜਲ-ਤੋਪਾਂ ਦੇ ਭਵਾਂ ਦਿੱਤੇ ਬੂਥੇ
ਬੰਦੇ ਦਿਆਂ ਬੰਦਿਆਂ ਨੇ

ਚੱਕ ਫੈਂਕ 'ਤੇ ਘੱਗਰ ਮਾਂ ਸਾਰੇ
ਨਾਕੇ-ਛਾਕੇ ਢਾਈ ਫੱਟ ਮਾਂ

ਪਿੰਡ ਤੁਰ ਪਏ ਤਹੱਈਆ ਕਰ ਕੇ
ਪੈਲ਼ੀਆਂ ਦਾ ਪੱਖ ਪੂਰਨਾ

ਹਰ ਥਾਂ ਨੂੰ ਬਣਨ ਨਈਂ ਦੇਣਾ
ਅਸੀਂ ਬਾਗ਼ ਜੱਲ੍ਹਿਆਂ ਦਾ

ਰੰਗ-ਰੰਗ ਦੇ ਟਰੈਕਟਰ ਦਿਸਦੇ
ਸ਼ਾਹ-ਰਾਹ 'ਤੇ ਛਾਵਾਂ ਕਰਦੇ

ਗੰਢਾਂ ਪਿੱਪਲੀ ਪੀਡੀਆਂ ਪਾਈਆਂ
ਤੇ ਕਰਨਾਲ ਕੀਲਿਆ ਗਿਆ

ਧੰਨ ਹੋ ਗਿਆ ਵੇਖ ਕੁਰਸ਼ੇਤਰ
ਹੱਲਾ ਬੋਲ ਹੱਕ-ਸੱਚ ਦਾ

ਅੰਨ੍ਹੇ ਤਾਜ ਨੂੰ ਤਰੇਲੀਆਂ ਆਈਆਂ
ਲੋਕਤਾ ਦਾ ਮੇਘ ਗਰਜੇ

ਜਿੱਦਾਂ ਟੁੱਟਿਆ ਹਸਤਨਾਪੁਰ ਦਾ
ਦਿੱਲੀ ਦਾ ਵੀ ਹਠ ਟੁੱਟਣਾ

ਪਾਣੀਪਤ ਨੇ ਗਵਾਹੀ ਪਾ'ਤੀ
ਏਥੋਂ ਦੀ ਕਿੰਨੇ ਲੰਘੇ ਕਾਫ਼ਲੇ

ਬਾਹਵਾਂ ਖੋਲ੍ਹ ਕੇ ਕਿਹਾ ਜੀ-ਸਦਕੇ
ਮੂਹਰੇ ਹੋ ਕੇ ਸੋਨੀਪਤ ਨੇ

ਸਾਡੀ ਦਿੱਲੀ ਦੇ ਦਰੋਗੇਪਣ ਨੇ
ਸਿੰਘੂ ਸਰਹੱਦ ਥਾਪ'ਤੀ

ਦੂਜਾ ਟਿੱਕਰੀ ਨੂੰ ਬਾਡਰ ਬਣਾ'ਤਾ
ਤੀਜਾ ਜਾ ਕੇ ਗ਼ਾਜੀਪੁਰ ਨੂੰ

ਸਾਨੂੰ ਪਲਾਂ 'ਚ ਪਰਾਏ ਕੀਤਾ
ਬੱਲੇ ਨੀ ਸਾਡੀ ਰਾਜਧਾਨੀਏ

ਅਸੀਂ ਆਏ ਸੀ ਸੁਣਾਉਣ ਦੁੱਖ ਆਪਣੇ
ਤੂੰ ਕੰਨਾਂ ਲਈ ਕਸਾਈ ਬਣ ਗਈ

ਤਾਜਾਂ-ਤਖ਼ਤਾਂ ਤੇਰਿਆਂ ਵਾਲ਼ੇ
ਭੁੱਲ ਗਏ ਕੇ ਅਸੀਂ ਕੌਣ ਹਾਂ

ਅਸੀਂ ਉਂਗਲਾਂ 'ਤੇ ਕਾਲਖ਼ ਲਵਾ ਕੇ
ਇਹਨਾਂ ਦੇ ਨਸੀਬ ਲਿਖੇ ਨੇ

ਅਸੀਂ ਇਹਨਾਂ ਨੂੰ ਚੁਬਾਰੇ ਬਖ਼ਸ਼ੇ
ਇਹ ਸਾਡੀ ਕੁੱਲੀ ਖੋਹਣ ਤੁਰੇ

ਬਹੁ-ਮਤ ਦਾ ਢੰਡੋਰਾ ਰਹਿੰਦੇ ਪਿੱਟਦੇ
ਇਹ ਸੌ 'ਚੋਂ ਲੈ ਕੇ ਤੀਹ ਟੋਟਰੂ

ਹੋ ਕੇ ਸੱਤਰ ਇਨ੍ਹਾਂ ਨੂੰ ਸੱਤ ਦਿਸੀਏ
ਅੰਨ-ਦਾਤੇ ਅਸੀਂ ਦੇਸ਼ ਦੇ

ਸਾਡੇ ਹੰਝੂ ਜੇ ਕਿਰੇ 'ਕੱਠੇ ਹੋ ਕੇ
ਮਹਿਲਾਂ 'ਚ ਆ ਜੂ ਜਲ-ਪਰਲੋ

ਸ਼ਾਹ-ਰਾਹਾਂ 'ਤੇ ਪਿੰਡਾਂ ਦੇ ਪਿੰਡ ਉੱਸਰੇ
ਤੰਬੂਆਂ ਟਰਾਲੀਆਂ ਦੇ

ਰੰਗ-ਰੰਗ 'ਚ ਦੁਆਲਾ ਦਿੱਲੀ ਸ਼ਹਿਰ ਦਾ
ਰੰਗ ਤਾਂ ਕਿਸਾਨੀ ਝੰਡਿਆਂ

ਉੱਚੇ ਝੂਲਦੇ ਨਿਸ਼ਾਨ ਦੱਸ ਪਾਉਂਦੇ
ਹਾਲ਼ੀਆਂ ਦੇ ਜਤ-ਸਤ ਦੀ

ਲੱਗੇ ਲੰਗਰਾਂ ਨੇ ਜੱਗ ਨੂੰ ਵਿਖਾ'ਤਾ
ਅੰਨ-ਦਾਤੇ, ਅੰਨ-ਦਾਤੇ ਨੇ

ਲੋਕ ਘੱਤ ਕੇ ਵਹੀਰਾਂ ਆਉਂਦੇ
ਗਾਜੀਪੁਰ, ਸਿੰਘੂ, ਟਿੱਕਰੀ

ਨਿੱਤ ਹੁੰਦੀਆਂ ਗੋਸ਼ਟਾਂ ਭਾਰੀ
ਨਵੇਂ ਤੋਂ ਨਵੇਂ ਨਾਅਰੇ ਗੂੰਜਦੇ

ਗੀਤ ਗੂੰਜਦੇ ਕਿਤੇ ਕਿ ਹੱਕ ਲੈ ਕੇ,
ਦਿੱਲੀਏ ਪੰਜਾਬ ਜਾਵਾਂਗੇ

ਕੋਈ ਆਖਦੈ ਕਿ 'ਹਮ ਦਿੱਲੀ ਆ ਗਏ
ਮੋਦੀ ਜੀ ਥਾਰ੍ਹੀ ਤੋਪ ਕੜਾਂ'

ਜਿਹੜੀ ਥਾਂ ਸੀ ਪੰਜਾਬ ਪਹਿਲਾਂ ਲਗਦੀ
ਦਿਨਾਂ ਦੇ ਵਿੱਚ ਦੇਸ਼ ਹੋ ਗਈ

ਇਕ ਹੋ ਗਏ ਪੰਜਾਬ, ਹਰਿਆਣਾ
ਹਾਕਮਾਂ ਦੀ ਇਕ ਨਾ ਚੱਲੀ

ਜਥੇ ਉੱਤਰਾ-ਖੰਡੋਂ ਵੀ ਆਏ ਧਾਹ ਕੇ
ਰੋਕਾਂ ਤੋੜ ਹਾਕਮਾਂ ਦੀਆਂ

ਯੋਗ ਯੋਗੀ ਦਾ ਰੋਕ ਨਾ ਪਾਇਆ
ਵਧਦੇ ਕਿਸਾਨੀ ਵਹਿਣ ਨੂੰ

ਨਾਅਰੇ ਹੌਲ਼ੀ-ਹੌਲ਼ੀ ਰਾਜਸਥਾਨੋਂ
ਗੂੰਜ ਪਏ ਕਿਸਾਨੀ ਘੋਲ਼ ਦੇ

ਦਿਨ, ਹਫ਼ਤੇ, ਮਹੀਨੇ ਬੀਤੇ,
ਜ਼ਰਾ ਨਾ ਠੰਡਾ ਜੋਸ਼ ਪਿਆ

ਰੋਜ਼ ਆਉਂਦੀਆਂ ਜੋਸ਼ ਨੂੰ ਜ਼ਰਬਾਂ
ਨਾਲ਼ੋ-ਨਾਲ਼ ਹੋਸ਼ ਵਧਦੀ

ਗਏ ਦਿਨਾਂ 'ਚ ਲੰਗਾਰੇ ਪਰਦੇ
ਹਾਕਮਾਂ ਦੀ ਕਾਲ਼ੀ ਨੀਤ ਦੇ

ਕਿਸੇ ਚੁੱਲ੍ਹੇ ਨੂੰ ਰਾਸ ਨਾ ਆਈਆਂ
ਚੋਹਲਬਾਜ਼ ਚੌਂਕੀਦਾਰੀਆਂ

ਲਾ ਕੇ ਮਿਲਖਾਂ ਬੋਲੀ 'ਤੇ ਸਰਕਾਰੀ
ਖੇਤਾਂ 'ਤੇ ਓਨ੍ਹਾਂ ਅੱਖ ਰੱਖ ਲਈ

ਮਾਇਆਧਾਰੀਏ ਮੁਸਕੜੀਂ ਹੱਸਦੇ
ਜਿੰਨ੍ਹਾਂ ਦੇ ਅੱਛੇ ਦਿਨ ਆ ਗਏ

ਜਿਹੜਾ ਬੋਲਿਆ ਉਹ ਦੇਸ਼ ਧ੍ਰੋਹੀ
ਕਾਲ਼ੇ ਅੰਗਰੇਜ਼ ਆਖਦੇ

ਅੰਧ-ਭਗਤੀ ਹਨੇਰ ਮਚਾਇਆ
ਦੀਵਿਆਂ ਦੀ ਸੰਘੀ ਘੁੱਟਣੀ

ਦਿਨ ਚੜ੍ਹੂਗਾ ਕੁੱਕੜ ਦੇ ਆਖੇ
ਉੱਲੂ ਆਖੇ ਰਾਤ ਪਊਗੀ

ਕਿੰਨੇ ਮੇਮਣੇ ਜਣੂਗੀ ਕਿਹੜੀ ਬੱਕਰੀ,
ਕਰੂਗਾ ਨੀਲਾ ਸ਼ੇਰ ਫ਼ੈਸਲਾ

ਮਿੱਠੇ ਹੋਣ ਲਈ ਅੰਗੂਰਾਂ ਲਈ ਲਾਜ਼ਮੀ
ਲੂੰਮੜੀ ਦੀ ਮੋਹਰ ਹੋ ਗਈ

ਪਾਣੀ ਪੀ ਕੇ ਘੜੇ ਨੇ ਭੰਨ ਸੁੱਟਣੇ
ਕਾਵਾਂ ਨੂੰ ਸ਼ਾਹੀ ਹੱਕ ਮਿਲਿਆ

ਚੰਨ ਚੜ੍ਹੂਗਾ ਦਿਨੇ ਤੇ ਰਾਤੀਂ ਸੂਰਜ
"ਮੋਦੀ ਹੈ ਤਾਂ ਮੁਮਕਿਨ ਹੈ"

ਨਈਂ ਸਿੱਪੀਆਂ 'ਚ ਸਾਗਰ ਸਮਾਉਂਦੇ
ਘੋਗਿਆਂ ਨੂੰ ਯਾਦ ਨਾ ਰਿਹਾ

ਪੌਣ-ਕੁਕੜਾਂ ਦੇ ਕਹਿਣ 'ਤੇ ਹਵਾਵਾਂ
ਕਦੇ ਨਾ ਮੋੜੇ ਰੁਖ ਆਪਣੇ

ਖੇਤ ਹੁੰਦੇ ਨੇ ਹਮੇਸ਼ਾਂ ਆਕੀ
ਟੋਇਆਂ ਅਤੇ ਟਿੱਬਿਆਂ ਤੋਂ

ਸਾਨੂੰ ਮਾਣ ਕਿ ਅਸੀਂ ਹਾਂ ਰਖਵਾਲੇ
ਜੇ ਤੈਨੂੰ ਮਾਣ ਟਿੱਡੀ-ਦਲ 'ਤੇ

ਬਿਨਾਂ ਲੌਂਗ ਤੋਂ ਜੁਰਤ ਹੈ ਕਿਹਦੀ
ਹਾਲ਼ੀਆਂ ਦੇ ਹਲ਼ ਡੱਕ ਲਏ

ਓਨ੍ਹਾਂ ਰਾਹਾਂ 'ਚੋਂ ਹੂੰਝ ਦੇਣਾ ਕੂੜਾ
ਜਿਨ੍ਹਾਂ ਦੇ ਵਿੱਚ ਲੌਂਗ ਗੁੰਮਦੇ

ਨਈਂ ਅੱਡੀਆਂ ਕੂਚਦਿਆਂ ਮਰਨਾ
ਬਾਂਕਾਂ ਲਈ, ਕਹਿਣ ਹੁਣ ਨੱਡੀਆਂ

ਉੱਠ ਤੁਰੀਆਂ ਹਜ਼ਾਰਾਂ ਲੱਛੀਆਂ
ਦਾਤੀਆਂ 'ਤੇ ਫ਼ਤਹਿ ਲਿਖ ਕੇ

ਵਾਂਗ ਘੁੰਡੀਆਂ ਪਿੜਾਂ ਦੇ ਵਿੱਚ ਕੁੱਟਣੇ
ਜੋ ਬੋਹਲ਼ਾਂ ਉੱਤੇ ਅੱਖ ਰੱਖਦੇ

ਸ਼ਾਹੀ ਸੁਸਰੀ ਲੱਗਣ ਨਈਂ ਦੇਣੀ
ਕੋਠੀ ਪਏ ਦਾਣਿਆਂ ਨੂੰ

ਉਹਦੇ ਚਿਹਰੇ ਤੋਂ ਮੁਖੌਟੇ ਲਾਹੁਣੇ
ਗੰਢਿਆਂ ਦੀ ਛਿੱਲ ਵਾਂਗਰਾਂ

ਕਾਲ਼ੇ ਕੋਰੜੂ ਕਾਰਪੋਰੇਟੀ
ਦਾਲ਼ਾਂ 'ਚੋਂ ਚੁਗ-ਚੁਗ ਸੁੱਟਣੇ

ਗੱਜ-ਵੱਜ ਕੇ ਮਹੀਨੇ ਦੋ ਬੀਤੇ
ਦਿਨੋ-ਦਿਨੀਂ ਵਧੇ ਕਾਫ਼ਲੇ

ਸਿੰਘੂ-ਟਿੱਕਰੀ ਬਣੇ ਸਿਰਨਾਵਾਂ
ਨਵਿਆਂ ਸੰਘਰਸ਼ਾਂ ਦਾ

ਸੋਹਣੀ ਦੇਸ਼ ਦੀ ਨੁਹਾਰ ਨਵੀਂ ਉੱਸਰੀ
ਆਸੇ-ਪਾਸੇ ਰਾਜਧਾਨੀ ਦੇ

ਕੀ ਹੁੰਦੀ ਹੈ ਅਨੇਕਤਾ 'ਚ ਏਕਤਾ
ਦੱਸ ਦਿੱਤਾ ਅੰਨ-ਦਾਤਿਆਂ

ਰੋਹ, ਮੋਹ ਤੇ ਰੋਟੀ ਦੀ ਸਾਂਝੀ ਤੰਦ ਨੇ
ਕੱਚੇ ਧਾਗੇ ਦੇਸ਼ ਬੰਨ੍ਹ'ਤਾ

ਧਾਕਾਂ ਪਹੁੰਚੀਆਂ ਜਹਾਨ ਵਿੱਚ ਸਾਰੇ
ਥਾਓਂ-ਥਾਈਂ ਹੋਏ ਚਰਚੇ

ਗੂੰਜ ਉੱਠਿਆ ਦੇਸ਼ ਅਮਰੀਕਾ
ਘੋਲ਼ 'ਚ ਕੈਨੇਡਾ ਕੁੱਦਿਆ

ਹੋਏ ਚਰਚੇ ਕਿਸਾਨੀ ਘੋਲ਼ ਗੂੰਜਿਆ
ਗੋਰਿਆਂ ਦੀ ਸੰਸਦ ਵਿਚ

ਪਿੱਛੇ ਰਹੇ ਨਾ ਨਿਊਜ਼ੀਲੈਂਡ ਵਾਲ਼ੇ
ਸੜਕਾਂ 'ਤੇ ਹੋਏ ਜਲਸੇ

ਮੈੱਲਬੌਰਨੋ-ਸਿਡਨੀਓਂ ਉੱਠੀਆਂ
ਹੱਕ 'ਚ ਆਵਾਜ਼ਾਂ ਹੱਕ ਦੇ

ਕੋਟ ਅਕਲਾਂ ਦਾ ਨੋਇਮ ਚੌਮਸਕੀ
ਗਦ-ਗਦ ਹੋ ਕੇ ਬੋਲਿਆ

ਕਹਿੰਦਾ ਲਿਖਿਆ ਸੁਨਹਿਰੀ ਵਰਕਾ
ਹਾਲ਼ੀਆਂ ਨੇ ਜੱਦੋ-ਜਹਿਦ ਦਾ

ਵੇਖੇ ਏਸ਼ੀਆ, ਯੂਰਪ, ਅਫ਼ਰੀਕਾ
ਨਵੀਂ ਲੋਅ ਸੰਘਰਸ਼ਾਂ ਦੀ

ਮੋਦੀ-ਸ਼ਾਹ ਨਈਂ ਕਿਸਾਨ ਬਣਾਉਣਗੇ
ਇੰਡੀਆ ਨੂੰ ਵਰਲਡ ਗੁਰੂ

ਅੰਨ-ਦਾਤਿਆਂ ਉਮੀਦ ਜਗਾਈ
ਜਾਗ ਉੱਠੇ ਦੱਬੇ-ਕੁਚਲੇ

ਝੱਟ ਹਾਕਮਾਂ ਨੇ ਚਾੜ੍ਹ ਲਏ ਮੁਖੌਟੇ
ਚਿਹਰੇ 'ਤੇ ਝੂਠੇ ਦੇਸ਼ ਪ੍ਰੇਮ ਦੇ

ਜਿਹੜੀ ਮਾਂ ਨੂੰ ਵਿਕਣ 'ਤੇ ਲਾਇਆ
ਓਸੇ ਦੀ ਜੈ-ਜੈ ਕਾਰ ਕਰਦੇ

ਪੁੱਤ ਜਿਨ੍ਹਾਂ ਦੇ ਹੱਦਾਂ ’ਤੇ ਰੋਜ਼ ਮਰਦੇ
ਓਨ੍ਹਾਂ ਨੂੰ ਕਹਿੰਦੇ ਵੱਖਵਾਦੀਏ

ਅੱਤ ਇਹਨਾਂ ਦੀ ਜਿਨ੍ਹਾਂ ਨੇ ਠੱਲ੍ਹ’ਤੀ
ਇਹਨਾਂ ਲਈ ਉਹਨੇ ਅੱਤਵਾਦੀਏ

ਭੰਡਬਾਜ਼ਾਂ ਨੇ ਭੰਡੀ ਦੇ ਆਹਰੇ ਲਾ’ਤਾ
ਭੌਂਕਿਆਂ ਦਾ ਕੁਲ ਕੋੜਮਾ

ਝੱਗ ਸੁੱਟਦੇ ਚੈਨਲ਼ਾਂ ਵਾਲ਼ੇ
ਕੂਕਰਾਂ ਨੂੰ ਮਾਤ ਪਾ ਗਏ

ਇਕ ਬੰਬਿਓਂ ਟਟੀਹਰੀ ਟਰਕੇ
ਟੀਰੀ ਹੋ ਟਵਿੱਟਰ ’ਤੇ

ਫੇਸ-ਬੁੱਕ ’ਤੇ ਫਲਾਈਂਗ ਫੜ੍ਹਾਂ ਮਾਰੇ
ਫੋਟੋਆਂ ਦੇ ਫੈਰ ਕਰਦੀ

ਮੱਥਾ ਲਾਉਣ ਨੂੰ ਛਤੀਰਾਂ ਨਾਲ਼ ਫਿਰਦੀ
ਕੈਮਰੇ ਦੀ ਕੋਹੜ ਕਿਰਲੀ

ਪਈਆਂ ਫੁੱਲੀਆਂ ਛੇੜਦੀ ਫਿਤਨੇ
ਫ਼ਿਲਮਾਂ ਦੀ ਫਫੇਕੁੱਟਣੀ

ਉਹਨੂੰ ਆਖਦੀ ਮਿੰਦਰ ਕੌਰ ਬੇਬੇ
ਚਿਚੜੀ ਚਲਿੱਤਰਾਂ ਦੀ

ਇਕ ਬਾਬੇ ਨੇ ਸੀ ਬਚਨ ਸੁਣਾਇਆ
ਕੀੜੀ ਨੇ ਕਿਹੜਾ ਪਾੜ੍ਹ ਡੇਗਣਾ

ਮੱਤਾਂ ਦੇਂਦੀਆਂ ਚੌਧਰੀ ਬਣ ਕੇ
ਕਣਕਾਂ ਨੂੰ ਕਾਂਗਿਆਰੀਆਂ

ਮਾਫ਼ ਕਰਤਾ ਤਾਊਆਂ ਨੇ ਕਹਿ ਕੇ
ਛੋਰੀ ਮਾਂ ਦਮਾਗ਼ ਕਮ ਸੈ

ਅੰਨ-ਦਾਤੇ ਨਈਂ ਕੀੜੀਆਂ ਕੁੱਟਦੇ
ਮੱਖੀਆਂ ਦੇ ਮੋਛੇ ਪਾਉਣ ਨਾ

ਜਿੰਨਾ ਮੱਛਰਾਂ ਭਿਣਕਣਾ, ਭਿਣਕਣ
ਲੜਿਆਂ ਤੋਂ ਮਸਲਾਂਗੇ

ਇਕ ਗਭਰੂ ਦੁਸਾਂਝਾਂ ਵਾਲ਼ਾ
ਚੰਗੀ-ਚੋਖੀ ਵਾਰੀ ਵਾਹ ਗਿਆ

ਦਿੱਤੇ ਠੋਕਵੇਂ ਜਵਾਬ ਉਹਨੇ ਦੱਸ'ਤਾ
ਖੇਤਾਂ ਦੇ ਪੁੱਤ ਕੌਣ ਹੁੰਦੇ ਨੇ

ਲੋਕਾਂ ਦੱਸ'ਤਾ ਫ਼ਰਕ ਕੀ ਹੁੰਦੈ
ਜ਼ਿੰਦਗੀ ਤੇ ਅਦਾਕਾਰੀ ਦਾ

ਬਣ ਹੁੰਦਾ ਨਈਂ ਲਕਸ਼ਮੀ ਬਾਈ
ਚਾਰ ਦਿਨ ਲਾ ਕੇ ਨਕਲਾਂ

ਜੂਆਂ ਨਾਲ਼ ਨਈਂ ਉਲਝਦੇ ਰਾਖੇ
ਝੋਟਿਆਂ ਦੀ ਸਾਰ ਰੱਖਦੇ

ਪਾਣੀ ਛੱਪੜਾਂ ਦਾ ਅਸੀਂ ਨਈਂ ਸੁਕਾਉਂਦੇ
ਜੋਕਾਂ ਦੇ ਸਫਾਏ ਵਾਸਤੇ

ਅੱਗ ਲਾ ਕੇ ਨਾ ਫੂਕੀਏ ਰੁੱਖ਼ ਨੂੰ
ਭੂੰਡਾਂ ਨੂੰ ਭਜਾਉਣ ਵਾਸਤੇ

ਆਪੇ ਨਿੱਤਰੂ ਨਿਤਰਨਾ ਜਿਸ ਨੇ
ਰੁੱਤ ਹੈ ਸੰਘਰਸ਼ਾਂ ਦੀ

ਏਥੇ ਅਮਲਾਂ 'ਤੇ ਹੋਣੇ ਨੇ ਨਬੇੜੇ
ਥੁੱਕੀਂ ਨਾ ਪਕੌੜੇ ਪੱਕਣੇ

ਥੋਡਾ ਹੇਜ 'ਕਾਲੀਓ ਫੋਕਾ
ਮਾਰਦੇ ਹੋ ਫੜ੍ਹਾਂ ਫੋਕੀਆਂ

ਕਦੇ ਚੋਟ ਨਾ ਨਗਾਰੇ ਵਾਲ਼ੀ ਬਣਨੀ
ਡੱਡੂ-ਡੰਡ ਕਾਂਗਰਸ ਦੀ

ਝਾੜੂ 'ਆਪ' ਦਾ ਖਿੱਲਰ ਹੈ ਜਾਣਾ
ਜੇ ਡਟਣਾ ਮੈਦਾਨ ਪੈ ਗਿਆ

ਵਾਰੀ ਆਊਗੀ ਥੋਡੀ ਵੀ ਅਸੀਂ ਪਹਿਲਾਂ
ਭਾਜਪਾਈਏ ਰਾਹੇ ਪਾ ਲੀਏ

ਜੜ੍ਹਾਂ ਸਾਡੀਆਂ ਰਹੇ ਹੋ ਤੁਸੀਂ ਵੱਢਦੇ
ਆਪੋ ਵਿੱਚ ਪਾ ਕੇ ਜੱਫੀਆਂ

ਉਦੋਂ ਕਿੱਥੇ ਸੀ 'ਨੰਨ੍ਹੀ ਛਾਂ' ਦੱਸਿਓ
ਸਾਡੇ ਲਈ ਜਦੋਂ ਹਾੜ੍ਹ ਤਾਏ ਗਏ

ਰਏ੍ਹ ਬੀਬਾ ਜੀ ਵਜ਼ੀਰੀ-ਰਸ ਪੀਂਦੇ
ਗੰਨੇ ਵਾਂਗੂ ਅਸੀਂ ਪੀੜੇ ਗਏ

ਵੇਖ ਖਿਸਕੀ ਜ਼ਮੀਨ ਪੈਰਾਂ ਥੱਲਿਓਂ
ਬੀਬਾ ਨੂੰ ਅੱਕ ਚੱਬਣਾ ਪਿਆ

ਪਿਓ-ਪੁੱਤ ਨੇ ਭਰੇ ਮਨ ਕੀਤਾ
ਤੱਕੜੀ ਤੋਂ ਕਮਲ ਪਰ੍ਹਾਂ

ਬਾਕੀ ਭੇਡਾਂ ਦੇ ਇੱਜੜ ਜਿਹਾ ਲਾਣਾ
ਵਾਹੋ-ਵਾਹੀ ਪਿੱਛੇ ਹੋ ਲਿਆ

'ਸਾਡਾ ਨਾਅਰਾ ਕਿਸਾਨ ਪਿਆਰਾ'
ਮੀਣੇ ਮੂੰਹੋਂ ਨਈ੍ਹਂ ਜਚਦਾ

ਮੌਰ ਲੋਕਾਂ ਦੇ ਜੋ ਰੋਜ਼ ਕੁਟਾਉਂਦਾ
ਉਹ ਸਾਡਾ ਕਿੱਥੋਂ ਸਕਾ ਬਣ ਜੂ

ਉਹਨੂੰ ਦਿਸਣ ਕਾਲ਼ੀਆਂ ਲੀਕਾਂ
ਉਂਗਲਾਂ 'ਤੇ ਹਾਲ਼ੀਆਂ ਦੇ

'ਸਾਡਾ ਨਾਅਰਾ, ਕਪਤਾਨ ਦੁਬਾਰਾ'
ਥੈਲੇ 'ਚੋਂ ਬਿੱਲੀ ਬਾਹਰ ਕੱਢਦਾ

ਸਾਨੂੰ ਕਿਹੜੀਆਂ ਵੰਡਣਗੇ ਮਿਲਖਾਂ
ਇਹ ਮੰਗਤੇ ਜਹਾਨ ਭਰ ਦੇ

ਅਸੀਂ ਸੜਕਾਂ 'ਤੇ ਹੱਡ ਰਗੜਾਉਂਦੇ
ਇਹ ਮਹਿਲਾਂ 'ਚ ਕਰਾਉਣ ਮਾਲਸ਼ਾਂ

ਦਗ਼ੇਬਾਜ਼ੀਆਂ 'ਚ, ਦਿੱਲੀ ਦੇ ਦਰੋਗੇ,
ਚਾਹੁੰਦੇ ਨੇ ਹਾਲ਼ੀ ਰਹਿਣ ਉਲਝੇ

ਨੀਤੀ ਹਾਕਮਾਂ ਦੀ ਬਸ ਦੇਈ ਜਾਵਣਾ
ਗੱਲਾਂ ਨੂੰ ਗੱਲਾਂ ਨਾਲ਼ ਜ਼ਰਬਾਂ

ਸ਼ਾਹੀ ਗੱਲਾਂ ਦਾ ਕੜਾਹ ਰਿਹਾ ਪੱਕਦਾ
ਗਿਆਰਾਂ ਵਾਰੀ ਦੇਗ਼ ਚੜ੍ਹੀ

ਇਕ ਮਿੱਠੂ ਨੂੰ ਪੜ੍ਹਾ ਕੇ ਰਹੇ ਘੱਲਦੇ
ਕਾਨੇ 'ਤੇ ਟਿੰਡ ਟੰਗੀ ਰੱਖਣੀ

ਧੂਆਂ ਕੱਢਤਾ ਕੰਨਾਂ ਦੇ ਵਿੱਚੋਂ ਹਾਲ਼ੀਆਂ
ਵੱਡੇ ਬਹਿਸਬਾਜ਼ੂਆਂ ਦੇ

ਠੂੰਹੇ ਨੱਕ 'ਚੋਂ ਕੇਰਦੀ ਰਹਿੰਦੀ
ਤਿੱਕੜੀ ਹਾਕਮ ਦੀ

ਲੱਲੂ ਲਾਟ ਦਾ ਤੋਮਰੀ ਤੋਤਾ
ਇੱਕੋ ਰਟ ਲਾਈ ਰੱਖਦਾ

ਸਾਹਵੇਂ ਲੰਗਰਾਂ ਲੰਗਾਰੀਆਂ ਗਈਆਂ
ਦਿੱਲੀ ਦੀਆਂ ਕੁੱਲ ਦਾਅਵਤਾਂ

ਬਿੱਲੇ-ਰੰਗੇ ਦੀ ਰੰਗੀਲੀ ਜੋੜੀ
ਬਿਨਾਂ ਡੰਡੇ ਖੇਡੇ ਡਾਂਡੀਆ

ਪਾ ਕੇ ਮਾਸਕ ਮੂੜ੍ਹਤਾ ਕੱਜ ਲਈ
ਅੱਖਾਂ ਦਾ ਟੀਰ ਕਿੰਝ ਢੱਕਣਾ

ਉਹਦੇ ਮੋਢਿਆਂ 'ਤੇ ਬੈਠਿਆ ਅੰਬਾਨੀ
ਸਿਰ 'ਤੇ ਅਡਾਨੀ ਚੜ੍ਹਿਆ

ਚਾਹਿਆ ਦੋਵਾਂ ਨੇ ਲਗਾਮ ਲੰਮੀ ਚਾਹੀਦੀ
ਵਾਲ਼ ਵਧਾ ਲਏ ਓਸ ਨੇ

ਉੱਤੋਂ ਆ ਗਿਆ ਦਿਵਸ ਗਣਤੰਤਰ
ਕੁੱਬੀ ਜਮਹੂਰੀਅਤ ਦਾ

ਭੁੱਖੇ ਦੇਸ਼ ਦਾ ਦਿਸੂਗਾ ਅਫਰੇਵਾਂ
ਮਸਨੂਈ ਸੱਜ-ਧੱਜ 'ਚੋਂ

ਕਿਸੇ ਝਾਕੀ 'ਚੋਂ ਨਜ਼ਰ ਨਈਂ ਆਉਣੀ
ਸੜਕਾਂ 'ਤੇ ਭੁੱਖ ਰੀਂਘਦੀ

ਰਾਜ-ਪੱਥ 'ਤੇ ਕਿਤੇ ਨਈਉਂ ਦਿਸਦੇ
ਜੂਝਦੇ ਕਿਸਾਨ-ਕਿਰਤੀ

ਹੋਊ ਐਤਕੀਂ ਪਰੇਡ ਕਿਸਾਨੀ
ਧਾਰਿਆ ਕਿਸਾਨ ਮੋਰਚੇ

ਧੁੰਮਾਂ ਪੈ ਗਈਆਂ ਜਹਾਨ ਵਿੱਚ ਸਾਰੇ
ਆਈ 'ਤੇ ਕਿਸਾਨ ਆ ਗਏ

ਕਿਸੇ ਦੇਸ਼ ਨੂੰ ਮਨਾ ਨਾ 'ਸਾਹਬ' ਸਕਿਆ
ਮੁੱਖ ਮਹਿਮਾਨ ਹੋਣ ਲਈ

ਹਾਂ ਕਹਿ ਕੇ ਬਦਲ ਗਿਆ ਤੇਵਰ
ਗੋਰਾ ਪ੍ਰਧਾਨ ਮੰਤਰੀ

ਪਹਿਲੀ ਵਾਰ ਵੇਖੂਗੀ ਦੁਨੀਆਂ
ਲੋਕਤਾ ਦਾ ਗਣਤੰਤਰ

ਥਾਂ ਟੈਂਕਾਂ ਦੀ ਟਰੈਕਟਰ ਹੋਣਗੇ
ਪਰੇਡ ਵਿਚ ਰਿੰਗ-ਰੋਡ 'ਤੇ

ਕਈ ਦਿਨਾਂ ਤੋਂ ਤਿਆਰੀ ਕਰਕੇ
ਚੱਲ ਪਏ ਪੰਜਾਬੋਂ ਕਾਫ਼ਲੇ

ਖੰਡ ਉੱਤਰਾ, ਯੂ.ਪੀ. ਹਰਿਆਣਾ
ਨਾਲ਼ ਪੂਰਾ ਦੇਸ਼ ਤੁਰਿਆ

ਹਰ ਪਾਸਿਓਂ ਟਰੈਕਟਰ ਚੱਲ ਪਏ
ਦਿੱਲੀ ਦੀਆਂ ਜੂਹਾਂ ਵੱਲ ਨੂੰ

ਦੰਗ ਰਹਿ ਗਈ ਵੇਖ ਕੇ ਦੁਨੀਆਂ
ਤੀਹ-ਤੀਹ ਮੀਲੋਂ ਲੰਮੇ ਕਾਫ਼ਲੇ

ਕੋਈ ਪਿੰਡ ਨਾ ਪੰਜਾਬ ਦਾ ਬਚਿਆ
ਜਿਹਦੀ ਜੂਹੋਂ ਧੂੜ ਨਾ ਉਡੀ

ਪੱਬਾਂ ਭਾਰ ਹੋਇਆ ਹਰਿਆਣਾ
ਤਾਊ-ਤਾਈਆਂ ਸਭ ਤੁਰ ਪਏ

ਨਾ ਹੋਣਾ ਸੀ ਅਤੇ ਨਾ ਹੋਇਆ
ਪਿੱਛੇ ਰਹਿਣ ਛੋਰੇ-ਛੋਰੀਆਂ

ਲੈ ਕੇ ਜਾਣ ਲਈ ਟਰੈਕਟਰ ਨੱਡੀਆਂ
ਦਿਨਾਂ 'ਚ ਚਲਾਉਣੇ ਸਿੱਖ ਲੈ

ਸੱਭੇ ਬਣੀਆਂ ਲਕਸ਼ਮੀ ਬਾਈ
ਘੋੜੇ ਚੜ੍ਹ ਨਵੇਂ ਯੁੱਗ ਦੇ

ਘਰ-ਘਰ 'ਚੋਂ ਤੁਰੀ ਮਾਈ ਭਾਗੋ
ਗ਼ਦਰੀ ਗ਼ੁਲਾਬ ਕੌਰਾਂ ਵੀ

ਕਵੀ ਚੱਲ ਪਏ, ਕਵੀਸ਼ਰ ਤੁਰ ਪਏ
ਕਲਾਕਾਰ, ਰੰਗ-ਕਰਮੀ

ਛੱਡ ਕਾਲਜ, ਵਿਸ਼ਵ-ਵਿਦਿਆਲੇ
ਪਾੜ੍ਹਿਆਂ ਵਹੀਰਾਂ ਘੱਤੀਆਂ

ਰੰਗ ਬੰਨ੍ਹਿਆਂ ਕਿਸਾਨੀ ਝੰਡਿਆਂ
ਸਾਰਾ ਦੇਸ਼ ਰੰਗਿਆ ਦਿਸੇ

ਜਿਹੜੀ ਮਰਜ਼ੀ ਸੜਕ 'ਤੇ ਸੁਣ ਲਓ
ਦਿਲ ਬਣ ਦੇਸ਼ ਧੜਕੇ

ਪੱਚੀ ਸ਼ਾਮ ਨੂੰ ਰਮੇਸ਼ ਬਾਈ ਬੋਲ਼ਿਆ
ਕਹਿੰਦਾ ਵੀਹ ਮੀਲ ਪਿੱਛੇ ਆਂ

ਕਾਰਾਂ ਛੱਡ ਕੇ ਤੁਰਾਂਗੇ ਪੈਰੀਂ
ਬਾਕੀ ਪੈਂਡਾ ਸਿੰਘੂ ਤਕ ਦਾ

ਕੱਲ੍ਹ ਵੇਖੂਗਾ ਜਹਾਨ ਨੀਝਾਂ ਲਾ ਕੇ
ਕਿੱਦਾਂ ਇਤਿਹਾਸ ਬਣਦਾ

ਬਿੱਲੀ ਹਲ਼ਕੀ ਹਾਕਮੀ ਹਠ ਦੀ
ਲੋਕਾਂ ਦੀ ਲਾਮ-ਬੰਦੀ ਵੇਖ ਕੇ

ਝੱਟ ਚੱਲੀਆਂ ਲੂੰਬੜੀ ਚਾਲਾਂ
ਸ਼ਾਸਕੀ ਛਲੇਡਿਆਂ ਨੇ

ਕਹਿੰਦੇ ਸਫ਼ਲ ਪਰੇਡ ਜੇ ਹੋ ਗਈ
ਹਾਲ਼ੀਆਂ ਦੀ ਚੜ੍ਹ ਮੱਚ ਜੂ

ਗੋਂਦਾਂ ਗੁੰਦੀਆਂ, ਰਚੇ ਛੜਯੰਤਰ
ਪੱਬਾਂ ਭਾਰ ਹੋ ਗਏ ਸ਼ਕੁਨੀ

ਕਿੱਥੋਂ ਮਾਰਨੀ ਟੇਢ, ਟੱਕ ਲਾਉਣਾ
ਦੱਸ ਦਿੱਤਾ ਟੋਡੀਆਂ ਨੂੰ

ਫਿੱਟ ਕਰਤਾ ਪੁਲਸੀਆ ਲਾਣਾ
ਦੇ ਕੇ ਨਸੀਹਤਾਂ ਨਾਦਰੀ

ਲੈ ਕੇ ਚੜ੍ਹਿਆ ਉਮੀਦਾਂ ਨਵੀਆਂ
ਸੂਰਜ ਛੱਬੀਵੀਂ ਦਾ

ਸ਼ੁਰੂ ਹੋ ਗਈ ਪਰੇਡ ਲਾਸਾਨੀ
ਟੀਵੀਆਂ ’ਤੇ ਜੱਗ ਵੇਖਦਾ

ਆਏ ਧਾਹ ਕੇ ਦਿੱਲੀ ਦੇ ਦਿਲ ਵਾਲ਼ੇ
ਸਾਰੀ ਰਿੰਗ-ਰੋਡ ਮੱਲ ਲਈ

ਹੱਥੀਂ ਥਾਰੀਆਂ ਫੁੱਲਾਂ ਦੀਆਂ ਭਰੀਆਂ
ਚਿਹਰਿਆਂ ’ਤੇ ਚਾਅ ਚਹਿਕਦਾ

ਕਿਸੇ ਵੇਖਿਆ ਨਾ ਵੇਖਣਾ ਨਜ਼ਾਰਾ
ਦੁਨੀਆਂ ’ਤੇ ਏਸ ਰੰਗ ਦਾ

ਕਾਸ਼! ਵੇਖਦਾ ਹਾਕਮ ਵੀ ਆ ਕੇ
ਲੋਕਤਾ ਦਾ ਗਣਤੰਤਰ

ਉਹਨੂੰ ਆਉਣੀ ਸੀ ਰਾਸ ਨਾ ਆਈ
ਸ਼ਾਨ ਅੰਨ-ਦਾਤਿਆਂ ਦੀ

ਪਾਉਣ ਲੱਗ ਪਏ ਪੁਲਸੀਏ ਬਖੇੜੇ
ਸ਼ਾਹੀ ਫੁਰਮਾਨ ਮੰਨ ਕੇ

ਜਿਹੜੇ ਟੋਡੀ ਸੀ ਟਰੇਂਡ ਓਨ੍ਹਾਂ ਕੀਤੇ
ਪੁੱਠੇ ਰਾਹ ਨੂੰ ਉਹ ਤੋਰ 'ਤੇ

ਉਹਨਾਂ ਗੰਢਿਆਂ ਸੀ ਗੋਂਗਲੂ ਗਵੱਈਆ
ਜਿੱਧਰ ਨੂੰ ਚਾਹਿਆ ਰੇੜ੍ਹਤਾ

ਕਿਸੇ ਮਾਂ ਦੇ ਵਿਹੜੇ 'ਚ ਰੱਬ ਕਰਕੇ
ਏਹੋ ਜਿਹਾ 'ਦੀਪ' ਨਾ ਜਗੇ

ਤੈਨੂੰ ਲੋਕਾਂ ਨੇ ਲਿਫਣ ਨਈਂ ਸੀ ਦੇਣਾ
ਜੇ ਹੁੰਦੋਂ ਤੂੰ ਸੁਲੱਖਾ ਲੱਖਿਆ

ਜਦੋਂ ਲੋਕਾਂ ਨੇ ਕਚਹਿਰੀ ਲਾਉਣੀ
ਗ਼ਦਾਰੀਆਂ ਦੇ ਹੋਣੇ ਫ਼ੈਸਲੇ

ਮਾਣ ਕਹਿੰਦੇ ਸੀ ਪੰਜਾਬੀਆਂ ਦਾ ਜਿਸ ਨੂੰ
ਦਿਨਾਂ 'ਚ ਲੱਖੋਂ ਕੱਖ ਹੋ ਗਿਆ

ਇਕ ਰਾਜ ਹੰਸ ਸੀ ਉਹ ਵੀ
ਸਿੱਧ ਹੋਇਆ ਠੱਗ ਬਗਲਾ

ਲੋਕ–ਨਜ਼ਰੋਂ ਬਚੂ ਨਾ ਬਚਿਆ
ਕੋਈ ਵੀ ਗ਼ਦਾਰ ਕਦੇ ਵੀ

ਹੋਵੇ ਦੰਭ ਦੀ ਤਾਣੀ ਵੀ ਭਾਵੇਂ, ਥੁੜ੍ਹ ਜੂ
ਸੱਚ ਵਾਲ਼ੀ ਤੰਦ ਵੀ ਬੜੀ

ਹੋਈਆਂ ਵੇਖੀਆਂ ਵਹਿੰਗੀਆਂ ਵਿੰਗੀਆਂ
ਲੋਕਾਂ ਨੇ ਦੋਵਾਂ ਪੱਪਿਆਂ ਦੀਆਂ

ਪਹਿਲੇ ਦਿਨੋਂ ਹੀ ਧੁਆਂਖੀ ਖਿਚੜੀ
ਦੋਵੇਂ ਰਲ਼ ਰਿੰਨ੍ਹਦੇ ਰਹੇ

ਪਿੱਛੋਂ ਆ ਕੇ ਅੱਗੇ ਜਾ ਬਹਿ ਗਏ
ਸਾਹਬ ਦੇ ਜਵਾਈ ਵਾਂਗਰਾਂ

ਸੂਹਾਂ ਸਾਜ਼ਿਸ਼ੀ ਪਹਿਲਾਂ ਹੀ ਹੈਸਨ
ਗਿੱਦੀ ਗੋਦੀ ਮੀਡੀਏ ਨੂੰ

ਓਨ੍ਹਾਂ ਮੱਲ ਲਏ ਟਿਕਾਣੇ ਜਾ ਕੇ
ਆਈ.ਟੀ.ਓ., ਲਾਲ ਕਿਲ੍ਹੇ ਦੇ

ਜੋਸ਼ ਵਿਚ ਸੀ ਜਵਾਨੀ ਕਰ ਗਈ
ਥੋੜ੍ਹੀ ਬਹੁਤ ਮਨਮਰਜ਼ੀ

ਕੰਮ ਆ ਗਿਆ ਕਿਰਤ ਦਾ ਪਹਾੜਾ
ਕਿਤੇ ਨਾ ਹੋਈ ਨੇਰ੍ਹਗ਼ਰਦੀ

ਇਕ ਗੱਭਰੂ ਲੱਗ ਗਿਆ ਲੇਖੇ
ਸ਼ਕੁਨੀ ਦੀ ਸ਼ਹਿ-ਮਾਤ ਦੇ

ਆਗੂ ਆਖਦੇ ਸ਼ੁਕਰ ਤੇਰਾ ਦਾਤਿਆ
ਮੱਤਾਂ 'ਚ ਰਹੇ ਮਨਮਤੀਏ

ਕਿਤੇ ਵਾਲ਼ ਵੀ ਵਿੰਗਾ ਨਾ ਹੋਇਆ
ਦਿੱਲੀ ਦੇ ਕਿਸੇ ਦਰ-ਘਰ ਦਾ

ਸ਼ਹਿ ਹਾਕਮੀ, ਹੁਕਮ ਵੱਡੇ ਸਾਹਬ ਦਾ
ਬੂਹਾ ਖੁੱਲ੍ਹਾ, ਲਾਲ ਕਿਲ੍ਹੇ ਦਾ

ਜਿੱਥੇ ਚਿੜੀ ਵੀ ਫਟਕ ਨਾ ਸਕਦੀ
ਓਥੇ ਕਿੱਦਾਂ ਭੀੜਾਂ ਪਹੁੰਚੀਆਂ

ਰਹੇ ਵੇਖਦੇ ਤਮਾਸ਼ਬੀਨ ਬਣ ਕੇ
ਦਸਤੇ ਸੁਰੱਖਿਆ ਦੇ

ਵਾਹ ਲਾ ਲਈ ਉਨ੍ਹਾਂ ਨੇ ਸਾਰੀ
ਤਾਂ ਵੀ ਨਾ ਦਿੱਲੀ ਬਣੀਂ ਗੋਧਰਾ

ਸੱਚ, ਸਬਰ, ਸਿਦਕ ਸੰਗ ਨਿਭਿਆ
ਸਹਿਜ ਅੰਨ-ਦਾਤਿਆਂ ਦਾ

ਰਿਹਾ ਝੂਲਦਾ ਤਰੰਗਾ, ਉਹਦੇ ਰੰਗ ਵਿੱਚ
ਰੀਣ ਭਰ ਭੰਗ ਨਾ ਪਈ

ਉਹਦੀ ਛੌਰ 'ਚ ਕਿਸੇ ਗੁਮਰਾਹੀਏ
ਕੰਧ 'ਤੇ ਜਾ ਝੰਡਾ ਗੱਡ'ਤਾ

ਉਹਨੂੰ ਭੁੱਲ ਗਿਆ, ਨਿਸ਼ਾਨ ਸੱਚੇ ਕੰਧਾਂ 'ਤੇ ਨਈਂ
ਹਿੱਕਾਂ ਉੱਤੇ ਝੂਲਦੇ ਨੇ

ਲਾਲ ਕਿਲ੍ਹੇ ਤੋਂ ਅਸੀਂ ਕੀ ਲੈਣਾ
ਸਾਡੇ ਝੰਡੇ ਮੋਢਿਆਂ 'ਤੇ

ਏਸ ਉੱਧੜ-ਧੁੰਮੀ ਦਾ ਲਾਹਾ
ਲੈਣਾ ਸੀ, ਲਿਆ ਹਾਕਮਾਂ ਨੇ

ਕੌਮੀ ਮੀਡੀਆ ਬੇਸ਼ਰਮੀ ਕਰਕੇ
ਏਸੇ ਆਹਰੇ ਲੱਗਿਆ ਰਿਹਾ

ਦੂਜੇ ਪਾਸੇ ਦਾ ਨਜ਼ਾਰਾ ਤਵਾਰੀਖੀ
ਕਿਤੇ-ਕਿਤੇ ਪਾਇਆ ਨਜ਼ਰੀਂ

ਪੱਕੇ ਪੈਰੀਂ ਸੀ, ਟਿਕਾਊ ਹੋ ਕੇ ਨਿਕਲੇ
ਟਿੱਕਰੀਓਂ ਤੁਰੇ ਕਾਫ਼ਲੇ

ਸਿੰਘੂ ਵਾਲ਼ੇ ਵੀ ਸਮਝ ਗਏ ਸਾਜ਼ਿਸ਼
ਸਾਂਭ ਲਈਆਂ ਸਫ਼ਾਂ ਖਿੰਡੀਆਂ

ਪੈਣ ਦਿੱਤੀ ਨਾ ਪਰੇਡ ਕੁਰਾਹੇ
ਬੁੱਝ ਲਈਆਂ ਦਗ਼ੇਬਾਜ਼ੀਆਂ

ਮਾੜਾ ਹੋਇਆ ਕਿ ਨਾ ਜੱਗ ਵੇਖ ਸਕਿਆ
ਜੋ ਅਸੀਂ ਸੀ ਵਿਖਾਉਣਾ ਓਸ ਨੂੰ

ਗੋਦੀ ਮੀਡੀਆ ਮਦਾਰੀ ਆਖੇ
ਕਰੀ ਗਿਆ ਨਾਚ-ਬਾਂਦਰੀ

ਲਾਇਆ ਜ਼ੋਰ ਕੇ ਬਣਾ ਦਈਏ ਸਭ ਨੂੰ
ਰਾਤੋ-ਰਾਤ ਵੱਖਵਾਦੀਏ

ਲਾਏ ਫ਼ਤਵੇ ਧ੍ਰੋਹੀ ਇਹ ਨੇ ਦੇਸ਼ ਦੇ
ਭੇਸ ਵਿਚ ਹਾਲ਼ੀਆਂ ਦੇ

ਓਨ੍ਹਾਂ ਚਾਹਿਆ ਸੀ ਧਰਮ-ਯੁੱਧ ਬਣ ਜੇ
ਸਾਂਝਾ ਸੰਗਰਾਮ ਖੇਤਾਂ ਦਾ

ਨੀਤ ਓਨ੍ਹਾਂ ਦੀ ਸੀ ਨੇਰ੍ਹ ਮਚਾਉਣਾ
ਮੁੜਕੇ ਚੁਰਾਸੀ ਦੀ ਤਰ੍ਹਾਂ

ਉਹ ਭੁੱਲ ਗਏ ਕਿ ਏਸ ਵਾਰੀ ਸਾਮ੍ਹਣੇ
ਅਜਿੱਤ ਜੇਤੂ ਅੰਨ-ਦਾਤੇ ਨੇ

ਪਲਾਂ-ਛਿਣਾਂ 'ਚ ਸੁਧਾਰੀ ਗ਼ਲਤੀ
ਇਕ-ਮੱਤ ਆਗੂਆਂ ਨੇ

ਪੱਕੇ ਪੈਰਾਂ 'ਤੇ ਰਿਹਾ ਹਰਿਆਣਾ
ਯੂ.ਪੀ. ਵੀ ਜ਼ਰਾ ਨਾ ਹਿੱਲਿਆ

ਮੱਚ ਸਕਦਾ ਸੀ ਕਹਿਰ ਚੁਫ਼ੇਰੇ
ਜ਼ਰਾ ਕੁ ਉਕਾਈ ਹੋਣ ’ਤੇ

ਪਾ ਲਈ ਪਲਾਂ ’ਚ ਲਗਾਮ ਅੰਨ੍ਹੇ ਜੋਸ਼ ਨੂੰ
ਜੇਤੂ ਹੋ ਕੇ ਹੋਸ਼ ਨਿੱਕਲੀ

ਵਿਸ਼ ਘੋਲ਼ਦਾ ਹਾਕਮੀ ਲਾਣਾ
ਫਨ ਸਿੱਧੇ ਸੱਪ ਦੀ ਤਰ੍ਹਾਂ

ਲੋਕਾਂ ਧਾਰਿਆ ਚੱਲਣ ਨਈਂ ਦੇਣੀਆਂ
ਹਾਕਮੀ ਡਰਾਮੇਬਾਜ਼ੀਆਂ

ਓਨ੍ਹਾਂ ਫੇਰ ਵੀ ਰਿਆੜਾਂ ਕਰੀਆਂ
ਐਵੇਂ ਕਿੱਦਾਂ ਹਾਰ ਮੰਨਦੇ

ਲਾਹਾ ਲੈਣ ਨੂੰ ਚਾੜ੍ਹਿਆ ਲਸ਼ਕਰ
ਗ਼ਾਜ਼ੀਪੁਰ ਘੇਰ ਲਿਆ

ਓਥੇ ਥੋੜ੍ਹੇ ਸੀ ਸੰਘਰਸ਼ੀ ਭਾਵੇਂ
ਫੇਰ ਵੀ ਨਾ ਢਾਏ੍ਹ ਹੌਸਲੇ

ਪਹਿਲਾਂ ਫੜ ਕੇ ਟਕੈਤ, ਬਾਕੀ ਘੇਰਨੇ
ਸੋਚਦੀ ਸੀ ਸ਼ਾਹੀ ਜੁੰਡਲੀ

ਅਸੀਂ ਖਾਵਾਂਗੇ ਗੋਲ਼ੀਆਂ ਹਿੱਕ ’ਤੇ
ਡਟ ਗਏ ਭੀਲੀਭੀਤੀਏ

ਕਿਉਂ ਡਰੀਏ, ਅਸੀਂ ਕੀ ਦਾਗ਼ ਲਾਇਆ
ਦੇਸ਼ ਦੇ ਦੁਮਾਲੜੇ ’ਤੇ

ਹੱਕ ਵਾਸਤੇ ਨੰਗੇ ਧੜ ਲੜੀਏ
ਕਿਸੇ ’ਤੇ ਨਈਂ ਹੱਥ ਚੁੱਕਿਆ

ਰੋੜਾ-ਪੱਥਰ ਤਾਂ ਕੀ, ਅਸੀਂ ਕਿਸੇ ਦੇ
ਫੁੱਲ ਤਕ ਨਈਂ ਮਾਰਿਆ

ਫੇਰ ਵੇਖਿਆ ਜ਼ਮਾਨੇ ਨੇ ਕ੍ਰਿਸ਼ਮਾ
ਬੰਦੀ ਕੀਤੇ ਗ਼ਾਜ਼ੀਪੁਰ ਦਾ

ਪੁੱਤ ਲੋਕਾਂ ਦੇ ਨੇ ਲੋਕਾਂ ਨੂੰ ਪੁਕਾਰਿਆ
ਅੱਖੀਆਂ ’ਚ ਹੰਝੂ ਭਰ ਕੇ

ਪਾਣੀ ਆਪਣੇ ਗਰਾਂ ਦਾ ਪੀਣਾ
ਜੇ ਹਮਸਾਏ ਲੈ ਕੇ ਆਉਣਗੇ

ਲੋਕ ਘੱਤ ਕੇ ਵਹੀਰਾਂ ਤੁਰ ਪਏ
ਵਾਹੋ-ਦਾਹੀ ਗ਼ਾਜ਼ੀਪੁਰ ਨੂੰ

ਪਿੱਠ ਲੋਕ ਲੱਗਣ ਨਈਂ ਦੇਂਦੇ
ਕਦੇ ਵੀ ਜੁਝਾਰੂ ਪੁੱਤਾਂ ਦੀ

ਲੋਕ ਸਿੰਘੂ ਤੇ ਟਿਕਰੀਓਂ ਧਾਹ ਕੇ
ਪਿੱਠ ’ਤੇ ਖਲੋ ਗਏ ਆਣ ਕੇ

ਕੱਲ੍ਹੇ-ਕਾਰੇ ਨਈਂ ਪੰਜਾਬੀ ਹਮਸਾਏ
ਸਾਰਾ ਹਰਿਆਣਾ ਨਾਲ਼ ਹੈ

ਪਿੰਡ-ਪਿੰਡ 'ਚ ਅਨਾਊਂਸਮੈਂਟ ਹੋਈ
ਮੰਦਰੋਂ-ਗੁਰੂਦੁਆਰਿਓਂ

ਅਸੀਂ ਹੁੰਨੇ ਆਂ ਕਿਸਾਨ, ਜਾ ਕੇ ਦੱਸੀਏ
ਏਥੇ ਕੋਈ ਹਿੰਦੂ-ਸਿੱਖ ਨਈਂ

ਹੋਣ ਲੱਗੀਆਂ ਮਹਾਂ-ਪੰਚਾਇਤਾਂ
ਖਾਪਾਂ ਨੇ ਧੋਣੇ ਧੋ 'ਤੇ ਪਿਛਲੇ

ਪੁੱਠੀ ਪੈ ਗਈ ਇਲਤ ਜੋ ਕੀਤੀ
ਭੰਗਵੇਂ ਪਾਖੰਡੀਆਂ ਨੇ

ਫੇਰ ਭਾੜੇ ਦੇ ਪਟਾਕੇ ਲੈ ਕੇ
'ਪਾੜ੍ਹਾਂ ਨੂੰ ਹਿਲਾਉਣ ਆ ਗਏ

ਦੌਲੇ ਸ਼ਾਹ ਦੇ ਚਾਂਭਲੇ ਚੂਹੇ
ਸ਼ੇਰਾਂ 'ਤੇ ਛੱਟ ਪਾਉਣ ਨੂੰ ਤੁਰੇ

ਝੱਲੀ ਇਕ ਨਾ ਦਹਾੜ, ਪੂਛਾਂ ਚੁੱਕ ਕੇ
ਸ਼ਾਹੀ ਖੁੱਡਾਂ ਵਿਚ ਜਾ ਵੜੇ

ਪੇਂਡੂ ਬਣ ਵੀ ਖਰੂਦ ਮਚਾਇਆ
ਭਾੜੇ ਦੇ ਨਿੱਕਰਧਾਰੀਆਂ

ਆ ਗਏ ਰੋਲਣ ਸ਼ਾਹੀਨ ਬਾਗ਼ ਵਾਂਗੂ
ਦੰਗੇ ਕਰਵਾ ਕੇ, ਮੋਰਚਾ

ਅੱਗੋਂ ਵਾਸਤਾ ਪਹਾੜਾਂ ਵਰਗੇ
ਇਰਾਦਿਆਂ ਦੇ ਨਾਲ਼ ਪੈ ਗਿਆ

ਕਾਲ਼ੇ ਭੂਡਾਂ ਦੇ ਹਿਲਾਇਆਂ ਨਈਂ ਹਿੱਲਦੇ
ਪਿੱਪਲ ਤੇ ਬੋਹੜ ਕਦੇ

ਸ਼ਾਹੀ ਨੇਰ੍ਹ 'ਚੋਂ ਨਿਕਲਿਆ ਦਗ਼ ਕੇ
ਪੱਕੇ ਪੈਰੀਂ ਹੋ ਕੇ ਮੋਰਚਾ

ਗਿਆ ਛਾਂਗਿਆ ਤਮਾਸ਼ਬੀਨ ਲਾਣਾ
ਸਿਦਕੀ ਸਵਾਏ ਹੋ ਗਏ

ਉੱਤੋਂ ਆ ਗਈ ਬਹਾਰ ਸੱਜ-ਧੱਜ ਕੇ
ਕਣਕਾਂ ਸੁਨਹਿਰੀ ਹੋ ਗਈਆਂ

ਅਸੀਂ ਟੁੱਕ ਵੀ ਲੋਕਾਂ ਦੇ ਮੂੰਹੀਂ ਪਾਉਣਾ
ਅੰਨ-ਦਾਤੇ ਕਿੱਦਾਂ ਭੁੱਲਦੇ

ਯੁੱਧ ਲੜਨੇ ਤੇ ਫ਼ਸਲ ਉਗਾਉਣੀ
ਸਦੀਆਂ ਤੋਂ ਅਸੀਂ ਸਿੱਖਿਆ

ਸਣੇ ਮੋਰਚੇ ਸਾਂਭੀਆਂ ਫ਼ਸਲਾਂ
ਹਾਲ਼ੀਆਂ ਦੇ ਧੰਨ ਹੌਸਲੇ

ਕੁਹਰਾ ਝੱਲਿਆ ਤੇ ਝੱਲ ਲਈਆਂ ਲੂਆਂ
ਮੀਹਾਂ ਦਾ ਹਰ ਕਹਿਰ ਝੱਲਿਆ

ਰਹੀ ਗੂੰਜਦੀ ਆਵਾਜ਼ ਹੱਕ-ਸੱਚ ਦੀ
ਝੂਮਦੀਆਂ ਰਹੀਆਂ ਫ਼ਸਲਾਂ

ਜਿੰਦ ਲਾ ਗਏ ਸੰਘਰਸ਼ਾਂ ਲੇਖੇ
ਪੰਜ ਸੌ ਤੋਂ ਵੱਧ ਸਿਦਕੀ

ਥਾਂ-ਥਾਂ ਹੋਈਆਂ ਕਿਰਸਾਨ ਪਚੈਤਾਂ
ਮੋਇਆ ਲੋਕ-ਰਾਜ ਜਾਗਿਆ

ਲੋਕ ਬਣ ਗਏ ਕਿਸਾਨ, ਕੱਠੇ ਹੋ ਕੇ
ਰਹੇ ਨਾ 'ਕਾਲੀ-ਕਾਂਗਰਸੀਏ

ਹੋਇਆ ਦੁੱਭਰ ਘਰਾਂ 'ਚੋਂ ਪੈਰ ਪੁੱਟਣਾ
ਭੂਤਰੇ ਹੋਏ ਭਾਜਪਾਈਆਂ ਨੂੰ

ਹੋਈਆਂ 'ਕੱਠੀਆਂ ਖਾਪ ਪੰਚਾਇਤਾਂ
ਹੱਕ ਵਿਚ ਹਾਲ਼ੀਆਂ ਦੇ

ਕੱਲ੍ਹ ਪਤਾ ਨਈਂ ਇਨ੍ਹਾਂ ਨੇ ਕੀ ਬਣਨਾ
ਨਵੀਂ ਲੋਅ ਨੇ ਹਾਲ ਦੀ ਘੜੀ

ਘੜੀ ਹਾਲ ਦੀ ਪੰਜਾਬ-ਹਰਿਆਣਾ
ਸੁਪਨੇ ਨੇ ਨਵੇਂ ਕੱਲ੍ਹ ਦੇ

ਨਸ਼ਾ ਸੱਤ੍ਹਾ ਦਾ ਖੱਟਰ ਦਾ ਲਾਹ 'ਤਾ
ਸਣੇ ਸਾਰੇ ਕੋੜਮੇ ਦੇ

ਲਹਿਣ ਦਿੱਤੇ ਨਾ ਸਮਾਨੋ ਹੇਠਾਂ
ਉਡਣ ਖਟੋਲੇ ਓਸਦੇ

ਗਿਆ ਜਿੱਥੇ ਵੀ ਕੂੜ ਪ੍ਰਚਾਰਨ
ਪਿੱਛੇ ਨੂੰ ਬੇਰੰਗ ਮੋੜ'ਤਾ

ਵਾਂਗ ਚਿਚੜੀ ਚਿੰਬੜਿਆ ਚੌਟਾਲਾ
ਕੁਰਸੀ ਤੋਂ ਧੂਹ ਕੇ ਸੁੱਟਣਾ

ਅਸੀਂ ਰਚਾਂਗੇ ਨਵਾਂ ਕੁਰਸ਼ੇਤਰ
ਥਾਂ-ਥਾਂ ਇਨ੍ਹਾਂ ਕੌਰਵਾਂ ਲਈ

ਗਤੀ ਕਰਾਂਗੇ ਪਿਹੋਵੇ ਜਾ ਕੇ
ਏਨਾਂ ਦੇ ਅੰਨ੍ਹੇ ਰਾਜ-ਹਠ ਦੀ

ਚੰਗਾ ਹੋਵੇ ਜੇ ਦਿੱਲੀ ਦਾ ਹਰ ਹਾਕਮ
ਯਾਦ ਰੱਖੇ ਪਾਣੀਪਤ ਨੂੰ

ਕਿੰਨੇ ਸ਼ਹਿਨਸ਼ਾਹ ਆਏ ਤੇ ਕਿੰਨੇ ਤੁਰ ਗਏ
ਖੇਤਾਂ ਨੇ ਕਦੇ ਈਨ ਨਾ ਮੰਨੀ

ਜਿਹੜੇ ਤੋਤੇ 'ਚ ਜਾਨ ਹੈ ਤੇਰੀ
ਉਹ ਚਹਿਕਦਾ ਹੈ ਸਾਡੇ ਸਿਰ 'ਤੇ

ਬਿਨਾਂ ਦਾਰੂਓਂ ਮਾਰਾਂਗੇ ਉਹਨੂੰ ਮਿਥ ਕੇ
ਚੋਣਾਂ ਦਾ ਬੁਖ਼ਾਰ ਚੜ੍ਹੇ ਤੋਂ

ਯਾਦ ਰੱਖਿਓ ਅਸਾਡਾ ਧੋਬੀ-ਪਟੜਾ
ਜੋ ਪੱਛਮੀ ਬੰਗਾਲ 'ਚ ਪਿਆ

ਸਾਰੇ ਦੇਸ਼ ਨੂੰ ਬੰਗਾਲ ਬਣਾਉਣਾ
ਪੈ ਨਾ ਜਾਵੇ ਹਾਲ਼ੀਆਂ ਨੂੰ

ਉਦੋਂ ਠੁੰਮ੍ਹਣਾ ਦੇਣ ਨਾ ਜੋਤਾਂ
ਚੁੱਲ੍ਹੇ 'ਚ ਜਦੋਂ ਅੱਗ ਨਾ ਰਹੇ

ਛੱਤੀ ਭੋਜ ਜੋ ਬੁੱਤਾਂ ਨੂੰ ਤੁਸੀਂ ਲਾਉਂਦੇ
ਉਹ ਸਾਰੇ ਅਸੀਂ ਪੈਦਾ ਕਰਦੇ

ਸਾਡੇ ਸਿਰ 'ਤੇ ਤੁਹਾਡੇ ਨਾਮ ਵਾਲ਼ੇ
ਲੰਗਰਾਂ 'ਚ ਰਹਿਣ ਰੌਣਕਾਂ

ਜਿੰਨੇ ਬਣਦੇ ਨੇ ਮੰਦਰ ਬਣਾ ਲਓ
ਪਾਪ ਦਾ ਨਈਂ ਬੇੜਾ ਤਰਨਾ

ਕੋਈ ਥਾਂ ਵੀ ਪਾਕ ਨਈਂ ਰਹਿਣੀ
ਮਿੱਟੀ ਜੇ ਪਲੀਤ ਹੋ ਗਈ

ਅਸੀਂ ਹੋਣ ਨਈਂ ਕਦੇ ਵੀ ਦੇਣਾ
ਮਿੱਟੀ ਮਾਂ ਦਾ ਚੀਰਹਰਨ

ਥੋਡੀ ਬਾਂਹ ਨਈਂ ਰਾਮ ਨੇ ਫੜਨੀ
ਤੁਸੀਂ ਹੋ ਰੌਣ ਕਲਯੁੱਗ ਦੇ

ਕੋਈ ਬਹੁੜਨਾ ਨਈਂ ਕ੍ਰਿਸ਼ਨ ਮੁਰਾਰੀ
ਇਹ ਦਿੱਲੀ ਹੈ, ਦਵਾਰਕਾ ਨਹੀਂ

ਸਾਡੇ ਕੋਲ਼ ਹੈ ਸੁਦਰਸ਼ਨ ਸੱਚ ਦਾ
ਹੱਕ ਦਾ ਧਨੁਸ਼-ਬਾਣ ਹੈ

ਅਸੀਂ ਵਿੰਨਾਂਗੇ ਤਖ਼ਤ ਦੇ ਪਾਵੇ
ਮੱਛੀ ਦੀ ਕਾਹਤੋਂ ਅੱਖ ਫੁੰਡਣੀ

ਜਦੋਂ ਚੱਲਿਆ ਸੁਦਰਸ਼ਨ ਸਾਡਾ
ਤਾਜ ਨੇ ਤੜੱਕ ਟੁੱਟਣਾ

ਚੇਤੇ ਆਏ ਬਲਰਾਮ ਤਾਂ ਚਿਤਾਰਿਓ
ਹਲ਼ ਹਥਿਆਰ ਵੀ ਹੁੰਦੈ

ਜਿੰਨੇ ਮਰਜ਼ੀ ਪਖੰਡ ਤੁਸੀਂ ਰਚ ਲਓ
ਕਾਗੋ ਨਈਂ ਹੋਣ ਹੰਸ ਲੱਗੇ

ਲਾਸ਼ਾਂ ਢੋਂਹਦਿਆਂ ਗੰਗਾ ਦੀ ਗੱਡ ਟੁੱਟ ਗਈ
ਕਿੱਦਾਂ ਉਹ ਥੋਡੇ ਪਾਪ ਧੋਊਗੀ

ਅਸੀਂ ਉਹਨੂੰ ਵੀ ਕਰਾਂਗੇ ਜੀਣ ਜੋਗੀ
ਮੁੜ੍ਹਕੇ ਦੀ ਪਹੁਲ ਪਿਆਲ਼ ਕੇ

ਕੱਲ੍ਹੀ ਗੰਗਾ ਕਿਉਂ, ਸਾਡੇ ਲਈ ਮਾਵਾਂ ਵਾਂਗ ਨੇ
ਦੇਸ਼ ਦੀਆਂ ਕੁੱਲ ਨਦੀਆਂ

ਜ਼ਹਿਰ ਫੁੱਟ ਦਾ ਪਿਆਇਆ ਤੁਸੀਂ ਸਾਨੂੰ
ਐੱਸ.ਵਾਈ.ਐੱਲ. ਪੁੱਟ ਕੇ

ਆ ਕੇ ਵੇਖਿਓ ਲਿੰਕ ਕਿੱਦਾਂ ਜੁੜਦਾ
ਸਤਲੁੱਜ-ਜਮਨਾ ਦਾ

ਤੁਸੀਂ ਉਹਨੂੰ ਹੀ ਸੁਣਾਇਆ ਫ਼ਤਵਾ
ਜਿੰਨ੍ਹੇ ਵੀ ਸਾਡੀ ਸੁੱਖ ਮੰਗ ਲਈ

ਸਾਡਾ ਮਿੱਤਰ ਗੋਲਡਨ ਢਾਬਾ
ਸੀਨੇ 'ਚ ਥੋੜ੍ਹੇ ਸੂਲ਼ ਕਰੇ

ਰਾਹ-ਬੰਦੀਆਂ ਉਹਦੀਆਂ ਕਰਕੇ
ਸਾਨੂੰ ਹੋ ਵੰਗਾਰਦੇ ਤੁਸੀਂ

ਸਾਡੀ ਯਾਰੀ ਕੋਈ ਤੁਹਾਡਾ ਗੱਠ-ਜੋੜ ਨਈਂ
ਜੋ ਟੁੱਟ ਜੂ ਤੜੱਕ ਕਰਕੇ

ਅਸੀਂ ਮੋੜਾਂਗੇ ਸਵਾਈ ਕਰਕੇ
ਜਿਹੜੀ ਵੀ ਭਾਜੀ ਪਾਓਗੇ ਤੁਸੀਂ

ਕਿਤੇ ਟਿਕਣੀ ਰੋਕ ਨਈਂ ਕੋਈ
ਸ਼ੰਭੂ ਤੇ ਖਨੌਰੀ ਦੀ ਤਰ੍ਹਾਂ

ਸਾਨੂੰ ਰੋਕ ਨਾ ਗਾਰਦਾਂ ਸਕੀਆਂ
ਟੋਲ ਪਲਾਜ਼ਿਆਂ 'ਤੇ

ਜਿੱਥੋਂ ਹਿੱਲਿਆ ਮੋਰਚਾ ਹੋਵੇ
ਕੋਈ ਵੀ ਐਸੀ ਥਾਂ ਦੱਸ ਦਓ

ਸਾਰੇ ਦੇਸ਼ 'ਚੋਂ ਹੁੰਗਾਰੇ ਆਉਂਦੇ
ਜਦੋਂ ਵੀ ਅਸੀਂ ਹਾਕ ਮਾਰੀਏ

ਕੰਮ ਛੱਡ ਕੇ ਮੁਸਾਫ਼ਰ ਰੁਕਦੇ
ਖਿੜੇ ਮੱਥੇ ਸੜਕਾਂ 'ਤੇ

ਲੋਕੀਂ ਹਾਲ਼ੀਆਂ ਨੂੰ ਕਰਨ ਸਲਾਮਾਂ
ਜੰਗਾਂ 'ਚ ਜਿੱਦਾਂ ਫ਼ੌਜੀਆਂ ਨੂੰ

ਜਿਹੜਾ ਪੱਥਰਾਂ ਦਾ ਸ਼ਹਿਰ ਸੀ ਸਦਾਉਂਦਾ
ਉਹ ਦੀਵਾ ਬਣ ਜਗਦਾ ਪਿਆ

ਹਰ ਚੌਂਕ ਧੜਕਦਾ ਉਹਦਾ
ਨਾਬਰਾਂ ਦਾ ਦਿਲ ਬਣ ਕੇ

ਜਿਹੜੇ ਚੌਕ ਮੁਜ਼ਾਰ੍ਹਿਆਂ ਲਈ ਵਰਜਿਤ
ਓਥੇ ਰੋਜ਼ ਲੋਕ ਜੁੜਦੇ

ਰੋਜ਼ ਝੂਲਦੇ ਨਿਸ਼ਾਨ ਕਿਸਾਨੀ
ਇਕ ਸੌ ਚੁਤਾਲ਼ੀ ਤੋੜ ਕੇ

ਚੌਂਕ ਮਟਕਾ ਮਟਕ ਕੇ ਦੱਸਦਾ
ਜਿਉਂਦੇ ਨੇ ਅਜੇ ਚੰਡੀਗੜ੍ਹੀਏ

ਛੱਟ ਲਾਹ'ਤੀ ਗੰਡੋਏਪਣ ਦੀ
ਚਾੜ੍ਹੀ ਸੀ ਸ਼ਾਹੀ ਲਾਲਚਾਂ ਜੋ

ਮੋਹ ਖੇਤਾਂ ਦਾ ਖੁਰਚ ਨਾ ਪਾਈ
ਦਿਲਾਂ 'ਚੋਂ ਸਾਡੇ ਚਿੱਬੀ ਚਾਕਰੀ

ਚਿੱਬੀ ਚਾਕਰੀ ਬੇਸੁਰੀ ਚੀਕੇ
ਸਿਆੜਾਂ ਦੀਆਂ ਸੱਦਾਂ ਸੁਣ ਕੇ

ਨੀਂਦ ਨੋਚਣੀ ਮੁਕੱਦਮਾਂ ਵਾਲ਼ੀ
ਜੋ ਸਤਮਾਹੇਂ ਸੁਪਨੇ ਜਣੇ

ਲੋਕਾਂ ਦੱਸ'ਤਾ ਚੰਡੀਗੜ੍ਹ ਕਿਹਦਾ
ਦਿੱਲੀ ਦੇ ਛਲੇਡਿਆਂ ਨੂੰ

ਰਹਿੰਦਾ ਮੱਚਿਆ ਮਨੋਹਰੀ ਲਾਣਾ
ਵਾੜੇ 'ਚ ਬਹਿ ਕੇ ਮਾਰੇ ਬੜ੍ਹਕਾਂ

ਪੱਠੇ ਖਾ ਕੇ ਜੁਗਾਲੀ ਰਹਿਣ ਕਰਦੇ
ਆਕਿਆਂ ਦੀ ਖੁਰਲੀ 'ਚੋਂ

ਭੇਡ-ਚਾਲ ਦਾ ਪੜ੍ਹਦੀਆਂ ਪਹਾੜਾਂ
ਸੌ-ਸੌ ਵਾਰੀ ਭੇਡਾਂ ਸਾਰੀਆਂ

ਓਸੇ ਰੰਗ 'ਚ ਜਾਣ ਝੱਟ ਰੰਗੀਆਂ
ਜਿਹੜਾ ਵੀ ਵੱਡਾ ਬੋਕ ਚੁਣਦਾ

ਨਿੱਤ ਬੋਲੇ ਉਹ ਮੁਖੌਟਾ ਨਵਾਂ ਪਾ ਕੇ
'ਮਨ ਦੀ ਮੁਨਾਦੀ' ਕਰਦਾ

ਆਉਂਦੀ ਰਾਸ ਨਾ ਰੁੱਖਾਂ ਨੂੰ ਰਵਾਦਾਰੀ
ਸਾਜ਼ਿਸ਼ੀ ਲੱਕੜਹਾਰੇ ਦੀ

ਰੁੱਖ ਰਿਹਾ ਤਾਂ ਆਲ੍ਹਣੇ ਰਹਿਣੇ
ਪਤਾ ਹੈ ਪਰਿੰਦਿਆਂ ਨੂੰ

ਆਪੋ-ਆਪਣੇ ਆਲ੍ਹਣੇ ਨਾਲ਼ੋਂ
ਰੁੱਖਾਂ ਦੀ ਸਾਨੂੰ ਵੱਧ ਚਿੰਤਾ

ਹਰ ਰੁੱਖ ਲਈ ਰੋਣ ਦੀ ਥਾਵੇਂ
ਜੰਗਲ ਬਚਾਉਣਾ ਲਾਜ਼ਮੀ

ਧਿਰ ਬਣਕੇ ਜੰਗਲ ਦੀ ਆ ਗਏ
ਛੱਤਾਂ ਦੀ ਅਸੀਂ ਛਾਂ ਛੱਡ ਕੇ

ਓਨ੍ਹਾਂ ਅੱਜ ਨਈਂ ਤੇ ਕੱਲ੍ਹ ਵੱਢ ਛੱਡਣਾ
ਕੱਲ੍ਹੇ-ਕਾਰੇ ਹਰ ਰੁੱਖ ਨੂੰ

ਪੈਣੀ ਕੱਢਣੀ ਲੋਭ ਦੀ ਆਰੀ
ਮਾਇਆਧਾਰੀ ਮੱਥਿਆਂ 'ਚੋਂ

ਓਸ ਲੋਹੇ ਨੂੰ ਤਜੌਰੀ ਸਣੇ ਢਾਲ਼ਣਾ
ਜੋ ਕਪਟੀ ਕੁਹਾੜੀ ਬਣਦਾ

ਦੰਦੇ ਆਰਿਆਂ ਦੇ ਭੋਰਨੇ ਘਸਾ ਕੇ
ਹਲ਼ਾਂ ਦਿਆਂ ਫਾਲ਼ਿਆਂ 'ਤੇ

ਅਸੀਂ ਦਸਤੇ ਬਣਨ ਨਈਂ ਦੇਣਾ
ਖ਼ੁਦ ਨੂੰ ਕਵਾੜ੍ਹਿਆਂ ਦੇ

ਸਾਨੂੰ ਆ ਗਏ ਸਮਝ ਸਭ ਜੁਮਲੇ
ਮੀਸਣੇ ਮਦਾਰੀਪਣ ਦੇ

ਸਾਡੇ ਸਾਮ੍ਹਣੇ ਜਮਾਂ ਨਈਂ ਸਕਦੇ
ਜਮੂਰੇ ਹੋਰ ਸਰੋਂ ਹੱਥਾਂ 'ਤੇ

ਤੇਰੇ ਤਿੰਨ ਹੀ ਕਾਨੂੰਨ ਨਹੀਂ ਕਾਲ਼ੇ
ਬਥੇਰਾ ਕੁਝ ਹੋਰ ਕਾਲ਼ਾ ਏ

ਕਾਲ਼ਾ ਦਿਲ ਤੇ ਦਿਮਾਗ਼ ਤੇਰਾ ਕਾਲ਼ਾ
ਦੋਹਾਂ ਤੋਂ ਵੱਧ ਜੀਭ ਕਾਲ਼ੀ ਏ

ਤੇਰੀ ਝਾਕਣੀ ਹਨੇਰ ਮਚਾਉਂਦੀ
ਧੂੰਏ ਤੋਂ ਤੇਰੀ ਨੀਤ ਕਾਲ਼ੀ ਏ

ਆਇਆ ਧੂੰਏ ਦੇ ਤਿਆਗ਼ ਦਾ ਵੇਲ਼ਾ
ਚੇਤਨਾ ਦੀ ਅੱਗ ਮੱਚ ਪਈ

ਏਸੇ ਅੱਗ 'ਚ ਆਹੂਤੀ ਪਾ ਕੇ ਜਾਨ ਦੀ
ਛੇ ਸੌ ਦੀਵੇ ਚੰਨ ਬਣ ਗਏ

ਹੋਰ ਸੈਂਕੜੇ ਹਜ਼ਾਰਾਂ, ਲੱਖਾਂ
ਸੂਰਜਾਂ ਦੀ ਦੱਸ ਪਾ ਰਹੇ

ਤੇਰੇ 'ਮਨ ਕੀ ਬਾਤ' ਦੇ ਮੇਚੇ
ਆਏ ਨਾ ਸਾਡੇ ਤਨ ਤਪਦੇ

ਅਸੀਂ ਸੜਕਾਂ ਨੂੰ ਸ਼ਹਿਰ ਬਣਾ 'ਤਾ
ਤੂੰ ਸ਼ਹਿਰਾਂ ਵਿਚ ਸਿਵੇ ਬੀਜਦੈਂ

ਲੱਖ ਲਾਹਨਤੀ ਨਿਰਾਲਾਪਣ ਤੇਰਾ
ਨੀਂਹਾਂ ਨੂੰ ਪੁੱਟ, ਛੱਤ ਬੋਚਦੈਂ

ਵੇਲ਼ੇ ਚੁੱਪ ਦੇ ਪਟਾਕੀ ਜਾਵੇਂ
ਚੁੱਪ ਧਾਰੇਂ ਬੋਲਣ ਸਮੇਂ

ਖ਼ੁਸ਼ ਹੋਵੇਂ ਤੂੰ ਮਿੱਟੀ ਨੂੰ ਵੱਸ ਪਾ ਕੇ
ਔੜ ਦੀ ਅਜ਼ਾਰੇਦਾਰੀ ਦੇ

ਪੱਕੀ ਫ਼ਸਲੋਂ ਮਹੂਰਤ ਮੀਂਹ ਦਾ
ਦਗ਼ੇਬਾਜ਼ੀ ਨਾਲ਼ ਕੱਢਦੈਂ

ਅਸੀਂ ਹੋਰ ਗਲ਼ਣ ਨਈਂ ਦੇਣੀ
ਦਾਗ਼ਿਆਂ ਦੀ ਦਾਲ਼ ਦੰਭੀਆ

ਏਸੇ ਆਸ ਦੇ ਦਮਾਂ ਦੇ ਸਿਰ 'ਤੇ
ਸਾਡੇ ਨੇ ਦਮਾਮੇ ਵੱਜਦੇ

ਜਿੱਥੇ-ਜਿੱਥੇ ਵੀ ਨਿਸ਼ਾਨ ਸਾਡੇ ਝੂਲਦੇ
ਪੌਣਾਂ ਨੂੰ ਆਜ਼ਾਦੀ ਮਿਲ਼ਦੀ

ਪੂਰੇ ਦੇਸ਼ ਦੀ ਹਵਾ 'ਚ ਰਹਿਣੀ ਘੁਲ਼ ਕੇ
ਮਹਿਕ ਹੱਕੀ ਮਕਸਦ ਦੀ

ਅਸੀਂ ਜੂਝੇ ਆਂ ਜੂਝਦੇ ਰਹਿਣਾ
ਮਹੀਨਿਆਂ ਨੇ ਸਾਲ ਬਣਨਾ

ਪੂਰੇ ਦੇਸ਼ ਦਾ ਮਸੀਹਾ ਬਣ ਜਾਣਾ
ਸੰਯੁਕਤ ਕਿਸਾਨ ਮੋਰਚਾ

ਲੋਕੀਂ ਕਹਿਣਗੇ, ਕਿਸਾਨ, ਅਸਾਡੇ
ਸੰਕਟ - ਮੋਚਨ ਨੇ

ਧੰਨ ਹੌਸਲਾ ਹਾਲ਼ੀਆ ਤੇਰਾ
ਧੰਨ ਹੈ ਲੜਾਈ ਹੱਕ ਦੀ

ਸਵਾ ਸਾਲ ਹੋਣ ਨੂੰ ਆਇਆ
ਰਤਾ ਨਾ ਪੰਜਾਬ ਥੱਕਿਆ

ਨੌਂ ਮੀਨ੍ਹਿਆਂ ਤੋਂ ਰੱਖੀ ਹੈ ਪੰਜਾਲ਼ੀ
ਦਿੱਲੀਏ ਨੀ ਤੇਰੀ ਧੌਣ 'ਤੇ

ਸਾਡੇ ਆਗੂ ਨਾ ਰਤਾ ਵੀ ਖਿਸਕੇ
ਆਪਣੇ ਨਿਸ਼ਾਨੇ ਤੋਂ

ਮਾਣ ਓਨ੍ਹਾਂ ਨੂੰ ਸਾਡੇ 'ਤੇ, ਸਾਨੂੰ ਓਨ੍ਹਾਂ 'ਤੇ
ਐਵੇਂ ਨਈਂ ਜਾਂਦਾ ਜੱਗ ਜਿੱਤਿਆ

ਕਦੇ ਕਿਸੇ ਤੋਂ ਕੋਤਾਹੀ ਵੀ ਜੇ ਹੋਈ
ਖਿੜੇ ਮੱਥੇ ਭੁੱਲ ਮੰਨ ਲਈ

ਭੁੱਲ ਮੰਨ ਲਈ ਨਾ ਫ਼ੈਸਲਾ ਉਲੱਦਿਆ
ਪੰਚ-ਪ੍ਰਮੇਸ਼ਰਾਂ ਦਾ

ਇਹਨੂੰ ਕਹਿੰਦੇ ਨੇ ਲੋਕਾਂ ਦੀ ਜਮਹੂਰੀਅਤ
ਛਾਂਗਦੀ ਜੋ ਤਾਨਾਸ਼ਾਹੀ ਨੂੰ

ਤਾਨਾਸ਼ਾਹੀ ਦੇ ਸੰਸਦੀਪਣ ਦੀ
ਹਾਲ਼ੀਆਂ ਨੇ ਹਵਾ ਕੱਢ'ਤੀ

ਲਾ ਕੇ ਆਪਣੀ ਬਰਾਬਰ ਸੰਸਦ
ਦੱਸ ਦਿੱਤਾ ਬਹਿਸ ਕੀ ਹੁੰਦੀ

ਕਿੱਦਾਂ ਬਣੇਂ ਤੇ ਚਾਹੀਦੇ ਕਿੱਦਾਂ ਬਣਨੇ
ਰਾਜੇ ਨੂੰ ਕਾਨੂੰਨ ਦੱਸਿਆ

ਅਸੀਂ ਤਪਦੀ ਸੜਕ ਵੀ ਠਾਰੀ
ਤੁਸੀਂ ਤਾਇਆ ਠੰਡੇ ਮਹਿਲ ਨੂੰ

ਫੂਕ ਲੋਕਾਂ ਦੇ ਕਰੋੜਾਂ ਤੁਸੀਂ ਹਰ ਪਲ
ਕੁੱਕੜਾਂ ਦੇ ਵਾਂਗ ਲੜੋ

ਅਸੀਂ ਬਾਹਰੋਂ ਹੀ ਬਿਠਾ'ਤੀ ਵਾਂਗ ਝੱਗ ਦੇ
ਬਹੁਮਤ ਹਾਕਮ ਦੀ

ਸਾਡੀ ਅਰਜ਼ ਚੇਤਾਵਨੀ ਵਰਗੀ
ਸਿਰ ਚੜ੍ਹ ਰਹੀ ਬੋਲ਼ਦੀ

ਥੋਡੀ ਪਾਰਲੀਮੈਂਟ ਦੀਆਂ ਚੂਲ਼ਾਂ
ਆਪੋ 'ਚ ਖਹਿ-ਖਹਿ ਹੋਈਆਂ ਢਿੱਲੀਆਂ

ਛਲ਼ ਲੋਕਾਂ ਨੂੰ, ਲੋਕਾਂ ਦੇ ਨਾਂ 'ਤੇ
ਲੋਕਾਂ ਦੀ ਤੁਸੀਂ ਸੰਘੀ ਘੁੱਟਦੇ

ਅਸੀਂ ਲੋਕਾਂ ਨੂੰ ਵਿਖਾ'ਤਾਂ ਉਹ, ਜਿਹੜਾ
ਕੱਦੂ 'ਚ ਤੁਸੀਂ ਤੀਰ ਮਾਰਦੇ

ਕੁਝ ਸਿੱਖ ਲਓ, ਹਿਸਾਬ ਲੋਕਾਂ ਮੰਗਣਾ
ਵੋਟਾਂ ਦਿਓ ਡੂੰਨ-ਵੱਟਿਓ

ਤਾਨਾਸ਼ਾਹੀ ਨੂੰ ਛਾਂਗਦੇ ਰਹਿਣਾ
ਏਦਾਂ ਹੀ ਹੁਣ ਲੋਕ-ਮਤ ਨੇ

ਪੰਜ/ਦਸ ਤੋਂ ਮੁਜ਼ੱਫ਼ਰ ਨਗਰੋਂ
ਯੂ.ਪੀ. ਨੇ ਬੰਗਾਲ ਬਣਨਾ

ਅਸੀਂ ਗੱਦੀਆਂ ਲੈਣ ਨਈ੍ਹੀਂ ਆਏ
ਵੋਟਾਂ ਲਈ ਨਾ ਹੀ ਹੱਥ ਅੱਡੀਏ

ਅਸੀਂ ਚਾਹੁੰਦੇ ਹਾਂ ਕਿ ਹਾਕਮਾਂ ਦੀ ਥਾਂ ’ਤੇ
ਹਕੂਮਤਾਂ ਦੀ ਰੀਤ ਬਦਲੇ

ਕੋਈ ਕੇਜਰੀਵਾਲ਼ ਨਾ ਨਿਕਲੇ
ਸੰਘਰਸਾਂ ’ਚੋਂ ‘ਆਪ’ ਖੱਟ ਕੇ

ਡੋਬ ਦੇਂਦਾ ਏ ਸੰਘਰਸ਼ੀ ਬੇੜੇ
ਲੋਭ ਝੰਡੀ ਵਾਲ਼ੀ ਕਾਰ ਦਾ

ਪਹਿਲਾਂ ਜਿੱਤਾਂਗੇ ਮੋਰਚਾ ਹੱਕ ਦਾ
ਵੋਟਾਂ ਬਾਰੇ ਫੇਰ ਸੋਚਾਂਗੇ

ਸਾਡੇ ਆਗੂਆਂ ਦਾ ਏਹੋ ਹੈ ਰਵੱਈਆ
ਚੜੂਨੀ ਜੀ ਦੀ ਟੇਢ ਬਿਨਾਂ

ਬਿਨਾਂ ਵੱਤਰੋਂ, ਵਿਆਹ ’ਚ ਲੇਖਾ ਬੀਅ ਦਾ
ਉਹ ਦੂਜੇ ਚੌਥੇ ਪਾਈ ਰੱਖਦੇ

ਏਦਾਂ ਲਗਦੈ ਆ ਗਿਐ, ਧੋਖੋ,
ਉਨ੍ਹਾਂ ਨੂੰ ਜਿਵੇਂ ਕੇਜਰੀ ਦਾ

ਇਹ ਮੋਰਚਾ ਓਦਾਂ ਨਈ੍ਹੀਂ ਟੁੱਟਣਾ
ਟੁੱਟਾ ਸੀ ਜਿੱਦਾਂ ਲੋਕ-ਪਾਲ ਦਾ

ਇਹ ਦਿੱਲੀ ਨਈਂ ਪੰਜਾਬ ਹੈ ਚੜੂਨੀ ਜੀ
ਏਥੇ ਨਈਂ ਛੇਤੀ ਦਾਲ਼ ਗਲ਼ਦੀ

ਫੇਰੋ ਸਿਆਹੀ ਨਾ ਵੋਟਾਂ ਦੀ ਲੀਕ ਵਾਲ਼ੀ
ਲੋਕਾਂ ਦੇ ਜੁਝਾਰੂਪਣ ’ਤੇ

ਕੀ ਛੱਤ ਦੀ ਕਰੂਗੀ ਪੋਚਾ-ਪਾਚੀ
ਨੀਂਹ ਹੀ ਜੇ ਹਿੱਲਦੀ ਰਹੀ

ਚਾਹੁੰਦੇ ਲੋਕ ਨਈਂ ਓਦਾਂ ਦਾ ਹੋਰ ਬਣ ’ਜੇ
ਜਿੱਦਾਂ ਦੇ ਪਹਿਲਾਂ ਡੱਡੂ-ਦਲ ਨੇ

ਪੈੜਾਂ ਪਾਉਣਗੇ ਲੋਕ ਜਦ ਨਿਕਲ਼ੇ
ਤਪ ਕੇ ਸੰਘਰਸ਼ਾਂ ’ਚੋਂ

ਅਸੀਂ ਭੁੱਲ਼ੇ ਨਹੀਂ ਸ਼ੰਭੂ ਦਾ ਸਾਕਾ
ਪੱਚੀ-ਗਿਆਰਾਂ-ਵੀਹ ਵਾਲੜਾ

ਲੋਕ-ਯੁੱਧ ਦੀ ਪੌੜੀ ਦੇ ਪਹਿਲੇ ਡੰਡੇ ’ਤੇ
ਟਿਕੇ ਸੀ ਸਾਡੇ ਪੈਰ ਰਲ਼ ਕੇ

ਲੋਕਾਂ ਵਾਸਤੇ, ਲੋਕਾਂ ਨੇ ਜਿੱਥੇ, ਲੋਕਾਂ ਨੂੰ,
ਸੀ ਤਾਕਤ ਵਿਖਾਈ ਲੋਕਾਂ ਦੀ

ਓਸ ਪਲ਼ ਨੂੰ ਸਲਾਮ ਥੋਡੇ ਸ਼ਾਇਰ ਦੀ ਹੈ,
ਨੌਂ ਮੀਨ੍ਹੇ ਨੌਂਵੇਂ ਦਿਨ ਦੀ

ਕਿਹੜਾ ਦੁੱਖ ਹੈ, ਅਸੀਂ ਨਈਂ ਜਿਹੜਾ ਝੱਲਿਆ
ਘਾਲ਼ੀ ਨਈਂ ਕਿਹੜੀ ਘਾਲਣਾ ਅਸੀਂ

ਜੇਠ-ਹਾੜ੍ਹ ਦੇ ਭੱਠਾਂ 'ਚ ਅਸੀਂ ਤਪੇ ਹਾਂ
ਠਰੇ ਹਾਂ ਪੋਹ-ਮਾਘ ਮੀਂਹਾਂ 'ਚ

ਬਿਨਾਂ ਆਲ੍ਹਣੇ ਪਰਿੰਦਿਆਂ ਵਾਂਗੂੰ
ਨਿਭੇ ਹਾਂ ਨਾਲ਼ ਝੱਖੜਾਂ ਦੇ

ਰੋੜਾਂ ਵਾਲ਼ੀਆਂ ਤਪਦੀਆਂ ਸੜਕਾਂ
ਲੈ ਬੁੱਕਲਾਂ 'ਚ ਸਾਨੂੰ ਸਾਉਂਦੀਆਂ

ਰੋਟੀ-ਪਾਣੀ ਵੀ ਜਰਨ ਨਾ ਸਾਡਾ
ਜੋ ਖਾ'ਗੇ ਸਾਰਾ ਦੇਸ਼ ਲੁੱਟ ਕੇ

ਨਿੱਤ ਬੋਲ਼ਦੇ ਕੁਲੱਛਣੇ ਬੋਲੇ
ਉੱਲੂ ਦਰਬਾਰ ਦਿੱਲੀ ਦੇ

ਕਿਤੋਂ ਉੱਡਦੀ ਬਿਠਾ'ਤੀ ਫੜ ਤਖ਼ਤੇ
ਨਵੀਂ-ਨਵੀਂ ਅੱਕ-ਫੰਬੜੀ

ਉਹਨੂੰ ਸੁੰਢ ਦੀ ਗੰਢੀ ਕੀ ਲੱਭ'ਗੀ
ਬਣ ਪੰਸਾਰੀ ਬਹਿ ਗਈ

ਸੁੱਟ-ਸੁੱਟ ਕੇ ਗੱਲਾਂ ਦਾ ਗਾਰਾ
ਆਕਿਆਂ ਦੀ ਕੰਧ ਲਿੱਪਦੀ

ਅੰਨ-ਦਾਤੇ ਨੂੰ 'ਮਵਾਲੀ' ਦੱਸਦੀ
ਚੁੱਕੀ ਹੋਈ ਬਿੱਲੇ-ਰੰਗੇ ਦੀ

ਸਾਡੇ ਹੌਸਲੇ ਟੁੱਟੇ, ਨਾ ਹਠ ਹਾਕਮੀ
ਅੰਨ੍ਹਾ ਅਨਿਆ ਭੁੱਲਿਆ

ਲਾਠੀ-ਚਾਰਜ, ਬੁਛਾੜਾਂ ਜਲ-ਤੋਪੀ
ਰੋਜ਼ ਦਾ ਤਮਾਸ਼ਾ ਹੋਗੀਆਂ

ਨਿੱਤ ਹਾਕਮ ਚੰਗੇਜ਼ੀ ਖ਼ੁਸ਼ ਹੋਵੇ
ਹਾਲ਼ੀਆਂ ਦਾ ਲਹੂ ਡੋਲ੍ਹ ਕੇ

ਖੋਤਾ ਆਖਦਾ ਖੱਟਰ ਦਾ, ਇਹਨਾਂ ਦੇ,
ਦੁਲੱਤੇ ਮਾਰ ਸਿਰ ਭੰਨਣੇ

ਉਹਨੂੰ ਪਤਾ ਨਈਂ ਉਹਦਾ ਫੇ' ਕੀ-ਕੀ ਭੱਜਣਾ
ਜੇ ਹਾਲ਼ੀਆਂ ਸਵਾਗ੍ਹਾ ਫੇਰਤਾ

ਕਿੱਥੇ-ਕਿੱਥੇ ਫੇ' ਕਰੋਗੇ ਸ਼ਾਹੀ ਪੱਟੀਆਂ
ਜੇ ਕੁਰਸੀ ਹਲ਼ਾਂ ਨੇ ਭੰਨ'ਤੀ

ਕੀ ਪਤਾ ਹੈ ਖਿਸਕ ਕਦ ਜਾਣੀ
ਝੰਡੀ ਵਾਲ਼ੀ ਕਾਰ ਥੱਲਿਓਂ

ਸਾਡੇ ਟੁਕੜੇ ਖਾਓ ਤੇ ਸਾਨੂੰ ਭੌਂਕੋ
ਬੱਲੇ ਓਏ ਥੋਡੇ ਲੋਕ-ਸੇਵਕੋ

ਲਾਹਾ ਲੈ ਲਿਆ ਜਿਹੜਾ ਸੀ ਤੁਸੀਂ ਲੈਣਾ
ਸਦਾ ਨਾ ਹਾਂਡੀ ਕਾਠ ਦੀ ਚੜ੍ਹੇ

ਰਹਿਣ ਦੌਰੇ 'ਤੇ ਦਮੂੰਹੀਆਂ ਚੜ੍ਹੀਆਂ
ਥਾਪੀ ਲੈ ਕੇ ਅਜਗਰ ਤੋਂ

ਕਾਕਾ'ਕਾਲੀਆਂ ਗਿਆ ਏ ਫੇਰ ਰੰਗਿਆ
ਲੱਗੇ ਭਾਜਪਾਈ ਰੰਗ 'ਚ

ਏਡੀ ਛੇਤੀ ਉਹ ਪਾਣ ਕਿੱਦਾਂ ਲੱਥ ਜੂ
ਜੋ ਵੀਹ ਸਾਲ ਚੜ੍ਹਦੀ ਰਹੀ

ਉੱਤੋਂ ਹਾਲ਼ੀਆਂ ਦਾ ਹੇਜ ਵਿਖਾਉਂਦਾ
ਚੋਣਾਂ ਦੀ ਮੂੰਹ 'ਚ ਪਾ ਕੇ ਚੁੰਘਣੀ

ਕੱਠੀ ਡੱਡਾਂ ਦੀ ਪਸੇਰੀ ਰੋਜ਼ ਕਰਦਾ
ਲੋਕਾਂ ਅੱਖੀਂ ਘੱਟਾ ਪਾਉਣ ਨੂੰ

ਰੋਜ਼ ਕੁੱਟਦਾ ਚੁਣਾਵੀਂ ਚਿਮਟਾ
ਗੱਪਾਂ ਦੀਆਂ ਵੰਡੇ ਫੁੱਲੀਆਂ

ਸਾਕਾਦਾਰੀ 'ਚੋਂ ਮਜੀਠੀ ਰੰਗ ਮਟਕੇ
ਮਾੜੀ-ਮੋਟੀ ਮਾਰੇ ਧੁਰਲੀ

ਦਲ-ਜੀਤ ਤੋਂ ਗਿਆ ਨਾ ਬਣਿਆਂ
ਦਿਲ-ਜੀਤ ਲੰਗੇ-ਡੰਗ ਵੀ

ਲਾਵੇ ਜੁਗਤਾਂ ਜੰਗਾਲ਼ ਦੀਆਂ ਖਾਧੀਆਂ
ਦੁਆਬੇ ਵਾਲ਼ੀ ਜ਼ੈਲਦਾਰਨੀ

ਵੱਡੇ ਬਾਪੂ ਦਾ ਚੁਣਾਵੀਂ ਝੁਰਲੂ
ਲਗਦਾ ਨੀ ਚੱਲੇ ਐਤਕੀਂ

ਝਾੜੂ-ਪੰਜੇ ਨੂੰ ਕਰੂਗੀ ਝੇਡਾਂ
ਹਾਥੀ ਉੱਤੇ ਰੱਖੀ ਤੱਕੜੀ

ਝੱਟ ਤਾੜ ਲਈ ਸੰਘਰਸ਼ੀ ਸੋਚਾਂ
ਚੂਹਾ-ਦੌੜ ਸ਼ੇਖ-ਚਿੱਲੀ ਦੀ

ਲੋਕਾਂ ਮੰਗਿਆ ਹਿਸਾਬ ਥਾਂ-ਥਾਂ ਘੇਰ ਕੇ
ਚੱਟੀਆਂ ਚੱਕੀਆਂ ਦਾ

ਯਾਰੀ ਪੈ'ਗੀ ਕੈਪਟਨੀ ਭਾਰੀ
ਮੋਗੇ ਵਾਲ਼ੇ ਮਜਮੇ 'ਤੇ

ਪਹੀਏ ਰੋਕ 'ਤੇ ਕਿਸਾਨਾਂ, ਹਿੱਕਾਂ ਡਾਹ ਕੇ
ਰੀਂਘਦੇ ਸਿਆਸੀ-ਰਥ ਦੇ

ਫੇਰ ਲਾਹ ਲਿਓ ਬੇਸ਼ਰਮੋਂ ਸ਼ਰਮਾਂ
ਖੇਤਾਂ ਦਾ ਹਾਲੇ ਪੱਖ ਪੂਰ ਲਓ

ਛੱਜ ਬਣੋਂਗੇ ਜਦੋਂ ਤਾਂ ਬੋਲ ਲੈਣਾ
ਅਜੇ ਹੋ ਤੁਸੀਂ ਛਾਨਣੀਆਂ

ਤੁਸੀਂ ਖੁਰਕ-ਖੁਰਕ ਹੋ ਛਿਲਦੇ
ਪਿੱਠ ਰੋਜ਼ ਆਪੋ-ਆਪਣੀ

ਜਿਹਦੇ ਸਿਰ 'ਤੇ ਦਾਤੇ ਹੋ ਤੁਸੀਂ ਬਣਦੇ
ਖ਼ਜ਼ਾਨਾ ਉਹ ਵੀ ਅਸੀਂ ਭਰਦੇ

ਸਾਨੂੰ ਆ'ਗਈਆਂ ਕੱਢਣੀਆਂ ਮਣੀਆਂ
ਸੱਪਾਂ ਦੀਆਂ ਸਿਰੀਆਂ 'ਚੋਂ

ਅਸੀਂ ਰੰਗ ਲਏ ਬਸੰਤੀ ਚੋਲ਼ੇ
ਨਾਲ਼ੋ-ਨਾਲ਼ ਹਰਿਆਂ ਦੇ

ਇਕ ਹੱਥ ਵਿਚ ਹਲ਼ ਜਾਂ ਹਥੌੜਾ
ਦੂਜੇ ਵਿਚ ਝੰਡਾ ਫੜਿਆ

ਸਾਡੇ ਮੱਥੇ ਨੇ ਸੂਰਜੀ-ਸੁਪਨੇ
ਅੱਖੀਆਂ ਮਸ਼ਾਲਾਂ ਬਣੀਆਂ

ਹਰ ਬੂੰਦ 'ਚੋਂ ਹਜ਼ਾਰਾਂ ਸਿਰ ਉੱਗਣੇ
ਜੇ ਹਾਲ਼ੀਆਂ ਦਾ ਲਹੂ ਡੁੱਲ੍ਹਿਆ

ਦਾਣੇ-ਦਾਣੇ ਨੂੰ ਹੈ ਬੋਹਲ ਬਣਾਉਣਾ
ਅਹਿਦ ਕੀਤਾ ਅੰਨ-ਦਾਤਿਆਂ

ਨੇੜੇ ਹੋ ਕੇ ਪਊਗੀ ਸਾਡੀ ਸੁਣਨੀ
ਉੱਤੇ-ਥੱਲੇ ਵਾਲ਼ੇ ਦੋਵਾਂ ਨੂੰ

ਤੋੜ ਦਿਆਂਗੇ ਜ਼ੰਜੀਰਾਂ ਰਲ਼ ਕੇ
ਅਸੀਂ ਅੰਧ-ਭਗਤੀ ਦੀਆਂ

ਜਿਹੜਾ ਘਰਾਂ ਦੇ ਬਨੇਰੇ ਢਾਹਵੇ
ਅਸੀਂ ਉਹਦੀ ਨੀਂਹ ਪੁੱਟਣੀ

ਅੱਗ ਲੱਗੀ ਤੋਂ ਅਸੀਂ ਨਈਂ ਖੂਹ ਪੁੱਟਦੇ
ਖ਼ੁਦ ਦਰਿਆ ਬਣੀਏਂ

ਸਾਡਾ ਮੁੜ੍ਹਕਾ ਖੇਤਾਂ ਨੂੰ ਠੰਢ ਪਾਉਂਦਾ
ਸੜਕਾਂ ਨੂੰ ਲਹੂ ਠਾਰਦਾ

ਨੌਂ ਮੀਨ੍ਹੇ ਤਾਂ ਸਿਰਫ਼ ਸ਼ੁਰੂਆਤ ਹੈ
ਸਾਲਾਂ-ਬੱਧੀ ਜੂਝਣ ਦੀ

ਕੰਧ ਕੂੜ ਦੀ ਢੱਠੀ ਜੇ ਨਾ ਸਾਥੋਂ
ਪੋਤੇ-ਪੜਪੋਤੇ ਢਾਹੁਣਗੇ

ਸਾਰੇ ਚੱਲੂਗਾ ਕਿਸਾਨ-ਮਤਾ ਸਾਡਾ
ਸੜਕਾਂ ਤੋਂ ਸੰਸਦ ਤਕ

ਜੂਝ ਪਈਆਂ ਨੇ ਦਾਦੀਆਂ-ਨਾਨੀਆਂ
ਮਾਵਾਂ-ਧੀਆਂ ਝੰਡੇ ਚੁੱਕ ਲਏ

ਕੱਲ੍ਹ ਪੋਤੀਆਂ-ਦੋਹਤੀਆਂ ਗੱਜਣਾ
ਪਰਸੋਂ ਨੂੰ ਪੜਪੋਤੀਆਂ

ਹੱਕ ਮੰਗਦੇ ਕਤਲਗਾਹੋਂ ਲੰਘਦੇ
ਸਿਰ 'ਸੁਰਜੀਤ' ਰਹਿਣਗੇ

ਖ਼ਦੁਕੁਸ਼ੀ ਨਈਂ, ਸ਼ਹਾਦਤੀ-ਸੁਪਨਾ
ਪਿੰਡ 'ਸੁਰਜੀਤ' ਕਰੂਗਾ

ਅਸੀਂ ਕੀਤੀ 'ਸੁਰਜੀਤ', ਹੋਰ ਕਰਾਂਗੇ
ਤਵਾਰੀਖ਼ ਨਾਬਰੀ ਦੀ

ਰਹਿਣੀ ਚੱਲਦੀ ਸੰਘਰਸ਼ੀ ਗਾਥਾ
ਯੁੱਧ 'ਸੁਰਜੀਤ' ਹੈ ਅਜੇ

••

# ਲੋਅ ਸੁਰਜੀਤ ਹੋਈ

ਖੇਤ ਵਾੜ ਨੂੰ ਖਾਣ ਨਈਓਂ ਦੇਣਾ
ਰਾਖੀ ਬਹਿ ਗਏ ਧਰਤ ਜਾਏ,
ਰਾਖੀ ਬੈਠ ਗਏ ਧਰਤ ਦੇ ਜਾਏ
ਵਿਹਲੜਾਂ ਦੇ ਵੱਗ ਘੇਰਨੇ,
ਵੱਗ ਵਿਹਲੜਾਂ ਦੇ ਘੇਰ ਕੇ ਭਜਾਉਣੇ
ਦਿੱਲੀ ਦੀ ਜੋ ਸ਼ਹਿ 'ਤੇ ਪਲ਼ਦੇ,
ਜੋ ਵੀ ਪਲ਼ਦਾ ਦਿੱਲੀ ਦੀ ਸ਼ਹਿ 'ਤੇ
ਓਹੀ ਸਾਡਾ ਖ਼ੂਨ ਚੂਸਦਾ,
ਲਹੂ ਚੂਸਦੀ ਹਮੇਸ਼ਾਂ ਸਾਡਾ
ਜੋਕ ਮਾਇਆਧਾਰੀਆਂ ਦੀ,
ਮਾਇਆਧਾਰੀਆਂ ਸਾਜਿਸ਼ਾਂ ਰਚੀਆਂ
ਸਾਡੀ ਅੱਖੀਂ ਘੱਟਾ ਪਾਉਣ ਨੂੰ,
ਘੱਟਾ ਪਾ ਕੇ ਅੱਖਾਂ ਵਿਚ ਸਾਡੇ
ਉਹ ਅਕਲਾਂ ਦਾ ਸਾਹ ਸੂਤਦੇ,
ਖੂਹ ਹੋਣ ਨਾ ਅਕਲ ਦੇ ਖ਼ਾਲੀ
ਓਥੇ, ਜਿੱਥੇ, ਲੋਕ ਜੂਝਦੇ,
ਮਿੱਟੀ-ਮਾਂ ਦੇ ਜੁਝਾਰੂ ਜਾਇਆਂ
ਰੱਖਣੀ ਮਸ਼ਾਲ ਮੱਚਦੀ
ਸਦਾ ਰੱਖਣੀ ਮਸ਼ਾਲ ਅਸਾਂ ਮੱਚਦੀ
ਸ਼ਾਇਰੀ ਤੇ ਸੰਘਰਸ਼ਾਂ ਦੀ
ਸਾਂਝ ਸ਼ਾਇਰੀ ਤੇ ਸੰਘਰਸ਼ਾਂ ਪਾਈ
ਲੋਅ ਸੁਰਜੀਤ ਹੋਈ

●●

# ਜੂਝਦਿਆਂ ਖੇਤਾਂ ਦੀ ਜੂਹ ’ਚੋਂ

*(ਚੌਮਿਸਰਿਆਂ ਦੇ ਚੱਕ ’ਤੇ)*

ਇਹ ਜੂਝਣ ਵਾਸਤੇ ਆਪਣੇ
ਹੱਕਾਂ ਦੇ ਹੇਤ ਜਾਗੇ ਨੇ
ਤਖ਼ਤ ਦੇ ਪਾਵਿਓ ਤੱਕੋ
ਕਿ ਸੁੱਤੇ ਖੇਤ ਜਾਗੇ ਨੇ
ਸਤਾਇਆ ਲੁੱਟ ਦਾ ਫ਼ਸਲਾਂ ਦਾ
ਲੂੰ-ਲੂੰ ਜਾਗ ਉੱਠਿਆ ਏ
ਸਮੁੰਦਰ ਨੀਰ, ਮਾਰੂਥਲ,
ਸੰਭਾਲੀ ਰੇਤ ਜਾਗੇ ਨੇ

ਹਜ਼ਾਰਾਂ ਸਦਮਿਆਂ ਵਿੱਚੋਂ ਵੀ ਹੋ ਪ੍ਰਸੰਨ ਉੱਗਦਾ ਏ
ਮੈਂ ਜਿੱਥੇ ਵਾਸ ਕਰਦਾਂ ਓਸ ਥਾਂ ਤੋਂ ਚੰਨ ਉੱਗਦਾ ਏ
ਤੁਸੀਂ ਹਠ ਨਾਲ਼ ਮੇਰੇ ਹੌਸਲੇ ਨੂੰ ਤੋੜ ਨਈਂ ਸਕਦੇ
ਮੇਰੇ ਪੈਰਾਂ ਦੀ ਛੋਹ ਦੇ ਨਾਲ਼ ਖੇਤੀਂ ਅੰਨ ਉੱਗਦਾ ਏ

ਅਸਾਡੇ ਹੀ ਸਿਰਾਂ 'ਤੇ ਉਹ ਨੇ ਦਾਅਵੇਦਾਰ ਦਿੱਲੀ ਦੇ
ਬਣੇ ਬੈਠੇ ਨੇ ਜੋ ਕੁਝ ਸਿਰ-ਫਿਰੇ ਅਵਤਾਰ ਦਿੱਲੀ ਦੇ
ਜੋ ਚੌਂਕੀਦਾਰ ਚੋਰਾਂ ਸੰਗ ਮਿਲ਼ੇ ਓਨ੍ਹਾਂ ਨੂੰ ਘੇਰਨ ਲਈ
ਦਿੱਲੀ ਘੇਰ ਕੇ ਬੈਠੇ ਨੇ ਪਹਿਰੇਦਾਰ ਦਿੱਲੀ ਦੇ

ਜਦੋਂ ਬਣਦਾ ਇਹਦਾ ਹਠ ਹੀ ਹੈ ਬਣਦਾ ਕਾਲ਼ ਦਿੱਲੀ ਦਾ
ਅਸੀਂ ਉਂਝ ਹੋਣ ਨਈਂ ਦੇਂਦੇ ਹਾਂ ਵਿੰਗਾ ਵਾਲ਼ ਦਿੱਲੀ ਦਾ
ਇਹਦੇ ਤਖ਼ਤਾਂ ਦੇ ਤਾਜਰ ਕਦ ਸੁਣਨਗੇ ਹੂਕ ਓਨ੍ਹਾਂ ਦੀ
ਜਿਨ੍ਹਾਂ ਪਿੰਡਾਂ ਦੇ ਸਿਰ 'ਤੇ ਹੈ ਬੁਲੰਦ ਇਕਬਾਲ ਦਿੱਲੀ ਦਾ

ਕਿ ਮਾਇਆਧਾਰੀਆਂ ਦੇ ਅਹਿਦ ਦੀ ਕਿਆਮਤ 'ਚ ਬਦਲਾਂਗੇ
ਅਸੀਂ ਹਰ ਖ਼ੁਦਕੁਸ਼ੀ ਤਾਈਂ ਸ਼ਹਾਦਤ ਵਿਚ ਬਦਲਾਂਗੇ
ਇਹ ਹੱਕ ਹੈ ਅੰਨ-ਦਾਤੇ ਦਾ ਹਿਫ਼ਾਜ਼ਤ ਰਿਜ਼ਕ ਦੀ ਕਰਨੀ
ਅਸੀਂ ਹੁਣ ਤਰਲਿਆਂ ਨੂੰ ਕਿਰਤ ਦੀ ਤਾਕਤ ਬਦਲਾਂਗੇ

ਮਾਂ-ਮਿੱਟੀ ਦੇ ਸੁਪਨੇ ਖਿੜ ਕੇ ਵਰ੍ਹਿਆਂ ਬਾਅਦ ਗ਼ੁਲਾਬ ਬਣੇ ਨੇ
ਸਾਰੇ ਸ਼ਾਹੀ ਹਥਿਅਰਾਂ ਦਾ ਸਾਡੇ ਹਲ਼ ਜਵਾਬ ਬਣੇ ਨੇ
ਕੁੱਲ ਦੇਸ਼ ਦੇ ਕਿਰਤੀ ਹੱਥ ਹੁਣ ਮੁੱਕਿਆਂ ਦੇ ਵਿੱਚ ਬਦਲ ਰਹੇ ਨੇ
ਇੱਕੋ ਜਿਸਮ ਦੀਆਂ ਦੋ ਬਾਹਵਾਂ ਹਰਿਆਣਾ-ਪੰਜਾਬ ਬਣੇ ਨੇ

ਹਲ਼, ਹਥੌੜਾ, ਕਲਮ ਹਮੇਸ਼ਾ ਢਾਲ਼ ਰਹੇ
ਸੰਘਰਸ਼ਾਂ ਦੀ ਲੋ ਵਿੱਚ ਤਪੇ ਖ਼ਿਆਲ ਰਹੇ
ਮੈਂ ਸੁੰਨੇ ਰਾਹਾਂ 'ਤੇ ਕੱਲ੍ਹਾ ਨਈਂ ਤੁਰਿਆ
ਲੋਕ-ਕਾਫ਼ਲੇ ਹਰ ਪਲ ਮੇਰੇ ਨਾਲ਼ ਰਹੇ

ਜਗਦਾ ਖ਼ਿਆਲ ਜਾਗਦੇ ਖ਼ਿਆਲਾਂ 'ਚ ਰਲ਼ ਗਿਆ
ਸੂਹਾ ਚਿਰਾ.ਗ ਨੇਰ੍ਹੀਆਂ ਜੂਹਾਂ 'ਚ ਬਲ਼ ਗਿਆ
ਮਿੱਟੀ ਦੇ ਮੋਹ ਦੀ ਮਹਿਕ ਦੇ ਸਜਦੇ 'ਚ ਝੁਕਦਿਆਂ
ਖੇਤਾਂ ਦਾ ਸੂਰਜ ਜੂਝਦੇ ਖੇਤਾਂ 'ਚ ਢਲ਼ ਗਿਆ

ਮੇਰੇ ਖ਼ਿਆਲ ਆਪਣੇ ਖ਼ਿਆਲਾਂ 'ਚ ਢਾਲ਼ ਕੇ
ਰੱਖਣੀ ਮਸ਼ਾਲ ਹਰ ਘੜੀ ਹੱਕਾਂ ਦੀ ਬਾਲ਼ ਕੇ
ਢਾਹੇ ਨਾ ਆ ਕੇ ਖ਼ੁਦਕੁਸ਼ੀ ਖੇਤਾਂ ਦੇ ਹੌਸਲੇ
ਪੈਣਾ ਹੈ ਰਾਹ ਸੰਘਰਸ਼ ਦੇ ਪਗੜੀ ਸਭਾਲ਼ ਕੇ

ਝੱਖੜਾਂ ਦੇ ਵਿਚ ਵੀ ਜਗਣ ਤੋਂ ਰੁਕਦੇ ਨਹੀਂ
ਡਾਢੇ ਹਨੇਰ ਸਾਹਮਣੇ ਝੁਕਦੇ ਨਹੀਂ
ਲੋਕ-ਯੁੱਧ 'ਚੋਂ ਉਗਮਦੇ ਸੂਰਜ ਨੇ ਜੋ
ਕੂੜ ਦੇ ਬੱਦਲ਼ਾਂ 'ਚ ਉਹ ਲੁਕਦੇ ਨਹੀਂ

ਹੱਕ ਦੀ ਪੋਥੀ ਪੜ੍ਹਦੀ ਜੂਹ 'ਚੋਂ
ਜੂਝਦਿਆਂ ਖੇਤਾਂ ਦੀ ਰੂਹ 'ਚੋਂ
ਤੇਰੀ ਆਹਟ ਸੁਣਦੀ ਰਹਿਣੀ
ਸਾਡੇ ਦਿਲ ਨੂੰ ਪੈਂਦੀ ਧੂਹ 'ਚੋਂ

ਕੰਡਿਆਂ 'ਚੋਂ ਵੀ ਸਫ਼ਰ ਸ਼ਹਾਨਾ ਤੱਕ ਲੈਂਦੇ ਹਾਂ
ਨੂਰ ਇਲਾਹੀ ਪਾਕ ਤਰਾਨਾ ਤੱਕ ਲੈਂਦੇ ਹਾਂ
ਤੂੰ ਸਾਨੂੰ ਕੀ ਪਾਠ ਪੜ੍ਹਾਉਨੈ, ਦੱਸ, ਅਸੀਂ ਤਾਂ
ਝੂਮਦੀਆਂ ਫ਼ਸਲਾਂ 'ਚੋਂ ਜ਼ਮਾਨਾ ਤੱਕ ਲੈਂਦੇ ਹਾਂ

ਮੇਲ਼-ਜੋਲ਼ ਦਾ ਕੋਈ ਬਹਾਨਾ ਲੱਭ ਲੈਂਦੇ ਹਾਂ
ਅਸੀਂ ਤਾਂ ਅੱਤ 'ਚੋਂ ਵੀ ਸ਼ੁਕਰਾਨਾ ਲੱਭ ਲੈਂਦੇ ਹਾਂ
ਤੂੰ ਜਿਸ ਗਿਆਨ ਲਈ ਕੂੜ-ਕਿਤਾਬਾਂ, ਸਿਰ ਚਾਈਆਂ
ਅਸੀਂ ਸਿਆੜਾਂ 'ਚੋਂ ਉਹ ਖ਼ਜ਼ਾਨਾ ਲੱਭ ਲੈਂਦੇ ਹਾਂ

ਸ਼ਹਿ-ਮਾਤ ਦੇ ਸਿਰਜੇ ਕਿਸੇ ਸੰਬੰਧ ਦੀ ਲੋੜ ਨਹੀਂ
ਪਾਸ਼ੇ ਦੇ ਬਲ 'ਤੇ ਚਲਦੇ, ਪ੍ਰਬੰਧ ਦੀ ਲੋੜ ਨਹੀਂ
ਸਾਡੀ ਹਿੱਕ ਵਿੱਚ ਗੱਡਿਆ ਸਦਾ ਤਰੰਗਾ ਝੁਲਦਾ ਏ
ਸਾਨੂੰ ਲਾਲ ਕਿਲ੍ਹੇ ਦੀ ਕਿਸੇ ਵੀ ਕੰਧ ਦੀ ਲੋੜ ਨਹੀਂ

ਜੂਝ ਮਰਨ ਦੀ ਓਨ੍ਹਾਂ ਵਿੱਚ ਅਪਣਤ ਹੁੰਦੀ ਏ
ਜਿਨ੍ਹਾਂ ਦੇ ਸਿਰ ਉੱਤੋਂ ਢਹਿੰਦੀ ਛੱਤ ਹੁੰਦੀ ਏ
ਹਲ਼ਾਂ ਨਾਲ਼ ਹਥਿਆਰ ਭਿੜਾ ਨਾ, ਹਰ ਜਾਏਂਗਾ
ਅੱਤ ਨਾ ਕਰ, ਹਰ ਅੱਤ ਦੀ ਹੱਦ ਵੀ ਅੱਤ ਹੁੰਦੀ ਏ

ਨਾ ਹੀ ਪਾਣੀਪਤ ਤੇ ਨਾ ਹੀ ਕੁਰਸ਼ੇਤਰ ਹੈ
ਇਹ ਵੱਖਰਾ ਸੰਗਰਾਮ ਤੇ ਵੱਖਰਾ ਰਣ-ਖੇਤਰ ਹੈ
ਸਿੰਘੂ, ਟਿੱਕਰੀ, ਗਾਜ਼ੀਪੁਰ ਤੇ ਪਿੰਡੋ-ਪਿੰਡੀ,
ਹਿਟਲਰਸ਼ਾਹੀ ਨਾਲ਼ ਭਿੜ ਰਿਹਾ, ਜਨ-ਤੰਤਰ ਹੈ

ਮੁੜਕੇ ਫੇਰ ਫ਼ਰੰਗੀ ਧੂੜਾਂ ਚੜ੍ਹੀਆਂ ਨੇ
ਏਧਰ ਅਸੀਂ ਵੀ ਗ਼ਦਰੀ ਗੂੰਜਾਂ ਪੜ੍ਹੀਆਂ ਨੇ
ਅਸੀਂ ਇਨ੍ਹਾਂ ਦੀ ਓਟੇ ਕਿਲ੍ਹੇ ਨਿਵਾਉਣੇ ਨੇ
ਟੈਂਟ, ਟਰੈਕਟਰ, ਸਾਡੀਆਂ ਕੱਚੀਆਂ ਗੜ੍ਹੀਆਂ ਨੇ

ਅੱਤ ਦੀ ਝੱਗ ਨੇ ਬਹਿੰਦਿਆਂ-ਬਹਿੰਦਿਆਂ ਬਹਿ ਜਾਣਾ
ਕੂੜ ਦੀ ਕੰਧ ਨੇ ਢਹਿੰਦਿਆਂ-ਢਹਿੰਦਿਆਂ ਢਹਿ ਜਾਣਾ
ਤੂੰ ਜਿਹੜਾ ਫੱਟ ਲਾ ਕੇ ਸਾਨੂੰ ਬੇ-ਵੱਸ ਕਰਨੈ,
ਅਸੀਂ ਉਹ ਫੱਟ ਵੀ ਸਹਿੰਦਿਆਂ-ਸਹਿੰਦਿਆਂ ਸਹਿ ਜਾਣਾ

ਟੋਏ ਵੀ ਭਰਨੇ ਪੈਣੇ ਨੇ, ਟਿੱਬੇ ਵੀ ਢਾਹੁਣੇ ਪੈਣੇ ਨੇ
ਪਿੰਜਰੇ ਦਾ ਮਾਣ ਵੀ ਰੱਖਣਾ ਏਂ, ਅੰਬਰ ਵੀ ਗਹੁਣੇ ਪੈਣੇ ਨੇ
ਰਾਖੀ ਵੀ ਰਿਜ਼ਕ ਦੀ ਲਾਜ਼ਿਮ ਹੈ, ਲਾਜ਼ਿਮ ਹੈ ਅੰਨ ਉਗਾਉਣਾ ਵੀ
ਸੜਕਾਂ ’ਤੇ ਸੰਘਰਸ਼ ਵੀ ਕਰਨਾ ਏਂ, ਤੇ ਖੇਤ ਵੀ ਵਾਹੁਣੇ ਪੈਣੇ ਨੇ

ਤੁਸੀਂ ਲੁੱਟੋ ਵੀ, ਕੁੱਟੋ ਵੀ, ਨਹੀਂ, ਇਹ ਹੁਣ ਨਹੀਂ ਹੋਣਾ
ਜਲਾ ਕੇ ਧੁੱਪ ’ਚ ਸੁੱਟੋ ਵੀ, ਨਹੀਂ ਇਹ ਹੁਣ ਨਹੀਂ ਹੋਣਾ
ਫਲ਼ਾਂ ’ਤੇ ਹੱਕ ਵੀ ਮੰਗੋ, ਹਕੂਮਤ ਪੱਤਿਆਂ ’ਤੇ ਵੀ
ਤੇ ਜੜ੍ਹ ਤੋਂ ਰੁੱਖ ਨੂੰ, ਪੁੱਟੋ ਵੀ, ਨਹੀਂ, ਇਹ ਹੁਣ ਨਹੀਂ ਹੋਣਾ

ਅਸਾਡੀ ਵੀ ਕਦੇ ਸੁਣ ਲਓ, ਕਹਿਣ ਦੀ ਹੱਦ ਹੁੰਦੀ ਏ
ਸਿਤਮ ਹੁਣ ਸੋਚ ਕੇ ਕਰਿਓ, ਸਹਿਣ ਦੀ ਹੱਦ ਹੁੰਦੀ ਏ
ਪਰ੍ਹੇ-ਪੰਚਾਇਤ ਵਿੱਚ ਕੋਈ ਤਾਂ ਦਾਨੀ ਗੱਲ ਚਾਹੀਦੀ
ਜੁਮਲੇ ਸੁਣਦਿਆਂ ਹੋਇਆਂ, ਬਹਿਣ ਦੀ ਹੱਦ ਹੁੰਦੀ ਏ

ਛਲ਼ਾਂ ਸੰਗ ਮੋਹਣ 'ਤੇ ਆਏ, ਅਸੀਂ ਇਹ ਹੋਣ ਨਈਂ ਦੇਣਾ
ਉਹ ਪਿੰਡ ਨੂੰ ਕੋਹਣ 'ਤੇ ਆਏ, ਅਸੀਂ ਇਹ ਹੋਣ ਨਈਂ ਦੇਣਾ
ਉਹ ਫ਼ਸਲਾਂ ਲੁੱਟਦੇ ਆਏ, ਅਸੀਂ ਇਹ ਸਹਿ ਲਿਆ, ਪਰ ਹੁਣ
ਖੇਤ ਵੀ ਖੋਹਣ 'ਤੇ ਆਏ, ਅਸੀਂ ਇਹ ਹੋਣ ਨਈਂ ਦੇਣਾ

ਚੰਗਾ ਹੁੰਦਾ ਕੰਧ 'ਤੇ ਲਿਖਿਆ ਪੜ੍ਹ ਲੈਂਦੇ
ਆਪਣੇ ਹਿੱਸੇ ਦਾ ਯੁੱਧ ਕੁਝ ਤਾਂ ਲੜ ਲੈਂਦੇ
ਪਾਣੀ ਸ਼ਾਇਦ ਸਿਰਾਂ ਤੋਂ ਏਦਾਂ ਨਾ ਲੰਘਦਾ
ਮਗਰਮੱਛਾਂ ਨੂੰ ਪਹਿਲਾਂ ਈਂ ਧੌਣੋਂ ਫੜ੍ਹ ਲੈਂਦੇ

ਲੁਟੇਰਾ ਹੀ ਸਦਾ ਬਣਿਆ ਏਂ ਦਾਅਵੇਦਾਰ ਦਿੱਲੀ ਦਾ
ਘਰਾਂ ਨੂੰ ਨਿਗਲਦਾ ਆਇਆ, ਸਦਾ ਬਾਜ਼ਾਰ ਦਿੱਲੀ ਦਾ
ਜ਼ਰਾ ਕੁ ਹੱਕ ਮੰਗਣ 'ਤੇ ਇਹ ਤੋਪਾਂ ਤਾਣ ਲੈਂਦੀ ਏ
ਗੁੱਝਾ ਰਹਿ ਨਹੀਂ ਸਕਿਆ ਕਦੇ ਕਿਰਦਾਰ ਦਿੱਲੀ ਦਾ

ਮਜ਼ਮੇਬਾਜ਼ ਹੈ ਅੱਜ ਕੱਲ੍ਹ ਇਜਾਰੇਦਾਰ ਦਿੱਲੀ ਦਾ
ਫੈਲਾਈ ਫਨ ਬੈਠਾ ਏ, ਫੇਰ ਹੰਕਾਰ ਦਿੱਲੀ ਦਾ
ਅਸੀਂ ਵੀ ਧਾਰ ਬੈਠੇ ਹਾਂ ਕਿ ਹੁਣ ਖੇਤਾਂ ਦੀ ਹਿੱਕ ਉੱਤੇ
ਅਸੀਂ ਲੱਗਣ ਨਹੀਂ ਦੇਣਾ, ਕਦੇ ਦਰਬਾਰ ਦਿੱਲੀ ਦਾ

ਸੜਕਾਂ ਉੱਤੇ ਕਿੱਲ ਉਗਾਏ ਹਾਕਮ ਨੇ
ਵਿੱਤੋਂ ਵਧ ਕੇ ਰਾਹ ਸਜਾਏ ਹਾਕਮ ਨੇ
ਵੰਨ-ਸੁਵੰਨੀਆਂ ਕੰਡਿਆਂ ਵਾਲੀਆਂ ਤਾਰਾਂ ਦੇ
ਸਾਡੇ ਲਈ ਨੇ ਹਾਰ ਮੰਗਾਏ ਹਾਕਮ ਨੇ

ਹਾਲ਼ੀ ਏਦਾਂ ਵੀ ਅਜ਼ਮਾਏ ਹਾਕਮ ਨੇ
ਸੜਕਾਂ ਉੱਤੇ ਕਿੱਲ ਉਗਾਏ ਹਾਕਮ ਨੇ
ਸਾਡੀ ਤੇਹ ਦੇ ਸਬਰ ਦੀ ਹੱਦ ਅਜ਼ਮਾਵਣ ਲਈ
ਜਲ-ਤੋਪਾਂ ਦੇ ਹਠ ਪੁਗਵਾਏ, ਹਾਕਮ ਨੇ

ਦੀਵੇ ਦਾ ਮੁਖ਼ਬਰ ਹੈ ਜੋ, ਉਸ ਚੰਦ ਦੀ ਲੋੜ ਨਹੀਂ
ਮਸਨੂਈ ਜਿੱਤ ਵਿੱਚੋਂ ਮਿਲ਼ੇ ਆਨੰਦ ਦੀ ਲੋੜ ਨਹੀਂ
ਜੋ ਸਾਰੀ ਦੀ ਸਾਰੀ ਤਾਣੀ ਹੀ ਉਲਝਾ ਦੇਵੇ
ਆਪਣਾ ਹੋਵੇ ਲੱਖ, ਸਾਨੂੰ, ਉਸ ਤੰਦ ਦੀ ਲੋੜ ਨਹੀਂ

ਕਾਹਲੇ ਬੜੇ, ਮਨਾਉਣ ਨੂੰ ਜਾਪੋ, ਮਾਤਮ ਫ਼ਸਲਾਂ ਦੇ
ਅਜੇ ਤੁਸੀਂ ਵੇਖੇ ਹੀ ਕਦ ਨੇ ਦਮ-ਖਮ ਫ਼ਸਲਾਂ ਦੇ
ਜਿੰਨੀਆਂ ਮਰਜ਼ੀ ਚੁੱਕ ਸੰਗੀਨਾਂ, ਬੌਣਾ ਰਹਿਜੇਂਗਾ,
ਝੂਲਦੇ ਵੇਖ ਬੁਲੰਦੀਆਂ ’ਤੇ ਨਿੱਤ ਪਰਚਮ ਫ਼ਸਲਾਂ ਦੇ

ਬਾਹਰੋਂ ਭਾਰੀ-ਭਰਕਮ, ਅੰਦਰੋਂ ਮਾਸੇ-ਤੋਲ਼ੇ ਨੇ
ਅਕਲਾਂ ਦੇ ਨਈਂ ਕੋਟ ਮਾਇਆ ਦੇ ਖੰਡਰ ਖੋਲ਼ੇ ਨੇ
ਸੱਚ ਦੀ ਸੁਣਨ ਆਵਾਜ਼ ਨਾ ਵੇਖਣ ਹੱਕ ਦੀ ਹਰਿਆਲੀ
ਮੋਦੀ-ਸ਼ਾਹ, ਬਾਨੀ-ਡਾਨੀ, ਸਭ ਅੰਨ੍ਹੇ ਬੋਲ਼ੇ ਨੇ

ਅੱਗ ਦੇ ਗੋਲ਼ੇ ਠਰ ਕੇ ਬਰਫ਼ ਵੀ ਹੋ ਸਕਦੇ ਨੇ
ਕਿੱਲਾਂ ਦੇ ਮੂੰਹ ਦੂਜੀ ਤਰਫ਼ ਵੀ ਹੋ ਸਕਦੇ ਨੇ
ਸੜਕਾਂ ਉੱਤੇ ਜੋ ਵੀ ਲਿਖੇਂ ਮਨਾਹੀਆਂ ਤੂੰ
ਉਹ ਕੱਲ੍ਹ, ਜੈ-ਸੰਘਰਸ਼ ਦੇ ਹਰਫ਼ ਵੀ ਹੋ ਸਕਦੇ ਨੇ

ਜਦ ਮਰਜ਼ੀ ਚੱਲੇ ਮਾਇਆ ਦੀ, ਚੁੱਲ੍ਹਿਆਂ ਵਿੱਚ ਘਾਹ ਉੱਗ ਆਉਂਦਾ ਏ
ਫਿਰ ਰੋਹ ਵੀ ਭੁੱਖਿਆਂ ਢਿੱਡਾਂ 'ਚੋਂ ਹੋ ਬੇ-ਪਰਵਾਹ ਉੱਗ ਆਉਂਦਾ ਏ
ਕੰਡੇ ਕੰਡਿਆਲੀਆਂ ਤਾਰਾਂ ਦੇ, ਸਾਡੀ ਤੜਪ ਨੂੰ ਜ਼ਰਬਾਂ ਦੇਂਦੇ ਨੇ
ਜਦ ਹਾਕਮ ਰਾਹੀਂ ਕਿੱਲ ਠੋਕੇ, ਹਰ ਕਿੱਲ 'ਚੋਂ ਰਾਹ ਉੱਗ ਆਉਂਦੇ ਨੇ

ਖੇਤਾਂ 'ਚ ਪਸੀਨਾ ਡੋਲ੍ਹਦੇ ਆਂ, ਹੱਦਾਂ 'ਤੇ ਖ਼ੂਨ ਵਹਾਉਂਨੇ ਆਂ
ਜੋ ਅੰਨ ਖਾ ਕੇ ਤੂੰ ਅੱਤ ਚੁੱਕੇ, ਉਹ ਅੰਨ ਵੀ ਅਸੀਂ ਉਗਾਉਨੇ ਆਂ
ਜਿਹੜੇ ਵੀ ਚੌਂਕ-ਚੁਰਾਹੇ ਵਿੱਚ, ਤੂੰ ਜਦ ਵੀ ਸੂਲ਼ੀ ਗੱਡੀ ਹੈ,
ਉਹ ਅਸੀਂ ਹੀ ਹੁੰਨੇ ਆਂ, ਉਸਨੂੰ, ਜੋ ਸਿਰਾਂ ਦੇ ਨਾਲ਼ ਸਜਾਉਨੇ ਆਂ

ਮੋਹ ਦਾ ਵਣਜ-ਵਪਾਰ ਵੀ ਸਾਨੂੰ ਵਰਜਿਤ ਨਈਂ
ਉਂਝ ਰੋਹ ਦਾ ਇਜ਼ਹਾਰ ਵੀ ਸਾਨੂੰ ਵਰਜਿਤ ਨਈਂ
ਹਲ਼, ਹਥੌੜੇ, ਕਲਮ ਦੇ ਅਸੀਂ ਉਪਾਸ਼ਕ ਹਾਂ
ਵੈਸੇ ਤਾਂ ਤਲਵਾਰ ਵੀ ਸਾਨੂੰ ਵਰਜਿਤ ਨਈਂ

ਘਰਾਂ ਦੀ ਨੀਂਹ ਹਾਂ, ਫ਼ਰਸ਼ਾਂ ਨੂੰ ਬੇਦਾਵਾ ਦੇ ਨਹੀਂ ਸਕਦੇ
ਧਰਤ ਦੀ ਰੂਹ ਹਾਂ, ਅਰਸ਼ਾਂ ਨੂੰ, ਬੇਦਾਵਾ ਦੇ ਨਹੀਂ ਸਕਦੇ
ਤੁਸੀਂ ਜੇ ਤਖ਼ਤ ਦੀ ਹੈਂਕੜ ਦੇ ਵਿਚ ਚਿੱਬ ਪਾ ਨਹੀਂ ਸਕਦੇ
ਅਸੀਂ ਵੀ ਹੁਣ ਸੰਘਰਸ਼ਾਂ ਨੂੰ, ਬੇਦਾਵਾ ਦੇ ਨਹੀਂ ਸਕਦੇ

ਚੜ੍ਹਦੇ ਸੂਰਜ ਵਾਂਗੂ ਜੇ, ਨਿਰਮਲ ਹੈ ਮਨ ਤਾਂ ਗੱਲ ਕਰੋ
ਭੁੱਖਿਆਂ ਵੀ, ਤੱਕ ਫ਼ਸਲ ਝੂਮਦੀ ਹੋ ਪ੍ਰਸੰਨ ਤਾਂ ਗੱਲ ਕਰੋ
ਜਿਹਦੇ ਰਾਹੀਂ ਰੱਬ ਤੁਹਾਡੇ ਮੂੰਹ ਲਈ ਬੁਰਕੀ ਘੱਲਦਾ ਏ
ਉਸ ਹਾਲ਼ੀ ਨੂੰ ਸਜਦਾ ਕਰਕੇ ਹੋਏ ਹੋ ਧੰਨ ਤਾਂ ਗੱਲ ਕਰੋ

ਹਾਕਮ ਵੱਲੋਂ ਹੱਕ–ਸੱਚ ਦਾ ਕਤਲੇਆਮ ਸਦੀਵੀ ਏ
ਮੱਚਦਾ ਆਇਆ, ਮੱਚਦਾ ਰਹਿਣਾ, ਇਹ ਕੁਹਰਾਮ ਸਦੀਵੀ ਏ
ਹੋਣ–ਥੀਣ ਦਾ ਮਸਲਾ ਹੈ ਇਹ, ਤੇ ਗੁੰਮਦੀ ਪਹਿਚਾਣ ਦਾ ਵੀ
ਜਿੱਤ–ਹਾਰ ਤੋਂ ਕਿਤੇ ਵਡੇਰਾ, ਇਹ ਸੰਗਰਾਮ ਸਦੀਵੀ ਏ

ਹਾਕਮ ਵਤਨ ਸਜਾ ਲੈਂਦੇ ਨੇ, ਆਪਣੇ ਪੌਣੇ ਕੱਦਾਂ ’ਤੇ
ਸੰਸਦ ਸਦਾ ਚੀਕਦੀ ਰਹਿੰਦੀ, ਲੁੱਟ ਦੀਆਂ ਹਾਮੀ ਮੱਦਾਂ ’ਤੇ
ਦੇਸ਼ ਹੈ ਕਿਸਦਾ, ਕੌਣ ਦੇਸ਼ ਦੇ, ਪੁੱਛੋ ਜਾ ਕੇ ਖੇਤਾਂ ਨੂੰ,
ਜਾਂ ਉਸ ਖ਼ੂਨ ਤੋਂ ਪੁੱਛੋਂ ਜਿਹੜਾ ਡੁੱਲ੍ਹਦਾ ਏ ਸਰਹੱਦਾਂ ’ਤੇ

ਮਾਇਆਦਾਰੀ ਵਤਨ ਮਾਪਦੇ, ਆਪੋ–ਆਪਣੇ ਕੱਦਾਂ ਨਾਲ਼
ਨੇਤਾਵਾਂ ਦੀ ਵਤਨਪ੍ਰਸਤੀ ਢੁਕ ਬਹਿੰਦੀ ਏ, ਜੱਦਾਂ ਨਾਲ਼
ਉਸ ਮਾਂ–ਭਾਰਤ ਦੇ ਮੂੰਹੋਂ ਵੀ ਸੁਣਿਓਂ ਕੌਮੀ ਗੀਤ ਕਦੇ
ਸੁਬ੍ਹਾ–ਸਵੇਰੇ ਜਾਗ ਉੱਠਦੀ ਜੋ ਹਾਲ਼ੀ ਦੀਆਂ ਸੱਦਾਂ ਨਾਲ਼

ਕੁਝ ਦਿੱਲੀ ਹਲ਼ਕੇ ਹਾਕਮ ਦੀ, ਕੁਝ ਮਸਤੇ ਮਾਇਆਧਾਰੀਆਂ ਦੀ
ਕੁਝ ਦਿੱਲੀ ਤਾਜ ਦੇ ਤੋਤਿਆਂ ਦੀ, ਕੁਝ ਦਿੱਲੀ ਤਖ਼ਤ ਪੁਜਾਰੀਆਂ ਦੀ
ਕੁਝ ਦਿੱਲੀ ਸਾਡੇ ਵਰਗੇ ਹੀ, ਕਿਰਤੀ, ਕਿਰਸਾਨ, ਕਰਿੰਦਿਆਂ ਦੀ
ਜੋ ਝੁਰਦੀ ਏ, ਨਿੱਤ ਖੁਰਦੀ ਏ, ਮਾਰੀ ਹੋਈ ਦੁਸ਼ਵਾਰੀਆਂ ਦੀ

ਰਈਅਤ ਵਾਸਤੇ ਨਵਿਓਂ–ਨਵਾਂ ਇਮਤਿਹਾਨ ਲਭਦੇ ਨੇ
ਤੇ ਲਛਮੀ ਦੇ ਕਮਲ ਵਿੱਚੋਂ, ਉਹ ਹਿੰਦੋਸਤਾਨ ਲਭਦੇ ਨੇ
ਹਲ਼ਾਂ ਦੀ ਹਿੱਕ ਦੇ ਉੱਤੇ, ਬਿਠਾ ਕੇ ਖ਼ੌਫ਼ ਦਾ ਸਾਇਆ
ਸਿਆੜਾਂ ’ਚੋਂ ਉਹ ਭਾਰਤ–ਮਾਂ ਲਈ ਮੁਸਕਾਨ ਲਭਦੇ ਨੇ

ਹਰ ਦੀਵੇ ਦੀ ਰੂਹ ਦੇ ਹਾਣੀ, ਪੌਣਾਂ ਦੇ ਹਮਰਾਜ਼ ਬਣਾਂਗੇ
ਜਿਸਦੇ ਅੱਗੇ ਅੰਬਰ ਝੁਕਦਾ, ਅਸੀਂ ਉਹੋ ਪਰਵਾਜ਼ ਬਣਾਂਗੇ
ਹਿੰਮਤ ਦੀ ਭੱਠੀ ਵਿੱਚ ਪਾ ਕੇ ਕੁੱਲ ਜ਼ੰਜੀਰਾਂ ਢਾਲ਼ ਦਿਆਂਗੇ
ਹੱਕ-ਸੱਚ ਲਈ ਲੜਦੇ-ਲੜਦੇ ਅਸੀਂ ਕਿਰਤ ਦੇ ਤਾਜ ਬਣਾਂਗੇ

ਫ਼ਸਲਾਂ ਨੂੰ ਖ਼ੌਫ਼ ਨਦੀਣਾਂ ਦਾ, ਉੱਠ ਚੁੱਕ ਰੰਬੀ, ਚੱਲ, ਗੋਡੀ ਕਰ
ਬੁੱਲ੍ਹਾਂ ਨੂੰ ਤੌਖ਼ਲਾ ਸੀਣਾਂ ਦਾ, ਗਈ ਰੂਹ ਝੰਬੀ, ਚੱਲ ਹੋ ਨਾਬਰ
ਉਸ ਵੇਲ਼ੇ ਕਿਸੇ ਉਦਾਸ ਜਿਹੇ, ਚੌਰਾਹੇ ਵਿੱਚ ਆ ਮਿਲਣਾ ਸੀ
ਹਰ ਪੰਧਹੀਣਾਂ ਦਰ ਹੀਣਾਂ ਦੀ, ਜਦ ਜੂਹ ਕੰਬੀ, ਘਬਰਾਏ ਘਰ

ਉਹ ਦੇਸ਼ ਸਮਝਦੇ ਆਏ ਨੇ, ਤਖ਼ਤਾਂ ਤੇ ਤਖ਼ਤ-ਨਸ਼ੀਨਾਂ ਦਾ
ਓਨ੍ਹਾਂ ਨੂੰ ਅਸੀਂ ਹੁਣ ਦੱਸਣਾ ਏ, ਇਹ ਵਤਨ ਹੈ ਖ਼ਾਕ-ਨਸ਼ੀਨਾਂ ਦਾ
ਸਾਡੇ ਤਨ-ਮਨ ਵਿੱਚ ਸੁਰਜੀਤ ਨੇ ਉਹ, ਸੁਰਜੀਤ ਅਸੀਂ ਹਾਂ ਓਨ੍ਹਾਂ ਵਿੱਚ
ਤੂੰ ਫਿਰੇਂ ਬਾਜ਼ਾਰ ਸਜਾਉਣ ਲਈ, ਮੰਡੀ ਵਿੱਚ ਜਿਨ੍ਹਾਂ ਜ਼ਮੀਨਾਂ ਦਾ

ਕਈ ਸਾਥੀ ਡੋਲਣ-ਖਿੜਕਣਗੇ, ਬੇਚੈਨ ਨਹੀਂ ਹੋਣਾ
ਕਈ ਗੱਲਾਂ ਦਾ ਦੁੱਧ ਰਿੜਕਣਗੇ, ਬੇਚੈਨ ਨਹੀਂ ਹੋਣਾ
ਸਦੀਆਂ ਨੂੰ ਛਾਵਾਂ ਦੇਣ ਲਈ, ਤੂੰ ਹੈਂ ਉਹ ਰੁੱਖ ਸੰਘਰਸ਼ਾਂ ਦਾ
ਜਿਹਨੂੰ ਧੁੱਪਾਂ ਵਾਲ਼ੇ ਝਿੜਕਣਗੇ, ਬੇਚੈਨ ਨਹੀਂ ਹੋਣਾ

ਤੇਰਾ ਇਮਤਿਹਾਨ ਚਾਹਵੇ, ਮੌਸਮ ਉਦਾਸੀਆਂ ਦਾ
ਤੇਰੇ ਨਾਲ਼ ਗੁਣਗੁਣਾਵੇ, ਮੌਸਮ ਉਦਾਸੀਆਂ ਦਾ
ਕੋਈ ਹੇਕ ਹੱਕ ਦੀ ਦੇ-ਦੇ, ਕੋਈ ਦੇ ਵੰਗਾਰ ਇਸ ਨੂੰ
ਦੁੱਲੇ ਦੀ ਵਾਰ ਗਾਵੇ, ਮੌਸਮ ਉਦਾਸੀਆਂ ਦਾ

ਹਾਕਮ ਦੀ ਅੱਤ ਦੀ ਅੱਤ ਹੋਈ, ਇਹ ਹੋਣਾ ਸੀ ਜੋ ਹੋਇਆ ਹੈ
ਮਾਂ-ਮਿੱਟੀ ਸੀ ਬੇ-ਪੱਤ ਹੋਈ, ਇਹ ਹੋਣਾ ਸੀ ਜੋ ਹੋਇਆ ਹੈ
ਜੋ ਦੇਸ਼-ਧ੍ਰੋਹੀ ਸੀ ਉਸ ਲਈ, ਤੇ ਟੁਕੜੇ-ਟੁਕੜੇ ਗੈਂਗ ਸੀ ਜੋ
ਉਹ ਖ਼ਲਕਤ ਮਿਲ਼ ਸਰਬੱਤ ਹੋਈ, ਇਹ ਹੋਣਾ ਸੀ, ਜੋ ਹੋਇਆ ਹੈ

ਉੱਠ 'ਜ਼ਫ਼ਰਨਾਮੇ' ਦੀਆਂ ਜੂਹਾਂ 'ਚੋਂ ਪਰਚਮ ਲਹਿਰਾਏ ਸੜਕਾਂ 'ਤੇ
ਤੂੰ ਪਿੰਡ ਮਿਟਾਉਣ ਨੂੰ ਫਿਰਦਾ ਸੈਂ, ਅਸੀਂ ਪਿੰਡ ਵਸਾਏ ਸੜਕਾਂ 'ਤੇ
ਤੂੰ ਇਹ ਵੀ ਕ੍ਰਿਸ਼ਮਾ ਵੇਖੇਂਗਾ, ਅਸੀਂ ਫੁੱਲ ਖਿੜਾ ਕੇ ਪਰਤਾਂਗੇ
ਉਸ ਥਾਂ 'ਤੇ ਹੀ, ਜਿਸ ਥਾਂ 'ਤੇ ਵੀ, ਤੂੰ ਕਿੱਲ ਉਗਾਏ ਸੜਕਾਂ 'ਤੇ

ਖ਼ੁਦ, ਖ਼ੁਦ ਨੂੰ ਖ਼ੁਦੀ ਵੱਸ, ਖ਼ੁਦ ਦਾ ਹੀ, ਜਮਦੂਤ ਬਣਾਈ ਜਾਂਦਾ ਏ
ਕੰਡਿਆਲੀ ਤਾਰ ਦਾ ਕੱਫ਼ਣ ਲਈ, ਖ਼ੁਦ ਸੂਤ ਕਤਾਈ ਜਾਂਦਾ ਏ
ਰੋਕਣ ਲਈ ਕਾਫ਼ਲੇ ਸੜਕਾਂ 'ਤੇ ਉਹਦੇ ਕਿੱਲ ਗਵਾਹੀ ਦੇਂਦੇ ਨੇ
ਕਿ ਹਾਕਮ ਆਪੇ ਆਪਣੇ ਲਈ ਤਾਬੂਤ ਸਜਾਈ ਜਾਂਦਾ ਏ

ਹਾਲ਼ੀ ਦੇ ਹੱਕ ਦੀ ਲਾਮ ਹੈ ਇਹ, ਹਾਕਮ ਦੇ ਹਠ ਦਾ ਖੇਲ ਵੀ ਹੈ
ਜੱਗ-ਜੋੜ ਹੈ ਜੂਝਣ ਵਾਲ਼ਿਆਂ ਦਾ, ਤੇ ਖਵਾਰ ਹੋਇਆਂ ਦਾ ਮੇਲ ਵੀ ਹੈ
ਗੁਰਦੇਵ ਟੈਗੋਰ ਦੇ ਬੰਗ ਵਿੱਚੋਂ, ਦਿੱਲੀ ਦੀ ਹਿੱਕ 'ਤੇ ਜਗਿਆ ਜੋ
ਉਸ ਦੀਵੇ ਦੇ ਵਿੱਚ ਕੁਝ ਨਾ ਕੁਝ, ਸਾਡੇ ਸਿਦਕ-ਸਬਰ ਦਾ ਤੇਲ ਵੀ ਹੈ

ਸਤਲੁੱਜ 'ਚੋਂ ਸ਼ਹਾਦਤ ਬੋਲ ਪਈ ਤੇ ਬੋਲਿਆ ਇਸ਼ਕ ਚਨਾਬ 'ਚੋਂ ਹੈ
ਜਾਗੇ ਨੇ ਬੋਲ ਕਿਤਾਬਾਂ 'ਚੋਂ, ਜੀਅ ਉੱਠੀ ਤਰਬ ਰਬਾਬ 'ਚੋਂ ਹੈ
ਘੱਗਰ ਨੇ ਕੰਧਾੜੇ ਚਾੜ੍ਹਨ ਲਈ, ਲੱਭ ਲਈ ਗਵਾਚੀ ਸਰਸਵਤੀ
ਲੈ ਨਾਲ਼ ਬਿਆਸਾ ਰਾਵੀ ਨੂੰ, ਵਹਿ ਗੰਗਾ ਤੁਰੀ ਪੰਜਾਬ 'ਚੋਂ ਹੈ

ਜੋ ਘਰਾਂ ਨੂੰ ਜੇਲ੍ਹ ਬਣਾ ਦੇਵੇ, ਉਹ ਚਾਰ-ਦੀਵਾਰੀ ਨਈਂ ਪੁੱਗਦੀ
ਜੋ ਅਕਲ 'ਤੇ ਪਰਦਾ ਪਾ ਦੇਵੇ, ਉਹ ਪਰਦੇਦਾਰੀ ਨਈਂ ਪੁੱਗਦੀ
ਪਹਿਲਾਂ ਚੋਰਾਂ ਨੂੰ ਪਾਲ਼ਦੀ ਸੀ, ਹੁਣ ਧਾੜਵੀਆਂ ਨੂੰ ਲੈ ਆਈ,
ਸਾਨੂੰ ਹੁਣ ਕਿਸੇ ਵੀ ਕੀਮਤ 'ਤੇ, ਇਹ ਚੌਂਕੀਦਾਰੀ ਨਈਂ ਪੁੱਗਦੀ

ਜਦ ਮਰਜ਼ੀ ਚਾਲ਼ੀ ਚੋਰਾਂ ਦੀ, ਬਾਰਾਤ ਸਜਾ ਕੇ ਬਹਿ ਜਾਂਦੈ
ਹੱਕ ਖੋਹ ਕੇ, ਹੱਕ ਵਿੱਚ ਹੱਕਾਂ ਦੇ, ਨਿੱਤ ਮਜਮਾ ਲਾ ਕੇ ਬਹਿ ਜਾਂਦੈ
ਇਹ ਹਾਕਮ ਕੈਸਾ ਹਾਕਮ ਹੈ, ਹਰ ਰਗ ਵਿੱਚ ਵੱਖਰੀ ਰਗ ਇਸ ਦੀ,
ਅਸੀਂ ਅਕਲ ਵਧਾਉਣ ਨੂੰ ਕਹਿੰਦੇ ਹਾਂ, ਇਹ ਵਾਲ਼ ਵਧਾ ਕੇ ਬਹਿ ਜਾਂਦੈ

ਕਿਸੇ ਲਈ ਨਾੜ ਹੈ ਅੱਗ ਦੀ, ਕਿਸੇ ਲਈ ਨੂਰ ਹੈ ਦਿੱਲੀ
ਕਿ ਲੁੱਟਣ ਲਈ ਤੇ ਲੁੱਟੇ ਜਾਣ ਲਈ, ਮਸ਼ਹੂਰ ਹੈ ਦਿੱਲੀ
ਅਸੀਂ ਇਹਦੇ ਦਰਾਂ-ਦਰਵਾਜ਼ਿਆਂ 'ਤੇ ਆਣ ਬੈਠੇ ਹਾਂ
ਰਹੇ ਪਰ ਯਾਦ ਕਿ ਹਾਲੇ ਵੀ ਡਾਢ੍ਹੀ ਦੂਰ ਹੈ ਦਿੱਲੀ

ਸਿੰਘੂ, ਟਿੱਕਰੀ ਨੂੰ ਥਾਪ ਕੇ ਸਰਹੱਦ ਬੈਠੀ ਹੈ
ਪਰਾਏਪਣ ਦੀ ਕਰਕੇ ਪਾਰ, ਹਰ ਇੱਕ ਹੱਦ ਬੈਠੀ ਹੈ
ਜੇ ਤੇਰੇ ਰਾਜ-ਭਾਵਨਾਂ ਵਿੱਚ ਫ਼ਰੰਗੀ, ਦਨਦਨਾਉਂਦੇ ਨੇ
ਤਾਂ ਦਿੱਲੀਏ! ਇਸ ਤਰਫ਼ ਵੀ ਗ਼ਦਰੀਆਂ ਦੀ ਜੱਦ ਬੈਠੀ ਹੈ

ਕੈਸੀ ਹੈ ਰੁੱਤ, ਕੋਈ ਵੀ ਰੁੱਖ, ਸੁੱਕਾ ਵੀ ਨਹੀਂ, ਸ਼ਾਦਾਬ ਵੀ ਨਈਂ
ਪਿੰਡ ਪੁੱਛਦੈ, ਉਹ ਕਿਉਂ ਵਰ੍ਹਿਆਂ ਤੋਂ, ਬਰਬਾਦ ਵੀ ਨਈਂ, ਆਬਾਦ ਵੀ ਨਈਂ
ਅੱਜ ਤੀਕ ਅਸੀਂ ਇਤਿਹਾਸ ਦਿਆਂ, ਪੰਨਿਆਂ 'ਤੇ ਦਰਜ ਨਹੀਂ ਹੋਏ
ਸਾਨੂੰ ਲਗਦੈ ਏਸ ਚੁਰਾਸੀ ਦਾ, ਕੋਈ ਅੰਤ ਵੀ ਨਈਂ, ਕੋਈ ਆਦਿ ਵੀ ਨਈਂ

ਉਨ੍ਹਾਂ ਦੀ ਮੰਨੀਏ ਫਿਰ ਤਾਂ ਹਨੇਰਾ ਹੋਣ ਵਾਲ਼ਾ ਏ
ਜੇ ਆਪਣੇ ਦਿਲ ਦੀ ਸੁਣੀਏਂ ਤਾਂ ਸਵੇਰਾ ਹੋਣ ਵਾਲ਼ਾ ਏ
ਜਥ੍ਹੇ ਵਿੱਚ ਪਿੰਡ ਰੱਖਣਾ ਏਂ, ਅਸਾਡਾ ਅਹਿਦ ਹੈ, ਭਾਵੇਂ
ਬਥੇਰਾ ਜ਼ੁਲਮ ਹੋਇਆ ਏ, ਬਥੇਰਾ ਹੋਣ ਵਾਲ਼ਾ ਏ

ਰੌਸ਼ਨ ਰੂਹਾਂ ਦੀ ਕੋਈ ਕਾਲ਼ੀ ਰਾਤ ਨਹੀਂ ਹੁੰਦੀ
ਦੀਵੇ ਦਾ ਬੁਝਣਾ ਵੀ ਉਹਦੀ ਮਾਤ ਨਹੀਂ ਹੁੰਦੀ
ਜਿਹੜੀ ਕੌਮ ਨੇ ਜਾਗਣ-ਸੌਣ ਦਾ ਫ਼ਰਕ ਨਹੀਂ ਸਿੱਖਿਆ
ਲੱਖਾਂ ਸੂਰਜ ਚੜ੍ਹਨ ਉਹਦੀ ਪ੍ਰਭਾਤ ਨਹੀਂ ਹੁੰਦੀ

'ਰਾਣੀਏ ਅੱਗਾ ਢੱਕ' ਆਖਣ ਦਾ ਜੇਰਾ ਚਾਹੀਦੈ
ਆਪਣੇ ਅੰਦਰ ਵੀ ਝਾਕਣ ਦਾ ਜੇਰਾ ਚਾਹੀਦੈ
ਅੰਨ-ਦਾਤੇ ਤੋਂ ਸਿੱਖ ਲੈ ਕਿ ਬਸ ਜਿੱਤਾਂ ਪੜ੍ਹਨਾ ਈਂ ਨਈ੍ਹਂ
ਹਾਰਾਂ ਤਾਈਂ ਵਾਚਣ ਦਾ ਵੀ ਜੇਰਾ ਚਾਹੀਦੈ

ਨਿਗਾਹਾਂ ਦੇ ਘਚੋਲੇ ਸਾਂ, ਜ਼ਮਾਨਾ ਹੋਰ ਹੁੰਦਾ ਸੀ
ਅਸੀਂ ਅੰਨ੍ਹੇ ਸਾਂ, ਬੋਲ਼ੇ ਸਾਂ, ਜ਼ਮਾਨਾ ਹੋਰ ਹੁੰਦਾ ਸੀ
ਖੁਹਾ ਕੇ ਹੱਕ ਓਨ੍ਹਾਂ ਤੋਂ, ਖ਼ੈਰਾਤਾਂ ਲੈਣ ਦੀ ਖ਼ਾਤਿਰ,
ਅਸੀਂ ਜ਼ਿਆਦਾ ਹੀ ਛੋਲ੍ਹੇ ਸਾਂ, ਜ਼ਮਾਨਾ ਹੋਰ ਹੁੰਦਾ ਸੀ

ਖੇਤਾਂ ਦੇ ਵਿੱਚ ਟਹਿਕਦੀ, ਆਉਂਦੀ ਜਦੋਂ ਬਹਾਰ
ਰਾਜਧਾਨੀਓਂ ਉਦੋਂ ਹੀ ਚੜ੍ਹਦਾ ਗਰਦ ਗ਼ੁਬਾਰ
ਵਰ੍ਹਿਆਂ ਤੋਂ ਸੀ ਪੁੱਗਦੀ ਆਉਂਦੀ ਏਹੋ ਰੀਤ
ਇਸ ਵਾਰੀ ਪਰ ਤਣ'ਗੀਆਂ ਹਿੱਕਾਂ ਵਾਂਗ ਦੀਵਾਰ

ਕਾਤਿਲ ਨੂੰ ਮਸੀਹਾ ਹੋਵਣ ’ਤੇ ਹੰਕਾਰ ਹੀ ਏਨਾਂ ਏਂ
ਪਾਪ ਦੀ ਜੰਜ ਦੇ ਪਾਜੀਆਂ ਦਾ ਪ੍ਰਚਾਰ ਹੀ ਏਨਾਂ ਏਂ
ਹਰ ਸ਼ਖ਼ਸ ਜਿਦ੍ਹੇ ਮੱਥੇ ਵਿੱਚ ਲੋਅ ਹੈ, ਆਖ਼ਿਰ ਜਾਗੇਗਾ
ਸਰਨਾ ਹੀ ਨਹੀਂ ਹੈ ਜਗਣ ਬਿਨਾਂ, ਅੰਧਕਾਰ ਹੀ ਏਨਾਂ ਏਂ

ਅਸੀਂ ਵੀ ਮੋਮ ਦੇ ਨਈਂ ਹਾਂ, ਜੇ ਤੇਰਾ ਸਾੜ ਡਾਢਾ ਏ
ਹੈ ਸਾਨੂੰ ਸਾਰ ਕਿ ਸਾਡਾ ਦਮੂੰਹੇ ਨਾਲ਼ ਆਢ੍ਹਾ ਏ
ਤੂੰ ਜਿਸ ਦੀ ਪਿੱਠ ’ਤੇ ਬਹਿ ਕੇ, ਸ਼ਾਇਦ ਇਹ ਭੁੱਲ ਚੁੱਕਾ ਏਂ
ਕਿ ਵਾਗਾਂ ਹੀ ਨੇ ਤੇਰੇ ਹੱਥ ’ਚ, ਉਹ ਘੋੜਾ ਤਾਂ ਸਾਡਾ ਏ

ਹਥੌੜੇ ਹੇਠ ਪੱਥਰ ਵਾਂਗ ਕਿੱਦਾਂ ਛਟਪਟਾਈ ਦਾ
ਕਿ ਘਾਹ ਵਾਂਗੂ ਹਲ਼ਾਂ ਦੀ ਮਾਰ ਹੇਠਾਂ ਕਿੰਝ ਆਈ ਦਾ
ਅਸੀਂ ਕੰਨਿਆਕੁਮਾਰੀ ਤੋਂ ਜਦੋਂ ਕਸ਼ਮੀਰ ਪਹੁੰਚਾਂਗੇ
ਸੁਣੇਂਗਾ ਫੇਰ ਤੂੰ ਕੌਮੀ ਤਰਾਨਾ ਕਿੰਝ ਗਾਈ ਦਾ

ਕਚਹਿਰੀ ਅੱਗ ਦੀ ਅੰਦਰ, ਯਕੀਨਨ, ਹੋਰ ਖਪਣਾ ਪਊ
ਅਗਰ ਫੌਲਾਦ ਬਣਨਾ ਏਂ, ਤਾਂ ਫਿਰ ਕੁਝ ਹੋਰ ਤਪਣਾ ਪਊ
ਅਸੀਂ ਓਨ੍ਹਾਂ ’ਚੋਂ ਨਈਂ ਜਿੰਨ੍ਹਾਂ ਨੂੰ ਲਹੂ ਦਾ ਰੰਗ ਦੱਸਣ ਲਈ
ਕਿਸੇ ਅਖ਼ਬਾਰ ਦੀ ਸ਼ੁਹਦੀ ਜਿਹੀ, ਸੁਰਖ਼ੀ ’ਚ ਛਪਣਾ ਪਊ

ਤਿਜੌਰੀ ਭਰਨ ਲਈ ਆਪਣੀ, ਕਿਸੇ ਸੰਗ ਵੈਰ ਨਈਂ ਚਾਹੁੰਦੀ
ਕਿਸਾਨੀ ਹੱਕ ਮੰਗਦੀ ਏ, ਤੁਹਾਥੋਂ ਖ਼ੈਰ ਨਈਂ ਚਾਹੁੰਦੀ
ਉਹ ਚਾਹੁੰਦੀ ਏ ਕਿ ਫ਼ਸਲਾਂ ਹਰ ਜਗ੍ਹਾ, ਇਕ ਤਾਲ ਵਿਚ ਝੂਮਣ
ਤੇ ਕੋਈ ਵੀ ਜ਼ਮਾਨੇ ਵਿੱਚ ਹੋਵੇ ਗ਼ੈਰ, ਨਈਂ ਚਾਹੁੰਦੀ

ਤੋੜ ਨਾ ਸਕਿਆ ਹੌਸਲੇ ਦਹਿਸ਼ਤ ਦਾ ਪ੍ਰਕੋਪ
ਉੱਠ-ਉੱਠ ਕੇ ਕਈ ਬੁਲਬੁਲੇ, ਹੁੰਦੇ ਗਏ ਅਲੋਪ
ਪਾਣੀਓਂ ਪਤਲੀ ਹੋ ਗਈ, ਸ਼ੇਖੀਖੋਰ ਅਖ਼ੀਰ
ਸਾਗਰ-ਛੱਲਾਂ ਰੋਕਦੀ, ਹਾਕਮ ਦੀ ਜਲ-ਤੋਪ

ਸਿੰਘੂ ਸੱਥ ਹੈ ਸਬਰ ਦੀ, ਟਿੱਕਰੀ ਹੱਕ ਦੀ ਸਾਣ
ਗ਼ਾਜ਼ੀਪੁਰ ਹੈ ਗੱਜਦਾ, ਰੋਹ-ਚੰਦੋਆ ਤਾਣ
ਸਾਡਾ ਹਰ ਇਕ ਅੱਥਰੂ, ਉਸ ਸਾਗਰ ਦੇ ਹਾਣ
ਨਦੀਆਂ ਜਿਹਦੀ ਰਜ਼ਾ ਵਿੱਚ, ਲੈਂਦੀਆਂ ਮੋੜ ਮੁਹਾਣ

ਬੰਦੇ ਦੇ ਰੱਬ ਬਣ ਗਏ, ਪੱਥਰ-ਚਿੱਤੇ ਬੁੱਤ
ਪਾਉਂਦੀ ਰਹਿੰਦੀ ਫੇਰੀਆਂ, ਇਮਤਿਹਾਨ ਦੀ ਰੁੱਤ
ਸਾਡੇ ਲਈ ਇਹ ਜ਼ਿੰਦਗੀ, ਇਕ ਸਦੀਵੀ ਯੁੱਧ
'ਕਬਹੂੰ ਨਾ ਛਾਡੈ ਖੇਤ' ਜੋ ਉਹ ਹੈ ਧਰਤੀ-ਪੁੱਤ

ਸਾਨੂੰ ਲੜਨਾ ਪੈ ਰਿਹਾ, ਸਾਹਾਂ ਲਈ ਸੰਗਰਾਮ
ਹੁਣ ਹੱਕਾਂ ਦੀ ਜਿੱਤ ਤਕ, ਮੱਚਣਾ ਏਂ ਕੁਹਰਾਮ
ਅਸੀਂ ਇਨ੍ਹਾਂ ਦੇ ਅੰਗ ਹਾਂ, ਇਹ ਨੇ ਸਾਡੇ ਅੰਗ,
ਕਿੱਦਾਂ ਰਹੀਏ ਵੇਖਦੇ, ਹੁੰਦੇ ਖੇਤ ਨੀਲਾਮ

ਜਿਸਨੇ ਛਾਵਾਂ ਮਸਲੀਆਂ, ਲੁੱਟੀ ਜਿਸਨੇ ਧੁੱਪ
ਘੋੜੇ ਬਣ ਉਸ ਰੱਥ ਦੇ, ਹੁਣ ਨਾ ਹੋਣਾ ਜੁੱਪ
ਹੱਸਣਾ, ਗਾਉਣਾ, ਬੋਲਣਾ, ਬਣਦਾ ਉਦੋਂ ਈਮਾਨ
ਬਣੇ ਸੰਨਾਟਾ ਖ਼ੌਫ਼ ਦਾ ਜਦ ਹਾਕਮ ਦੀ ਚੁੱਪ

ਬੇਵਸੀ ਦੀ ਅੱਗ ਵਿੱਚ ਹੋ ਰਹੇ ਨੇ ਜੋ ਨਾਸ਼
ਇਹੋ ਪੱਤੇ ਮਿਲ਼ ਕੇ ਬਣਨ ਤੁਹਾਡੀ ਤਾਸ਼
ਲਾਸ਼ਾਂ ਗਿਣਦੇ ਸ਼ੋਹਦਿਓ, ਇਹ ਵੀ ਕਰੋ ਤਾਮੀਲ
ਗੰਗਾ ਜੀ ਤਾਂ ਖ਼ੁਦ ਹੈ, ਵਰ੍ਹਿਆਂ ਤੋਂ ਇਕ ਲਾਸ਼

ਗਿਆਨ-ਵਿਹੂਣੀ ਅੰਨ੍ਹੀ ਰਈਅਤ, ਦੀ ਮੁਹਤਾਜ ਸਿਆਸਤ ਦਾ
ਅੱਖਾਂ ਵੱਟੇ ਐਨਕ ਵੰਡਦੀ, ਬੇ-ਲਿਹਾਜ਼ ਸਿਆਸਤ ਦਾ
ਅੰਧ-ਭਗਤੀ ਦੇ ਪਰਾਂ 'ਤੇ ਉੱਡਦੀ, ਹਲ਼ਾਂ ਦੀ ਹਰਕਤ ਭੁੱਲ ਜਾਂਦੀ ਜੋ
ਮੋਦੀ ਸਿੱਕੇ-ਬੰਦ ਮੋਹਰਾ ਹੈ, ਮਜ਼ਮੇਬਾਜ਼ ਸਿਆਸਤ ਦਾ

ਉੱਡਣ ਹਾਰੇ ਖੰਭ ਸਲਾਮਤ, ਖੰਭਾਂ ਦੀ ਪਰਵਾਜ਼ ਸਲਾਮਤ
ਝੱਖੜਾਂ ਨਾਲ਼ ਉਨ੍ਹਾਂ ਦੀ ਜੂਹ ਵਿੱਚ, ਜੂਝਣ ਦਾ ਅੰਦਾਜ਼ ਸਲਾਮਤ
ਵਰ੍ਹਿਆਂ ਤੋਂ ਖ਼ਾਮੋਸ਼ ਜ਼ੁਬਾਨਾਂ, ਹੋਈਆਂ ਨੇ ਸੁਰਜੀਤ ਮਸਾਂ ਹੀ
ਮੇਰੇ ਪਿੰਡ ਦੀ ਜੂਹ 'ਚੋਂ ਉੱਠੀ, ਸ਼ਾਲਾ ਰਹੇ ਆਵਾਜ਼ ਸਲਾਮਤ

ਉਦੋਂ ਵੀ ਰਾਤ ਸੀ ਬਾਕੀ, ਅਜੇ ਵੀ ਰਾਤ ਹੈ ਬਾਕੀ
ਜੋ ਹੱਕਾਂ ਨੂੰ ਮਸਲ ਦੇਂਦੀ, ਉਹੋ ਖ਼ੈਰਾਤ ਹੈ ਬਾਕੀ
ਹਕੂਮਤ ਹੁੰਦਿਆਂ ਵੀ, ਨੇਰ੍ਹ ਡਰਦਾ ਹੈ ਤਾਂ ਜ਼ਾਹਿਰ ਹੈ,
ਕਬੀਲਾ ਜੁਗਨੂੰਆਂ ਦਾ, ਦੀਵਿਆਂ ਦੀ ਜਾਤ ਬਾਕੀ ਹੈ

ਇਹ ਖਾਈ ਬਹੁਤ ਗਹਿਰੀ ਹੈ, ਇਹ ਖਾਈ ਬਹੁਤ ਲੰਮੀ ਏਂ
ਤੇ ਇਹਦੇ ਭਰਨ-ਪੂਰਨ ਦੀ, ਲੜਾਈ ਬਹੁਤ ਲੰਮੀ ਏਂ
ਹੁੰਗਾਰੇ ਭਰਦਿਆਂ ਖੇਤਾਂ ਨੂੰ, ਫ਼ਸਲਾਂ ਭੁੱਲ-ਭੁਲਾ ਜਾਵਣ
ਉਨ੍ਹਾਂ ਨੇ ਜਾਣ-ਬੁੱਝ ਕੇ ਬਾਤ ਪਾਈ ਬਹੁਤ ਲੰਮੀ ਏਂ

ਓਨ੍ਹਾਂ ਦੇ ਮੱਥਿਆਂ ਦੇ ਉੱਤੇ, ਮੈਲ਼ੇਪਣ ਦੇ ਦਾਗ਼ ਹੋਣਗੇ
ਬੁਝਦੇ-ਬੁਝਦੇ ਬੁਝ ਜਾਂਦੇ ਜੋ, ਕਬਰੀਂ ਜਗੇ ਚਿਰਾਗ਼ ਹੋਣਗੇ
ਜਗਦੇ ਹੋਏ ਆਏ ਸਾਂ ਤੇ ਜਗਦੇ ਹੋਏ ਪਰਤਾਂਗੇ,
ਜਿੱਥੇ-ਜਿੱਥੇ ਪੈਰ ਧਰਾਂਗੇ, ਉਹ ਪੂਰਨ ਦੇ ਬਾਗ਼ ਹੋਣਗੇ

ਬੈਠ ਬਨੇਰੇ ਕਾਂ ਬੋਲੇਗਾ, ਕੋਈ ਸੁਪਨਾ ਦਰ ਖੋਲ੍ਹੇਗਾ
ਪੌਣਾਂ ਵਿੱਚ ਸੁਗੰਧ ਘੋਲੇਗਾ, ਫੁੱਲ ਆਪਣਾ ਸੁੱਖ-ਦੁੱਖ ਫੋਲੇਗਾ
ਮੈਂ ਹਰ ਰੁੱਖ ਦੀ, ਹਰ ਟਾਹਣੀ ਦੀ ਕਿਸਮਤ ਦੇ ਵਿੱਚ ਲਿਖ ਜਾਵਾਂਗਾ,
ਇਕ ਨਾ ਇਕ ਦਿਨ ਕੋਈ ਪਰਿੰਦਾ, ਉਸ ’ਤੇ ਬਹਿ ਕੇ ਪਰ ਤੋਲੇਗਾ

ਕਾਨੂੰਨਾਂ ਦੇ ਕੁਫ਼ਰ ਦੀ ਰਾਖ਼, ਸਾਰੀ ਛਾਣ ਬੈਠੇ ਹਾਂ
ਅਸੀਂ ਮਨਹੂਸ ਮਜਮੇਬਾਜ਼ ਨੂੰ ਪਹਿਚਾਣ ਬੈਠੇ ਹਾਂ
ਸਿਵੇ ਦੇ ਸੇਕ ਦੀ ਸ਼ਹਿ ’ਤੇ ਜੋ ਅੰਨ੍ਹਾ ਅਦਲ ਜਣਦਾ ਏ,
ਉਹ ਮੁਨਸਿਫ਼ ਹੈ ਕਿ ਕਾਤਿਲ ਹੈ, ਅਸੀਂ ਹੁਣ ਜਾਣ ਬੈਠੇ ਹਾਂ

ਸਿੰਘੂ ਸੁਣਿਆਂ, ਇਕ ਸਿਆਣਾ, ਦਿਲ ਦੀ ਘੁੰਡੀ ਖੋਲ੍ਹ ਰਿਹਾ ਸੀ
ਪਾਣੀ, ਬਰਫ਼ ਤੇ ਅੱਗ ਤਿੰਨਾਂ ਵਿੱਚ, ਪੈਦਾ ਕਰ ਸਮਤੋਲ ਰਿਹਾ ਸੀ
ਕਵਿਤਾ ਅਤੇ ਕ੍ਰਾਂਤੀ ਦੋਵੇਂ, ਮੱਥੇ ਰੌਸ਼ਨ ਕਰ ਰਹੀਆਂ ਸਨ,
ਇਉਂ ਲੱਗਿਆ ਜਿਉਂ ਵਰ੍ਹਿਆਂ ਪਿੱਛੋਂ, ਗ਼ਦਰੀ ਬਾਬਾ ਬੋਲ ਰਿਹਾ ਸੀ

ਦਾਦੀਆਂ-ਪੋਤੀਆਂ, ਨਾਨੀਆਂ-ਦੋਹਤੀਆਂ, ਮਾਵਾਂ-ਧੀਆਂ ਆਈਆਂ ਨੇ
ਮੋਰਚਿਆਂ ਦਾ ਸਾਵਣ ਆਇਆ, ਰੋਹ ਦੀਆਂ ਤੀਆਂ ਆਈਆਂ ਨੇ
ਚੱਲ ਉੱਠ, ਕਰ ਸੁਰਜੀਤ ਇਨ੍ਹਾਂ ਨੂੰ, ਹਾਣੀ ਹੋ ਜਾ ਸਮਿਆਂ ਦਾ,
ਕਵੀਆ! ਤੇਰੀ ਕਵਿਤਾ ਲਈ, ਨਵੀਆਂ ਤਸ਼ਬੀਹਾਂ ਆਈਆਂ ਨੇ

ਦੇਂਦਾ ਨਿੱਘ ਨਿਗਾਹਾਂ ਤਾਈਂ, ਮੋਰਚਿਆਂ ਦਾ ਨੂਰ ਪਿਆ ਹੈ
ਪਾਸ਼, ਉਦਾਸੀ, ਦਿਲ ਦੇ ਦਿਲ ਦੀਆਂ, ਖ਼ਾਹਿਸ਼ਾਂ ਨੂੰ ਕੁਝ ਬੂਰ ਪਿਆ ਹੈ
ਨਿਰਭਉ, ਨਾਬਰ, ਨਿਰਵੈਰ ਹੋਣ ਦੇ ਸੁਪਨੇ ਸ਼ੀਸ਼ੇ ਸਿਰਜ ਰਹੇ ਨੇ
ਹਾਕਮ ਦੀ ਹੈਂਕੜ ਦਾ ਪੱਥਰ, ਹੋਇਆ ਚੂਰੋਂ-ਚੂਰ ਪਿਆ ਹੈ।

ਤੁਸੀਂ ਕੱਖਾਂ ’ਚ ਜੋ ਵੀ ਸਾਜ਼ਿਸ਼ੀ ਚਿਣਗਾਂ ਛੁਪਾਈਆਂ ਸੀ,
ਮਸ਼ਾਲਾਂ ਬਣ ਕੇ ਬਲ਼ ਉੱਠੀਆਂ ਨੇ ਉਹ, ਹੁਣ ਰੂ-ਬ-ਰੂ ਹੋਵੋ,
ਤੁਸੀਂ ਜਿੰਨ੍ਹਾਂ ਦੇ ਉਂਗਲਾਂ ਹੋਣ ’ਤੇ ਉਂਗਲਾਂ ਉਠਾਈਆਂ ਸੀ
ਕਿਤੇ ਮੁੱਕੇ, ਕਿਤੇ ਮੁੱਠੀਆਂ ਨੇ ਉਹ, ਹੁਣ ਰੂ-ਬਰੂ ਹੋਵੋ,
ਸਲੀਬਾਂ ਦੀ ਸ਼ਰ੍ਹਾ ਅੰਦਰ, ਤਖ਼ਤ ਦੇ ਹਰ ਇਸ਼ਾਰੇ ’ਤੇ,
ਪਨਾਹਾਂ ਵਿੱਚ, ਠਾਹਰਾਂ ’ਤੇ, ਨਵਾਬੀ ਨੇਹਮਤਾਂ ਅੰਦਰ,
ਮੁਖ਼ਾਲਿਫ਼ ਕਰ ਅਸਾਡੇ ਜੋ ਤੁਸੀਂ ਧੌਣਾਂ ਝੁਕਾਈਆਂ ਸੀ,
ਉਮੀਦਾਂ ਬਣ ਕੇ ਫਿਰ ਤੁੱਠੀਆਂ ਨੇ ਉਹ, ਹੁਣ ਰੂ-ਬ-ਰੂ ਹੋਵੋ

ਨਹੀਂ ਕੋਈ ਹੋਰ ਚਾਰਾ ਹੈ ਕਿ ਸਿੰਘੂ-ਟਿੱਕਰੀ ਚੱਲੀਏ
ਸਰਾਭੇ ਦਾ ਇਸ਼ਾਰਾ ਹੈ, ਕਿ ਸਿੰਘੂ-ਟਿੱਕਰੀ ਚੱਲੀਏ
ਹੁਸੈਨੀ ਵਾਲਿਓਂ ਉੱਠਦੀ ਜੋ ਲੋਅ, ਤਸਦੀਕ ਕਰਦੀ ਏ
ਬੁਲਾਉਂਦਾ ਭਗਤ ਪਿਆਰਾ ਹੈ ਕਿ ਸਿੰਘੂ-ਟਿੱਕਰੀ ਚੱਲੀਏ

ਮੁੱਦਤਾਂ ਤੋਂ ਧੁਖ-ਧੁਖ, ਧੁਖ ਰਿਹਾ, ਹਰ ਪਿੰਡ ਤੇਰੇ ਨਾਲ਼ ਹੈ
ਇਹ ਜੋ ਦੀਵਿਆਂ ਵਿੱਚ ਨੂਰ ਹੈ, ਤੇਰੀ ਨਜ਼ਰ ਦਾ ਹੀ ਕਮਾਲ ਹੈ
ਤੈਨੂੰ ਸੌਦਾਗਰ ਛਲ਼ ਗਏ ਬਣ ਮੁਹਤਬਰ ਹਰ ਵਾਰ ਹੀ
ਅੱਜ ਤਕ ਗਿਆ ਨਾ ਕੱਟਿਆ, ਤੈਥੋਂ ਸੁਨਹਿਰਾ ਜਾਲ਼ ਹੈ

ਸਾਜਿਸ਼ਾਂ ਦਰ ਸਾਜਿਸ਼ਾਂ ਦਰ ਸਾਜ਼ਿਸ਼ਾਂ ਦਰਪੇਸ਼ ਨੇ
ਰੰਜਿਸ਼ਾਂ ਦਰ ਰੰਜਿਸ਼ਾਂ ਦਰ ਰੰਜਿਸ਼ਾਂ ਦਰਪੇਸ਼ ਨੇ
ਹੋਣਾ ਹੀ ਸੀ ਜੋ ਹੋ ਰਿਹੈ, ਹੱਕਾਂ ਦੀ ਪੱਕੀ ਫ਼ਸਲ ਨੂੰ
ਬਾਰਿਸ਼ਾਂ ਦਰ ਬਾਰਿਸ਼ਾਂ ਦਰ ਬਰਿਸ਼ਾਂ ਦਰਪੇਸ਼ ਨੇ

ਕੂੜ-ਕੁਫ਼ਰ ਦੀ ਸਿਆਸਤ ਕੁੱਖੋਂ ਜੋਗ ਜਣੇਂ
ਲੁੱਟ ਦਾ ਨਵਿਓਂ-ਨਵਾਂ ਸਦਾ ਪ੍ਰਯੋਗ ਜਣੇਂ
ਮਹਾਂਮਾਰੀਆਂ ਸਭ ਉਸ ਅੱਗੇ ਬੌਣੀਆਂ ਨੇ
ਮਾਇਆਧਾਰੀਆਂ ਦੀ ਨੀਅਤ ਜੋ ਰੋਗ ਜਣੇਂ

ਸਦਾ-ਬਹਾਰੇ ਬਿਰਖਾਂ ਵਾਂਗੂ, ਅਕਸਰ ਵੰਡਦਾ ਛਾਵਾਂ ਮਿਲਿਆ
ਸਮਿਆਂ ਦੇ ਸਿਰਨਾਵੇਂ ਬਣਿਆਂ, ਫਿਰ ਵੀ ਪਿੰਡ ਨਿਥਾਵਾਂ ਮਿਲਿਆ
ਮੈਂ ਹੀ ਮੈਂ ਹਾਂ, ਤੇ ਬਸ ਮੈਂ ਹਾਂ, ਹਰ ਕੋਈ ਇੱਕੋ ਮੰਤਰ ਰਟਦਾ
ਕਾਫ਼ਲਿਆਂ ਦਾ ਰੂਪ ਧਾਰਦਾ, ਬੰਦਾ ਟਾਵਾਂ-ਟਾਵਾਂ ਮਿਲਿਆ

ਸਿਰਹੀਣਾਂ ਦੀਆਂ ਭੀੜਾਂ ਦੇ ਵਿੱਚ ਲੈ ਕੇ ਭੱਜੀਆਂ ਬਾਹਵਾਂ ਮਿਲਿਆ
ਸਿਰਲੱਥਾਂ ਦੀ ਸੱਥ ਵਿੱਚ ਮਿਰਜ਼ਾਂ, ਅਕਸਰ ਬਾਝ ਭਰਾਵਾਂ ਮਿਲਿਆ
ਤਪਦੇ ਥਲ਼ ਨੂੰ ਓਸੇ ਰੁੱਖ ਦੀ ਨੀਅਤ ਉੱਤੇ ਸ਼ੱਕ ਹੋ ਜਾਂਦੈ,
ਜੋ ਵੀ ਸੜਦੀ ਸੱਸੀ ਤਾਈਂ, ਅਰਪਣ ਕਰਦਾ ਛਾਵਾਂ ਮਿਲਿਆ

ਹਾਕਮ ਹਠ ਦੀ ਹਿਰਖੀ ਹੁਜਤ ਤੇ ਸੁਥਰੀ ਸਮਝੌਤੀ ਵੀ ਨੇ
ਰੱਖਣਾ ਵੀ ਚਾਹੁੰਦੇ ਤਬਕਾ ਕੇ, ਕਰਦੇ ਮੰਨ-ਮਨੌਤੀ ਵੀ ਨੇ
ਅੱਖੀਂ ਵੇਖ ਕੇ ਮੰਨਣਾ ਏਂ ਤਾਂ, ਚੱਲ ਫਿਰ ਸਿੰਘੂ-ਟਿੱਕਰੀ ਚੱਲੀਏ
ਕੁੜੀਆਂ ਹੁਣ ਕਵਿਤਾਵਾ ਹੀ ਨਈਂ, ਚੰਡੀ ਅਤੇ ਭਗੌਤੀ ਵੀ ਨੇ

ਨਵੀਓਂ-ਨਵੀਂ ਉਮੰਗ ਰਹਾਂਗੇ, ਮਾਂ-ਮਿੱਟੀ ਦੇ ਅੰਗ ਰਹਾਂਗੇ
ਲੜਦੇ ਹੱਕੀ ਜੰਗ ਰਹਾਂਗੇ, ਕਾਫ਼ਲਿਆਂ ਦੇ ਸੰਗ ਰਹਾਂਗੇ
ਆਓ ਆਪਣੇ-ਆਪਣੇ ਰੰਗ ਨੂੰ, ਕੱਠਿਆਂ ਕਰ ਸਤਰੰਗੀ ਬਣੀਏਂ
ਕਿਸੇ ਲਲਾਰੀ ਦੀ ਸ਼ਹਿ ਉੱਤੇ, ਕਿੰਨਾ ਚਿਰ ਬਦਰੰਗ ਰਹਾਂਗੇ

ਮੁਰਦਾ ਮੋਛੇ, ਸੱਥਰ ਹੋ ਗਏ, ਬੇ-ਹਰਕਤ ਹੋ ਪੱਥਰ ਹੋ ਗਏ
ਉਹ ਸਾਗਰ ਤੋਂ ਗਾਗਰ ਹੋ ਗਏ, ਦਰਿਆਵਾਂ ਤੋਂ ਨਾਬਰ ਹੋ ਗਏ
ਸੁਣਿਐ ਸ਼ਾਹ ਅਸਵਾਰ ਸਮੇਂ ਦੇ, ਖ਼ੁਦ ਠਾਹਰਾਂ ਦੇ ਪਾਤਰ ਹੋ ਗਏ
ਹੁਣ ਤਾਂ ਹਰਕਤ ਕਰਨੀ ਪੈਣੀ, ਖੇਤ ਵਾਹੁਣ ਨੂੰ ਵੱਤਰ ਹੋ ਗਏ

ਜਿੰਨ੍ਹਾਂ ਨੇ ਅੰਗਿਆਰ ਮਘਾਉਣੇ ਹੁੰਦੇ ਨੇ
ਆਪਣੇ ਹੱਥ ਹਥਿਆਰ ਬਣਾਉਣੇ ਹੁੰਦੇ ਨੇ
ਪਹਿਲਾਂ ਸ਼ਬਦ ਸਾਣ ਦੇ ਉੱਤੇ ਲਾ-ਲਾ ਕੇ
ਉਹ ਬੰਦੇ ਸਚਿਆਰ ਬਣਾਉਣੇ ਹੁੰਦੇ ਨੇ

ਨਿਵਾ ਟਿੱਬੇ ਤੇ ਭਰ ਟੋਏ, ਸਜਾ ਕੇ ਧਰਤ ਆਵਾਂਗੇ
ਕਦੇ ਨਈਂ ਹਾਰਦੇ ਹਾਲ਼ੀ, ਪੁਗਾ ਕੇ ਸ਼ਰਤ ਆਵਾਂਗੇ
ਜਦੋਂ ਵੀ ਪਰਤ ਕੇ ਆਉਣਾ, ਸੁਲੱਖਣਾ ਲੱਗਦਾ ਹੋਵੇ
ਘਰਾਂ ਨੂੰ ਪਰਤਦੇ ਲੋਕੀ, ਅਸੀਂ ਵੀ ਪਰਤ ਆਵਾਂਗੇ

ਨਾ ਇਹ ਪਹਿਲ ਪਲੇਠੜਾ, ਨਾ ਅਖੀਰੀ ਯੁੱਧ
ਤਾਜ-ਤਖ਼ਤ ਸੰਗ ਲੜਾਂਗੇ, ਅਸੀਂ ਫ਼ਕੀਰੀ ਯੁੱਧ
ਜਿਸ ਤੋਂ ਫ਼ਸਲਾਂ ਮੌਲ ਕੇ, ਕਰਨ ਰਿਜ਼ਕ ਸੁਰਜੀਤ
ਇਹ ਯੁੱਧ ਬਣਦਾ ਬੀਜ ਉਹ, ਬਣੇਂ ਪਨੀਰੀ ਯੁੱਧ

ਬਰਕਤਾਂ ਦੇ ਬੋਲ ਨੇ ਰੌਸ਼ਨ ਖ਼ਿਆਲ ਨੇ
ਇਹ ਸਿਰਫ਼ ਕਲਬੂਤ ਨਈਓਂ, ਰੂਹਾਂ ਵੀ ਨਾਲ਼ ਨੇ
ਭੀੜਾਂ ਨੂੰ ਪੁਣ ਕੇ ਕਰਨ ਜੋ ਸੁਰਜੀਤ ਕਾਫ਼ਲੇ
ਸੁੱਖ ਦੇ ਸਾਥੀ ਨੇ ਇਹ, ਦੁੱਖ ਦੇ ਭਿਆਲ਼ ਨੇ

ਪੱਕੇ ਦਾਅਵੇ ਪੱਲੇ ਬੰਨ੍ਹ ਲਏ, ਕੁੱਲ ਦੋਚਿੱਤੀਆਂ ਨੇ
ਸਿੱਖ ਲਿਆ ਹਾਲ਼ੀ ਦੇ ਹੱਕ ਵਿੱਚ ਘੁੰਮਣਾ ਖਿੱਤੀਆਂ ਨੇ
ਹੱਕ-ਸੱਚ ਹਥਿਆਰ ਬਣਾ ਕੇ, ਫ਼ੌਜਾਂ ਕਿਰਤ ਦੀਆਂ
ਵੇਖ ਮੁਹਿੰਮਦਾ ਬਿਨ ਸਰਕਾਰੋਂ ਕਿੱਦਾਂ ਜਿੱਤੀਆਂ ਨੇ

ਲੋਕ-ਲਹਿਰ ਦੀਆਂ ਪੌਣਾਂ ਨੇ, ਕੌਤਕ ਵਰਤਾ ਦਿੱਤਾ
ਹਉਮੈਂ ਦਾ ਇਕ ਪਰਬਤ ਟਿੱਬੇ ਵਾਂਗ ਉਡਾ ਦਿੱਤਾ
ਇਕ ਕਿਲ੍ਹੇ 'ਤੇ ਝੰਡੇ ਦਾ ਤੂੰ ਦਾਅਵਾ ਠੋਕੀ ਜਾਹ,
ਅਸੀਂ ਜਿੱਤ ਦਾ ਪਰਚਮ ਦੁਨੀਆਂ ਵਿੱਚ ਲਹਿਰਾ ਦਿੱਤਾ

ਮਾਂ-ਮਿੱਟੀ ਦੀ ਮਰਿਆਦਾ ਦੇ ਹੱਕੀ ਦਾਅਵਿਆਂ ਨੂੰ
ਹੱਕ-ਸੱਚ, ਇਨਸਾਫ਼, ਸੰਘਰਸ਼ਾਂ ਦੇ ਸਿਰਨਾਵਿਆਂ ਨੂੰ
ਹੋਣ ਸਲਾਮਾਂ ਉਨ੍ਹਾਂ ਸਿਰਾਂ ਨੂੰ, ਜਿੰਨ੍ਹਾਂ ਇਕ ਹੋ ਕੇ
ਹਰ ਥਾਂ ਹਿੱਲਣ ਲਾ ਦਿੱਤਾ, ਤਖ਼ਤਾਂ ਦੇ ਪਾਵਿਆਂ ਨੂੰ

ਹਰ ਖ਼ਾਮੋਸ਼ੀ ਵਿੱਚ ਪਲ਼ਦਾ, ਹਾਕਮੀ ਕੁਹਰਾਮ ਹੈ
ਨਾ ਕੋਈ ਸਰਘੀ ਸੁਲੱਖਣੀ ਨਾ ਸੰਧੂਰੀ ਸ਼ਾਮ ਹੈ
ਅੰਜ਼ਾਮ ਦੀ ਸੰਘਰਸ਼ ਹੈ, ਆਗਾਜ਼ ਵੀ ਸੰਘਰਸ਼ ਸੀ,
ਸਾਡੇ ਲਈ ਹਰ ਜਿੱਤ, ਅਗਲੇ ਕੂਚ ਦਾ ਪੈਗ਼ਾਮ ਹੈ

ਉਹ ਸਾਲ ਮੁਬਾਰਕ ਬੀਤ ਗਿਆ, ਮਿਲ ਜਿਸ ਸੰਗ ਫ਼ਤਹਿ ਦਾ ਰਾਹ ਤੱਕਿਆ
ਅਸੀਂ ਸਾਬਤ ਸਿਦਕ ਹਜ਼ੂਰ ਰਹੇ, ਹਰ ਹਠ ਸਾਨੂੰ ਅਜ਼ਮਾ ਥੱਕਿਆ
ਲੈ ਨਵੀਂ ਰੌਸ਼ਨੀ ਆ ਨਵਿਆਂ, ਸਦ-ਸੁੱਖ ਹੋਊ, ਸਾਡਾ ਵਾਅਦਾ ਹੈ
ਹਰ ਪਲ਼ ਸੁਰਜੀਤ ਸੰਘਰਸ਼ ਰਹੂ, ਕੋਈ ਛਿਣ ਨਾ ਮਿਲੂ ਥੱਕਿਆ-ਅੱਕਿਆ

●●

# ਖੇਤ ਗਵਾਹੀਆਂ ਦੇਂਦੇ ਨੇ

*(ਚੇਤਨਾ ਜਗਾਉਣ ਗ਼ਜ਼ਲਾਂ)*

ਕਹੀਂ ਪੇ ਰਾਮ ਬੋਲੇਗਾ,
ਕਹੀਂ ਰਹਿਮਾਨ ਬੋਲੇਗਾ
ਅਭੀ ਪੰਜਾਬ ਕੀ ਭਾਸ਼ਾ ਮੇਂ
ਹਿੰਦੋਸਤਾਨ ਬੋਲੇਗਾ
ਜੋ 'ਮਨ ਕੀ ਬਾਤ' ਹੋ ਸੱਚ ਮੇਂ,
ਸੁਨੋਗੇ ਤੁਮ, ਕਹੂੰਗਾ ਮੈਂ
ਮੇਰੀ ਗ਼ਜ਼ਲੋਂ ਮੇਂ ਮੇਰੀ ਜਾਨ
ਅਬ ਕਿਰਸਾਨ ਬੋਲੇਗਾ

# ਪਿੰਡ ਫ਼ਸਲਾਂ ਦਾ ਬਾਬਲ ਹੈ

ਵਾੜਾਂ ਤਕ ਦੀ ਨੀਅਤ ਦੇ ਵਿੱਚ ਵਲ਼-ਛਲ਼ ਹੈ
ਮੌਸਮ ਦਾ ਕੁਝ ਭੈਅ ਵੀ ਇਸ ਵਿੱਚ ਸ਼ਾਮਲ ਹੈ

ਵੱਡੀਆਂ ਹੁੰਦੀਆਂ ਤੱਕ ਕੇ ਖ਼ੁਸ਼ ਹੈ, ਬਿਹਬਲ ਹੈ
ਸੌਂ ਨਈਂ ਸਕਦਾ, ਪਿੰਡ ਫ਼ਸਲਾਂ ਦਾ ਬਾਬਲ ਹੈ

ਜੋ ਵੀ ਦਾਣਾ ਉੱਗ ਕੇ ਹੱਸ ਨਹੀਂ ਸਕਿਆ
ਤੇਰਾ ਔੜ-ਸੁਭਾਅ ਹੀ ਉਸ ਦਾ ਕਾਤਲ ਹੈ

ਖੇਤ ਦਿਨੋਂ-ਦਿਨ ਬੇ-ਰੰਗ ਹੋਈ ਜਾਂਦੇ ਨੇ
ਰਾਜਧਾਨੀਏ ਰੰਗ-ਬਰੰਗੀ ਹਲਚਲ ਹੈ

ਫ਼ਸਲ ਦੇ ਚੀਰਹਰਨ 'ਤੇ ਖਿਝ-ਖਪ ਲੈਂਦਾ ਹਾਂ
ਮੇਰੇ ਰੋਹ ਦਾ ਬਸ ਏਨਾ ਖੇਤਰਫਲ ਹੈ

ਬਾਗ਼ੀ ਹੋਣਾ ਚਾਅ ਨਹੀਂ, ਮਜਬੂਰੀ ਹੈ,
ਇਹ ਮੇਰੇ ਜ਼ਖ਼ਮਾਂ ਦੇ ਜੋੜ ਦਾ ਹਾਸਲ ਹੈ

ਮਿੱਟੀ ਸਾਡੀ ਮਾਂ ਹੈ, ਇਹਦਾ ਮੁੱਲ ਨਾ ਪਾ,
ਗ਼ਰਕ ਜਾਏਂਗਾ, ਇਹ ਤਜਾਰਤ ਦਲਦਲ ਹੈ

ਮੇਰੇ ਪਿੰਡ ਦੀ ਜੂਹ ਵਿੱਚ ਨੇਰ੍ਹ ਹੈ, ਮੇਰੇ ਲਈ,
ਜਗਣੋਂ ਮੁਨਕਰ ਹੋਣਾ ਡਾਢਾ ਮੁਸ਼ਕਿਲ ਹੈ

ਮਾਂ-ਮਿੱਟੀ ਦੀ ਪਿਆਸ ਦੇ ਵਿੱਚ ਸੁਰਜੀਤ ਹਾਂ ਮੈਂ
ਮੇਰੇ ਨੈਣਾਂ ਵਿੱਚ ਨਦੀਆਂ ਦੀ ਕਲਕਲ ਹੈ।

●●

# ਕਤਲ ਏਦਾਂ ਵੀ ਹੁੰਦਾ ਏ

ਜਿਸਮ ਨੂੰ ਠਾਰ ਦੇਂਦੇ ਹੋ, ਕਤਲ ਏਦਾਂ ਵੀ ਹੁੰਦਾ ਏ
ਤੁਸੀਂ ਰੂਹ ਮਾਰ ਦੇਂਦੇ ਹੋ, ਕਤਲ ਏਦਾਂ ਵੀ ਹੁੰਦਾ ਏ

ਝੁਕਾ ਬਿਨ ਭਾਰ ਦੇਂਦੇ ਹੋ, ਕਤਲ ਏਦਾਂ ਵੀ ਹੁੰਦਾ ਏ
ਤੇ ਫਿਰ ਦੁਰਕਾਰ ਦੇਂਦੇ ਹੋ, ਕਤਲ ਏਦਾਂ ਵੀ ਹੁੰਦਾ ਏ

ਫਟੇ-ਹਾਲੀਂ ਜਦੋਂ ਹਾਜ਼ਰ ਅਸੀਂ ਹੋਈਏ, ਤੁਸੀਂ ਅੱਗਿਓਂ
ਸਜਾ ਦਰਬਾਰ ਦੇਂਦੇ ਹੋ, ਕਤਲ ਏਦਾਂ ਵੀ ਹੁੰਦਾ ਏ

ਤਕਾਵੀ ਦੇ ਤਮਾਸ਼ੇ ਦਾ, ਸਿਆੜਾਂ ਦੀ ਨਮੋਸ਼ੀ ਦਾ
ਬਣਾਂ ਇਸ਼ਤਿਹਾਰ ਦਿੰਦੇ ਹੋ, ਕਤਲ ਏਦਾਂ ਵੀ ਹੁੰਦਾ ਏ

ਸਜਾ ਲੈਂਦੇ ਹੋ ਲੈ ਕੇ ਸਿਰ ਮੇਰਾ, ਸ਼ੋਅ-ਕੇਸ ਵਿੱਚ ਪਹਿਲਾਂ
ਤੇ ਫਿਰ ਦਸਤਾਰ ਦੇਂਦੇ ਹੋ, ਕਤਲ ਏਦਾਂ ਵੀ ਹੁੰਦਾ ਏ

ਕੁਕਰਮਾਂ ਦੀ ਕਚਹਿਰੀ ਵਿੱਚ, ਨਿਵਸਤਰ ਹੋਣ ਲਈ ਮੈਨੂੰ
ਜੂਏ ਵਿੱਚ ਹਾਰ ਦੇਂਦੇ ਹੋ, ਕਤਲ ਏਦਾਂ ਵੀ ਹੁੰਦਾ ਏ

ਹਲ਼ਾਂ ਦੀ ਹਿੱਕ ’ਤੇ ਹੁਜਰਾ ਬਣਾ ਕੇ ਹਵਸ ਆਪਣੀ ਦਾ
ਜ਼ਮੀਰਾਂ ਮਾਰ ਦੇਂਦੇ ਹੋ, ਕਤਲ ਏਦਾਂ ਵੀ ਹੁੰਦਾ ਏ

ਲਗਾਵਣ ਦੇ ਲਈ ਬੋਲੀ ’ਤੇ, ਪਲ ਦੇ ਪਲ ਲਈ ਮੇਰੀ
ਸ਼ਕਲ ਸ਼ਿੰਗਾਰ ਦੇਂਦੇ ਹੋ, ਕਤਲ ਏਦਾਂ ਵੀ ਹੁੰਦਾ ਏ

ਕਰਾ ਕੇ ਮੁਲਤਵੀ ਸੁਰਜੀਤ ਹੋਣਾ, ਸੀਸ ਦਾ ਸਿਰ ’ਚੋਂ
ਗਲ਼ੇ ਲਈ ਹਾਰ ਦੇਂਦੇ ਹੋ, ਕਤਲ ਏਦਾਂ ਵੀ ਹੁੰਦਾ ਏ

●●

# ਪਰਿਵਾਰ ਖੇਤਾਂ ਦੇ

ਕਬੀਲਾ ਖੇਤ ਨੇ ਸਾਡੇ, ਅਸੀਂ ਪਰਿਵਾਰ ਖੇਤਾਂ ਦੇ
ਤੁਸੀਂ ਹੋ ਤਖ਼ਤ ਦੇ ਪਾਵੇ, ਅਸੀਂ ਦਿਲਦਾਰ ਖੇਤਾਂ ਦੇ

ਤੁਸੀਂ ਮਾਇਆ ਦੇ ਮੋਹਰੇ ਹੋ, ਜੋ ਬਸ ਸ਼ੈਤਾਨ ਜਣਦੀ ਏ
ਤੁਹਾਨੂੰ ਸਮਝ ਨਈਂ ਆਉਣੇ, ਕਦੇ ਕਿਰਦਾਰ ਖੇਤਾਂ ਦੇ

ਤੁਹਾਡੇ ਸਿਤਮ ਤੇ ਸਾਡੇ ਸਿਦਕ ਦਾ ਯੁੱਧ ਹੈ ਏਦਾਂ
ਗੜੇਮਾਰੀ ਦੇ ਸੰਗ ਹੁੰਦੇ, ਜਿਵੇਂ ਤਕਰਾਰ ਖੇਤਾਂ ਦੇ

ਸਿਦਕ ਤ੍ਰਿਸ਼ੂਲ ਹੈ ਸਾਡਾ, ਸੁਦਰਸ਼ਨ ਸੋਚ ਹੈ ਸਾਡੀ
ਤੇ ਕਾਮੇ ਹੱਥ ਹੀ ਸਾਡੇ ਨੇ ਬਸ ਹਥਿਆਰ ਖੇਤਾਂ ਦੇ

ਸਜਾ ਸਕਦੇ ਹੋ, ਸੋਨੇ ਸੰਗ ਤੁਸੀਂ ਬੇਜਾਨ ਬੁੱਤਾਂ ਨੂੰ
ਇਹ ਮਿੱਟੀ ਹੀ ਹੈ ਜਣ ਸਕਦੀ ਏ, ਜੋ ਅਵਤਾਰ ਖੇਤਾਂ ਦੇ

ਤੁਸੀਂ ਰੁੱਖਾਂ ਦੇ ਵੈਰੀ ਹੋ, ਤੁਸੀਂ ਕੁੱਖਾਂ ਦੇ ਵੈਰੀ ਹੋ
ਤੁਹਾਨੂੰ ਦੇ ਨਹੀਂ ਸਕਦੇ, ਅਸੀਂ ਇਖ਼ਤਿਆਰ ਖੇਤਾਂ ਦੇ

ਅਸਾਡੀ ਰੂਹ 'ਚ ਵੱਸਦੇ ਨੇ, ਦਿਲਾਂ ਵਿਚ ਧੜਕਦੇ ਨੇ ਇਹ
ਅਸੀਂ ਐਵੇਂ ਨਹੀਂ ਬਣਦੇ ਹਾਂ, ਦਾਅਵੇਦਾਰ ਖੇਤਾਂ ਦੇ

ਨਾ ਕੋਈ ਤਾਜ ਹੈ ਨਾ ਤਖ਼ਤ ਹੈ, ਦੁਨੀਆਂ ਦੇ ਨਕਸ਼ੇ 'ਤੇ
ਨਾ ਹੋਵੇ ਚਮਕਿਆ ਜੋ ਮਾਰ ਕੇ ਅਧਿਕਾਰ ਖੇਤਾਂ ਦੇ

ਜੋ ਮੱਥਿਆਂ ਵਿੱਚ ਮਸ਼ਾਲਾਂ ਬਾਲ਼ ਕੇ ਸੁਰਜੀਤ ਹੋਏ ਨੇ
ਇਹ ਓਹੀ ਸੀਸ ਨੇ ਬਣਦੇ ਨੇ ਜੋ ਸਰਦਾਰ ਖੇਤਾਂ ਦੇ

●●

# ਜਦ ਖੇਤ ਉੱਠਦੇ ਨੇ

ਹਕੂਮਤ ਹੜਬੜਾਉਂਦੀ ਏ, ਉਦੋਂ, ਜਦ ਖੇਤ ਉੱਠਦੇ ਨੇ
ਸਿਆਸਤ ਤਿਲਮਿਲਾਉਂਦੀ ਏ, ਉਦੋਂ, ਜਦ ਖੇਤ ਉੱਠਦੇ ਨੇ

ਸਦਾਅ ਕਣ-ਕਣ 'ਚੋਂ ਆਉਂਦੀ ਏ, ਉਦੋਂ, ਜਦ ਖੇਤ ਉੱਠਦੇ ਨੇ
ਖਿੜੀ ਕਾਇਨਾਤ ਗਾਉਂਦੀ ਏ, ਉਦੋਂ, ਜਦ ਖੇਤ ਉੱਠਦੇ ਨੇ

ਗਵਾਹੀ ਦੇਣ ਆਉਂਦਾ ਏ, ਹਿਮਾਲਾ ਨਾਲ਼ ਨਦੀਆਂ ਦੇ
ਥਲਾਂ ਨੂੰ ਜਾਗ ਆਉਂਦੀ ਏ, ਉਦੋਂ, ਜਦ ਖੇਤ ਉੱਠਦੇ ਨੇ

ਸਮੁੰਦਰ ਦੇ ਸਬਰ ਦਾ ਵੀ, ਪਿਆਲਾ ਛਲ਼ਕ ਜਾਂਦਾ ਏ
ਤੇ ਤੇਹ ਝੀਲਾਂ ਨੂੰ ਤਾਉਂਦੀ ਏ, ਉਦੋਂ, ਜਦ ਖੇਤ ਉੱਠਦੇ ਨੇ

ਸਰਾਪੇ ਸੁਪਨਿਆਂ ਦਾ ਸੇਕ ਤਨ 'ਤੇ ਝੱਲਦੇ ਹੋਇਆਂ
ਰਜ਼ਾ ਰੁੱਖ ਨੂੰ ਸਤਾਉਂਦੀ ਏ, ਉਦੋਂ ਜਦ ਖੇਤ ਉੱਠਦੇ ਨੇ

ਮਿਲ਼ੀ ਮਿੱਟੀ 'ਚ ਮੁੜ੍ਹਕੇ ਦੀ, ਮੜਕ ਮਘ-ਮਘ ਕੇ ਮੱਚਦੀ ਏ
ਲਿਫੀ ਲੋਅ ਸਿਰ ਉਠਾਉਂਦੀ ਏ, ਉਦੋਂ, ਜਦ ਖੇਤ ਉੱਠਦੇ ਨੇ

ਸ਼ਹਾਦਤ ਦੇ ਕਈ ਸੂਰਜ, ਹਨੇਰਾ ਚੀਰ ਚੜ੍ਹਦੇ ਨੇ
ਧਰਤ ਚਾਨਣ 'ਚ ਨਾਉਂਦੀ ਏ, ਉਦੋਂ, ਜਦ ਖੇਤ ਉੱਠਦੇ ਨੇ

ਮਸ਼ਾਲਾਂ ਦਰ ਮਸ਼ਾਲਾਂ ਬਣ ਕਿਤਾਬਾਂ ਹੁੰਦੀਆਂ ਰੌਸ਼ਨ
ਕਲਮ ਚੰਡੀ ਧਿਆਉਂਦੀ ਏ, ਉਦੋਂ, ਜਦ ਖੇਤ ਉੱਠਦੇ ਨੇ

ਜ਼ੰਜੀਰਾਂ-ਬੇੜੀਆਂ ਵਿੱਚੋਂ ਵੀ ਸੁਰ ਸੁਰਜੀਤ ਹੁੰਦੇ ਨੇ
ਸਦਾਅ ਪੱਥਰਾਂ 'ਚੋਂ ਆਉਂਦੀ ਏ, ਉਦੋਂ, ਜਦ ਖੇਤ ਉੱਠਦੇ ਨੇ

●●

# ਖੇਤ ਗਵਾਹੀਆਂ ਦੇਂਦੇ ਨੇ

ਕਿੰਝ ਬਣੇ ਵਲਗਣਾਂ ਕੁੱਲ ਵਾਅਦੇ, ਕਿੰਝ ਓਟ ਰਹੀ ਇਕਰਾਰਾਂ ਦੀ
ਮਿਹਰਾਂ ਬਰਬਾਦੀ ਕਿੰਝ ਬਣੀਆਂ, ਮੇਰੇ ਖੇਤ ਗਵਾਹੀਆਂ ਦੇਂਦੇ ਨੇ

ਬਣ ਗਏ ਮਸੀਹੇ ਵੱਗ ਕਿੱਦਾਂ, ਵਾੜਾਂ ਕਿੰਝ ਮੁਨਸਿਫ਼ ਬਣ ਗਈਆਂ
ਫ਼ਸਲਾਂ ਫ਼ਰਿਆਦੀ ਕਿੰਝ ਬਣੀਆਂ, ਮੇਰੇ ਖੇਤ ਗਵਾਹੀਆਂ ਦੇਂਦੇ ਨੇ

ਜਿਹਦੀ ਹਰ ਹਰਕਤ ਵਿੱਚ ਬਰਕਤ ਸੀ, ਜਿਹਦਾ ਲੂੰ-ਲੂੰ ਵਕਤ ਦੀ ਹਰਕਤ ਸੀ
ਹਾਲ਼ੀ ਦੇ ਹਲ਼ ਦੀਆਂ ਉਹ ਹਿੰਮਤਾਂ, ਵੱਟਾਂ ਦਰ ਵੱਟਾਂ ਵਿੱਚ ਵੱਟ ਕੇ
ਹਾਰਾਂ ਦੀਆਂ ਆਦੀ ਕਿੰਝ ਬਣੀਆਂ, ਮੇਰੇ ਖੇਤ ਗਵਾਹੀਆਂ ਦੇਂਦੇ ਨੇ

ਜਿਹਦੇ ਸਿਰ 'ਤੇ ਸੀ ਅਸਮਾਨ ਖੜ੍ਹਾ, ਜਿਹਦੇ ਪੈਰਾਂ ਧਰਤੀ ਥੰਮ੍ਹੀ ਸੀ
ਮਾਇਆ ਦੀਆਂ ਮਾਰਾਂ ਦਰ ਮਾਰਾਂ, ਉਹਨੂੰ ਗਰਜ਼ਾਂ ਹੇਠ ਲਿਤਾੜ ਕੇ ਵੀ
ਉਸ ਲਈ ਆਜ਼ਾਦੀ ਕਿੰਝ ਬਣੀਆਂ, ਮੇਰੇ ਖੇਤ ਗਵਾਹੀਆਂ ਦੇਂਦੇ ਨੇ

ਬਾਬਾ ਨਾਨਕ ਤਾਂ ਕਹਿੰਦਾ ਸੀ, ਸੁੱਖ-ਦੁੱਖ ਨੇ ਵਾਂਗ ਲਿਬਾਸਾਂ ਦੇ
ਪਰ ਸਾਡੇ ਤਨ 'ਤੇ ਉੱਗ ਆਈਆਂ, ਪੀੜਾਂ ਦਰ ਪੀੜਾਂ ਦਰ ਪੀੜਾਂ
ਹਨ ਆਦਿ ਜੁਗਾਦੀ ਕਿੰਝ ਬਣੀਆਂ, ਮੇਰੇ ਖੇਤ ਗਵਾਹੀਆਂ ਦੇਂਦੇ ਨੇ

ਅਸੀਂ ਵੋਟਾਂ ਦੇ ਵਿੱਚ ਵਟਦੇ ਗਏ, ਤੇ ਥਾਪੀ ਗਏ ਆਬਦਾਲੀਆਂ ਨੂੰ
ਕੀ ਸੁਣੀਏਂ ਹੁਣ ਕੀ ਨਾ ਸੁਣੀਏਂ, ਛਿੱਟਿਆਂ ਸੰਗ ਹਸਦੀਆਂ ਕੁੱਲ ਜੂਹਾਂ
ਲਾਸ਼ਾਂ ਦੀ ਵਾਦੀ ਕਿੰਝ ਬਣੀਆਂ, ਮੇਰੇ ਖੇਤ ਗਵਾਹੀਆਂ ਦੇਂਦੇ ਨੇ

ਬਦਨੀਤੀ ਮਾਇਆਧਾਰੀਆਂ ਦੀ, ਸ਼ਹਿ ਰਾਜਿਆਂ ਅਤੇ ਮੁਕੱਦਮਾਂ ਦੀ
ਸਭ ਕੁਰਸੀਆਂ ਸੰਸਦ ਭਵਨ ਦੀਆਂ, ਤੇ ਧਰਮ ਗੁਰੂ ਦੀਆਂ ਕੁੱਲ ਓਟਾਂ
ਮਿਲ ਕੇ ਇਤਿਹਾਦੀ ਕਿੰਝ ਬਣੀਆਂ, ਮੇਰੇ ਖੇਤ ਗਵਾਹੀਆਂ ਦੇਂਦੇ ਨੇ

ਹਰ ਹੂਕ ’ਤੇ ਤੁਹਮਤ ਲਗਦੀ ਏ, ਹਰ ਹੇਕ ’ਤੇ ਬੰਦਸ਼ਾਂ ਤਾਰੀ ਨੇ
ਗੱਲ ਹੱਕ ਦੀ ਦੇਸ਼-ਧ੍ਰੋਹ ਹੋ ਗਈ ਤੇ ਸੱਧਰਾਂ ਸੀਸ ਉਠਾਉਣ ਦੀਆਂ
ਸੰਗੀਨ ਫ਼ਸਾਦੀ ਕਿੰਝ ਬਣੀਆਂ, ਮੇਰੇ ਖੇਤ ਗਵਾਹੀਆਂ ਦੇਂਦੇ ਨੇ

ਸੁਰਜੀਤ ਸਦਾਵਾਂ ਕਰਨ ਲਈ, ਸੰਘ ਬਹਿ ਗਏ ਤੋਤਲੇ ਬੋਲਾਂ ਦੇ
ਤੇ ਗੁੱਡੀਆਂ ਸਾੜਨ ਖੇਡਦੀਆਂ, ਧੀਆਂ ਔੜਾਂ ਵਿੱਚ ਤਪ-ਤਪ ਕੇ
ਅਕਲਾਂ ਵਿੱਚ ਦਾਦੀ ਕਿੰਝ ਬਣੀਆਂ, ਮੇਰੇ ਖੇਤ ਗਵਾਹੀਆਂ ਦੇਂਦੇ

••

# ਬੂਹਿਆਂ ਨੂੰ ਪੁੱਛਦੇ ਦੀਵੇ

ਢੋਹ-ਢੋਹ ਕੇ ਥੱਕ ਨਾ ਜਾਈਏ, ਇਹ ਹਾਕਮੀ ਹਨੇਰਾ
ਬੂਹਿਆਂ ਨੂੰ ਪੁੱਛਦੇ ਦੀਵੇ, ਹੋਣਾ ਏਂ ਕਦ ਸਵੇਰਾ

ਸੁਪਨੇ ਤੋਂ ਸੱਚ ਤਕ ਦਾ, ਹਾਲ਼ੇ ਹੈ ਪੰਧ ਲੰਮੇਰਾ
ਸੂਲਾਂ ਨੇ ਪਰਖਣਾ ਏਂ, ਪੈਰਾਂ ਦਾ ਹੋਰ ਜੇਰਾ

ਤਖ਼ਤੇ ਤੋਂ ਤਖ਼ਤ ਤੀਕਰ, ਸਾਨੂੰ ਉਡੀਕਦਾ ਏ,
ਰਾਹਾਂ 'ਚ ਘਾਤ ਲਾ ਕੇ, ਹਰ ਆਲਮੀ ਲੁਟੇਰਾ

ਜਿੰਨਾ ਕੁ ਜਗਮਗਾਉਂਦੇ, ਨਿੱਤ ਸ਼ੀਸ਼-ਮਹਿਲ ਤੇਰੇ
ਓਨਾਂ ਕੁ ਰਾਖ ਹੁੰਦੈ, ਹਰ ਰੋਜ਼ ਪਿੰਡ ਮੇਰਾ

ਪੀੜਾਂ ਦੇ ਪਾਣੀਆਂ ਨੇ, ਪੱਥਰਾਂ ਨੂੰ ਖੋਰ ਦੇਣਾ
ਆਹਾਂ ਨੇ ਢਾਲ਼ ਦੇਣਾ, ਸੋਨੇ ਦਾ ਕਵਚ ਤੇਰਾ

ਰੋੜਾਂ ਨੂੰ ਸਮਝਦੇ ਨੇ, ਸੱਥਰ ਉਹ ਯਾਰੜੇ ਦਾ
ਸੜਕਾਂ ਦੀ ਹਿੱਕ ਉੱਤੇ, ਕਰਦੇ ਨੇ ਜੋ ਬਸੇਰਾ

ਸੀਨਾ ਹੈ ਚਾਕ ਕੀਤਾ, ਵਾਅਦਾ-ਖ਼ਿਲਾਫ਼ੀਆਂ ਨੇ
ਤੇਰੇ ਕਿਆਸ ਨਾਲੋਂ, ਇਹ ਜ਼ਖ਼ਮ ਹੈ ਡੂੰਘੇਰਾ

ਹਰ ਤਰਫ਼ ਕਤਲਗਾਹ ਵਿੱਚ, ਗਈਆਂ ਨੇ ਸੱਜ ਸਲੀਬਾਂ
ਲਗਦੈ ਮਹਿਬੂਬ ਮੇਰਾ, ਆਇਆ ਏ ਪਾਉਣ ਫੇਰਾ

ਚਾਨਣ ਦੀ ਟੇਕ ਰੱਖੋ, ਪੈਰਾਂ ਦੇ ਛਾਲਿਆਂ 'ਤੇ
ਬੇ-ਨੂਰ ਕਰ ਰਿਹਾ ਏ, ਰਾਹਾਂ ਨੂੰ ਰਾਹ-ਦਸੇਰਾ

ਜੂਹਾਂ 'ਚ ਉਡ ਰਹੇ ਨੇ ਬੇਚੈਨ ਸਭ ਪਰਿੰਦੇ
ਪਿੰਡ ਵਿੱਚ ਉਡੀਕਦਾ ਏ, ਓਨ੍ਹਾਂ ਨੂੰ ਹਰ ਬਨੇਰਾ

'ਸੁਰਜੀਤ' ਹੋ ਤੂੰ ਸੁਣ ਕੇ, 'ਜਗਤਾਰ' ਕਹਿ ਰਿਹਾ ਏ
ਕਿੰਨੀ ਕੁ ਦੇਰ ਰਹਿਣਾ, ਖ਼ਾਮੋਸ਼ ਖ਼ੂਨ ਤੇਰਾ

●●

# ਖੇਤਾਂ ਦੇ ਮੁਕੱਦਰ ਆਏ ਨੇ

ਮਿਹਨਤ ਦੀ ਮੁਲਾਜ਼ੇਦਾਰੀ ਲਈ, ਖੇਤਾਂ ਦੇ ਮੁਕੱਦਰ ਆਏ ਨੇ
ਹਲ-ਚਲ ਹੈ ਹਨੇਰੀ ਬਸਤੀ ਵਿੱਚ, ਪੁਰਨੂਰ ਮੁਸਾਫ਼ਰ ਆਏ ਨੇ

ਸੜਕਾਂ ਦੇ ਸੀਨੇ ਧੜਕ ਪਏ, ਕੰਡਿਆਂ ਨੂੰ ਖਿੜਨ ਦਾ ਚਾਅ ਚੜ੍ਹਿਆ
ਹੁਬ-ਹੁਬ ਕੇ ਫੁੱਲਾਂ ਨੇ ਰਾਹ ਮੱਲੇ, ਖ਼ੁਸ਼ਬੂ ਦੇ ਪੈਗੰਬਰ ਆਏ ਨੇ

ਧੁਖ-ਧੁਖ ਕੇ ਧੁਆਂਖੀ ਧਰਤੀ ਦਾ ਜ਼ੱਰਾ-ਜ਼ੱਰਾ ਰੁਸ਼ਨਾ ਉੱਠਿਆ
ਲੈ ਕੇ ਚੰਨ, ਸੂਰਜ, ਤਾਰਿਆਂ ਨੂੰ, ਉਹਦੇ ਦਰ 'ਤੇ ਅੰਬਰ ਆਏ ਨੇ

ਇਕ ਸਿਦਕੀ ਬੰਦਾ ਗੋਬਿੰਦ ਦਾ, ਬਣ ਸਿੰਘ ਬਹਾਦਰ ਆਇਆ ਸੀ
ਅੱਜ ਵਾਰਿਸ ਬਣ ਉਸ ਬੰਦੇ ਦੇ, ਅਣਗਿਣਤ ਬਹਾਦਰ ਆਏ ਨੇ

ਫ਼ਸਲਾਂ ਦੇ ਪਿੰਡੇ ਝੁਲਸਦੀਆਂ, ਔੜਾਂ ਦੀ ਭਾਜੀ ਮੋੜਨ ਲਈ
ਚਸ਼ਮੇ, ਝਰਨੇ, ਦਰਿਆਵਾਂ ਦੇ, ਸਿਰਤਾਜ ਸਮੁੰਦਰ ਆਏ ਨੇ

ਹੱਕ ਮੰਗਦੀਆਂ ਹਿੱਕਾਂ ਦੇ ਹਠ ਨੇ, ਪਾ ਦਿੱਤਾ ਮਾਤ ਫ਼ਸੀਲਾਂ ਨੂੰ
ਕੱਦ ਵਧ ਕੇ ਕੱਚੀਆਂ ਗੜ੍ਹੀਆਂ ਦੇ, ਕਿਲ੍ਹਿਆਂ ਦੇ ਬਰਾਬਰ ਆਏ ਨੇ

ਨਗਰੀ ਵਿੱਚ ਸੱਜਣ ਠੱਗਾਂ ਦੀ ਤੇ ਮਲਕ ਭਾਗੋ ਦੀ ਮੰਡੀ ਵਿੱਚ,
ਕੋਈ ਸੱਚਾ ਸੌਦਾ ਕਰਨ ਲਈ, ਨਾਨਕ ਦੇ ਸੌਦਾਗਰ ਆਏ ਨੇ

ਤਾਰੀਖ਼ ਦੇ ਤੇਵਰ ਦੱਸਦੇ ਨੇ, ਕੋਈ ਭਾਣਾ ਵਰਤਣ ਵਾਲ਼ਾ ਏ
ਇਸ ਪਾਸਿਓਂ ਕੁਝ ਦਰਵੇਸ਼ ਤੁਰੇ, ਉਸ ਤਰਫ਼ੋਂ ਬਾਬਰ ਆਏ ਨੇ

ਇਹ ਫੁੱਲਾਂ, ਪੱਤੀਆਂ, ਕਲੀਆਂ ਦੇ, ਸੁਰਜੀਤ ਹੋਣ ਦਾ ਵੇਲ਼ਾ ਏ,
ਇਸ ਵਾਰ ਚਮਨ ਦੀ ਰਾਖੀ ਲਈ, ਸਿਰ-ਲੱਥ ਦੀਦਾਵਰ ਆਏ ਨੇ

●●

# ਸ਼ਹਾਦਤ ਦੀ ਸਦਾਅ 'ਤੇ

ਸਿਆੜਾਂ ਵਿੱਚ ਕੁਝ ਕੁ ਧੜਕਣਾਂ ਸੰਭਾਲ਼ ਆਇਆ ਹਾਂ
ਸ਼ਹਾਦਤ ਦੀ ਸਦਾਅ 'ਤੇ, ਖ਼ੁਦਕੁਸ਼ੀ ਨੂੰ ਟਾਲ਼ ਆਇਆ ਹਾਂ

ਹਨੇਰੇ ਘਰ ਦੀ ਚੌਖਟ ਕੋਲ਼ ਦੀਵਾ ਬਾਲ਼ ਆਇਆਂ ਹਾਂ
ਤੇ ਉਹਦੀ ਲੋਅ ਦਾ ਕੁਝ ਹਿੱਸਾ, ਮੈਂ ਲੈ ਕੇ ਨਾਲ਼ ਆਇਆ ਹਾਂ

ਜੋ ਟੁੱਟੇ ਸੁਪਨਿਆਂ ਦੇ ਅਕਸ, ਨਜ਼ਰਾਂ ਨੂੰ ਵਿਖਾ ਦੇਵੇ
ਕੋਈ ਸ਼ੀਸ਼ਾ ਨਹੀਂ ਮਿਲਿਆ, ਮੈਂ ਕਰ ਪੜਤਾਲ਼ ਆਇਆ ਹਾਂ

ਉਨ੍ਹਾਂ ਵਿੱਚੋਂ ਕੋਈ ਵੀ ਬੁਜ਼ਦਿਲੀ ਦੇ ਮੇਚ ਨਾ ਆਈ
ਜ਼ਮਾਨੇ ਭਰ ਦੀਆਂ ਮੈਂ ਕਤਲਗਾਹਾਂ ਭਾਲ਼ ਆਇਆ ਹਾਂ

ਤੇਰੇ ਅੱਥਰੂ ਦੇ ਨਾਲ਼ੋਂ ਕੀਮਤੀ ਮੋਤੀ ਨਹੀਂ ਮਿਲਿਆ,
ਸਮੁੰਦਰ ਦਰ ਸਮੁੰਦਰ, ਜਾ ਕੇ ਮੈਂ ਹੰਗਾਲ਼ ਆਇਆ ਹਾਂ

ਕਿਤੇ ਜ਼ਾਇਆ ਨਾ ਹੋ ਪਾਏ ਤੇਰੇ ਵਿਸ਼ਵਾਸ ਦਾ ਪਾਣੀ
ਸਲੀਕੇ ਨਾਲ਼ ਮੈਂ ਇਸ ਵਾਰ ਆਡਾਂ ਖਾਲ਼ ਆਇਆ ਹਾਂ

ਉਹ ਜਿਹੜਾ ਪਲ ਕਿਤੇ ਮਨਸੂਰ ਹੋਣੋ ਥਿੜਕਦਾ ਲੱਗਿਆ
ਮੈਂ ਪਲ ਦੇ ਪਲ ਲਈ ਉਸ ਪਲ ਦੀ ਬਣ ਕੇ ਢਾਲ਼ ਆਇਆ ਹਾਂ

ਜਿਨ੍ਹਾਂ ਕੱਲ੍ਹ ਆਪਣੇ 'ਚੋਂ ਆਪਣੇ ਸੂਰਜ ਉਗਾਉਣੇ ਨੇ,
ਉਨ੍ਹਾਂ ਜੂਹਾਂ ਲਈ ਬਣ ਤਾਰਿਆਂ ਦਾ ਥਾਲ਼ ਆਇਆ ਹਾਂ

ਤੁਸੀਂ ਬਸ ਨਜ਼ਰ ਆਪਣੀ ਦਾ ਹੁਨਰ ਸੁਰਜੀਤ ਰੱਖ ਲੈਣਾ,
ਮੈਂ ਜਿਸਦੀ ਆਸ 'ਤੇ ਕਿੰਨੇ ਹੀ ਦੀਵੇ ਬਾਲ਼ ਆਇਆ ਹਾਂ

●●

# ਦਿਸਣੀ ਏਂ ਰਬਾਬ ਅਜੇ

ਲੈਣਾ ਏਂ ਅਸੀਂ ਮਿਲ਼ ਕੇ, ਹਰ ਪੁੱਛ ਦਾ ਜਵਾਬ ਅਜੇ
ਹਾਕਮ ਦੀ ਹਿਮਾਕਤ ਦਾ, ਹੋਣਾ ਏਂ, ਹਿਸਾਬ ਅਜੇ

ਖਲ਼-ਖੂੰਜੇ ਖਿੱਲਰੇ ਨੇ ਖੇਤਾਂ ਦੇ ਖ਼ਾਬ ਅਜੇ
ਛਲਿਆ ਗਿਆ ਪਿੰਡ ਕੋਈ ਵੀ, ਆਇਆ ਨਹੀਂ ਤਾਬ ਅਜੇ

ਰਵਿਦਾਸ ਦਾ ਬੇਗ਼ਮਪੁਰਾ, ਖੁਰਿਆ ਨਈਂ ਖ਼ਿਆਲਾਂ 'ਚੋਂ
ਨਾਨਕ ਦੇ ਸੁਪਨੇ ਨੂੰ ਜਿਉਂਦਾ ਏ, ਪੰਜਾਬ ਅਜੇ

ਝੱਖੜਾਂ ਨੇ ਝੰਭਿਆ ਏ ਜੇ ਬਾਗ਼ ਤਾਂ ਕੀ ਹੋਇਆ,
ਮੌਸਮ ਵੀ ਬਦਲਨੇ ਨੇ, ਖਿੜਨੇ ਨੇ ਗ਼ੁਲਾਬ ਅਜੇ

ਚਿਹਰਾ ਦਰ ਚਿਹਰਾ ਜੋ, ਛੁਪਿਆ ਏ ਮੁਖੌਟਿਆਂ 'ਚ
ਕਰਕੇ ਇੱਕ-ਇੱਕ ਉਸ ਦੇ, ਫਟਣੇ ਨੇ ਨਕਾਬ ਅਜੇ

ਜਿੰਨ੍ਹਾਂ 'ਚ ਬਿਠਾਏ ਨੇ, ਬਗਲੇ ਤੂੰ ਬਣਾਂ ਮੁਨਸਿਫ਼
ਹੰਸਾਂ ਨੇ ਆ-ਆ ਕੇ, ਮੱਲਣੇ ਉਹ ਤਲਾਬ ਅਜੇ

ਜਿਸ ਦੀ ਗਲਵੱਕੜੀ ਵਿੱਚ, ਫੁੱਲ ਖਿੜਨ ਸ਼ਹਾਦਤ ਦੇ
ਜੋਬਨ 'ਤੇ ਆਉਣਾ ਏਂ, ਉਸ ਰੁੱਤ ਦਾ ਸ਼ਬਾਬ ਅਜੇ

ਹਾਲੇ ਤਾਂ ਰੱਤ-ਰੰਗੀਆਂ, ਕੁਛ ਕਲਮਾਂ ਘੜੀਆਂ ਨੇ
ਲਿਖਣੀ ਹੈ ਅਸੀਂ ਮਿਲ ਕੇ, ਹੱਕ-ਸੱਚ ਦੀ ਕਿਤਾਬ ਅਜੇ

ਬਾਣੀ ਦੇ ਬੰਦਿਆਂ ਨੇ, ਹੋਣੈ ਸੁਰਜੀਤ ਅਜੇ
ਖ਼ੰਜਰ 'ਤੇ ਫ਼ਤਹਿ ਪਾਉਂਦੀ, ਦਿਸਣੀ ਏਂ ਰਬਾਬ ਅਜੇ

●●

## ਪਿੰਡ ਮੇਰੇ ਦੇ ਪਿੰਡੇ ’ਤੇ

‘ਉਸ ਨੇ ਕਾਤਿਲ ਛਮਕਾਂ ਲਾਈਆਂ, ਪਿੰਡ ਮੇਰੇ ਦੇ ਪਿੰਡੇ ’ਤੇ’
ਖ਼ੂਨੀ ਲਾਸਾਂ ਦੇਣ ਗਵਾਹੀਆਂ, ਪਿੰਡ ਮੇਰੇ ਦੇ ਪਿੰਡੇ ’ਤੇ

ਧੂੜਾਂ ਵਿੱਚ ਤਪੀਆਂ ਮੁਰਗਾਈਆਂ, ਪਿੰਡ ਮੇਰੇ ਦੇ ਪਿੰਡੇ ’ਤੇ
ਰੀਂਘਦੀਆਂ ਨਦੀਆਂ ਤਿਰਹਾਈਆਂ, ਪਿੰਡ ਮੇਰੇ ਦੇ ਪਿੰਡੇ ’ਤੇ

ਨਰਦਾਂ ਪਾਸ਼ੇ ਦੀਆਂ ਵਿਛਾਈਆਂ, ਪਿੰਡ ਮੇਰੇ ਦੇ ਪਿੰਡੇ ’ਤੇ
ਲਵੇ ਹਸਤਨਾਪੁਰ ਅੰਗੜਾਈਆਂ, ਪਿੰਡ ਮੇਰੇ ਦੇ ਪਿੰਡੇ ’ਤੇ

ਇਸ ਵਾਰੀ ਨਾਦਰ-ਅਬਦਾਲੀ, ਦਿੱਲੀਓਂ ਪਿੰਡ ਦੀ ਜੂਹ ਆਏ
ਪੱਕੀਆਂ ਚਾਹੁਣ ਛਾਉਣੀਆਂ ਪਾਈਆਂ, ਪਿੰਡ ਮੇਰੇ ਦੇ ਪਿੰਡੇ ’ਤੇ

ਧਾੜਾਂ ਬੰਨ੍ਹ-ਬੰਨ੍ਹ ਆਉਣ ਵਪਾਰੀ, ਜੀਭਾਂ ਅਤੇ ਜ਼ਮੀਨਾਂ ਦੇ
ਜੀਭਾਂ ਦਰ ਜੀਭਾਂ ਚਿਪਕਾਈਆਂ, ਪਿੰਡ ਮੇਰੇ ਦੇ ਪਿੰਡੇ ’ਤੇ

ਹਰ ਦਿਨ ਭਰਵੀਂ ਫ਼ਸਲ ਵੱਢਣ ਲਈ, ਉਹ ਵੋਟਾਂ ਤੇ ਨੋਟਾਂ ਦੀ,
ਖ਼ੁਦਕੁਸ਼ੀਆਂ ਦੀਆਂ ਕਰਨ ਬਿਆਈਆਂ, ਪਿੰਡ ਮੇਰੇ ਦੇ ਪਿੰਡੇ ’ਤੇ

ਰਾਹਾਂ ਤੇ ਡੰਡੀਆਂ ਲਈ ਓਨ੍ਹਾਂ, ਸ਼ਾਹ-ਰਾਹਾਂ ਦੀ ਸ਼ਹਿ ਉੱਤੇ
ਟਕਿਆਂ ਨਾਲ਼ ਘਾਸੀਆਂ ਪਾਈਆਂ, ਪਿੰਡ ਮੇਰੇ ਦੇ ਪਿੰਡੇ 'ਤੇ

ਮਾਇਆ ਦੀਆਂ ਨਾਜਾਇਜ਼ ਉਲਾਦਾਂ, ਖ਼ੁਦ ਨੂੰ ਜਾਇਜ਼ ਠਹਿਰਾਉਣ ਲਈ,
ਪੁੱਠੀਆਂ-ਸਿੱਧੀਆਂ ਕਰਨ ਲਿਖਾਈਆਂ, ਪਿੰਡ ਮੇਰੇ ਦੇ ਪਿੰਡੇ 'ਤੇ

ਸਿਰ ਤੋਂ ਪੈਰਾਂ ਤਕ ਜਕੜਨ ਲਈ, ਲੂੰ-ਲੂੰ ਹਰ ਬਾਸ਼ਿੰਦੇ ਦਾ
ਤਾਰਾਂ ਦਰ ਤਾਰਾਂ ਵਿਛਵਾਈਆਂ, ਪਿੰਡ ਮੇਰੇ ਦੇ ਪਿੰਡੇ 'ਤੇ

ਨਾ ਅਰਜ਼ੋਈਆਂ ਸੁਣੀਆਂ ਗਈਆਂ, ਨਾ ਅਰਦਾਸਾਂ ਵਰ ਆਈਆਂ
ਪੱਛੀਆਂ ਪੈੜਾਂ ਦੇਣ ਦੁਹਾਈਆਂ, ਪਿੰਡ ਮੇਰੇ ਦੇ ਪਿੰਡੇ 'ਤੇ

●●

# ਪਰਦੇ ਪਾਉਣਾ ਨਈਂ ਪੁੱਗਦਾ

ਕੀਤੀਆਂ ਉੱਤੇ ਪਰਦੇ ਪਾਉਣਾ, ਨਈਂ ਪੁੱਗਦਾ
ਨਾ ਕਰੀਆਂ 'ਤੇ ਪੱਛੋਤਾਉਣਾ ਨਈਂ ਪੁੱਗਦਾ

ਅੰਦਰ ਵੜ ਕੇ ਫ਼ਤਹਿ ਗਜਾਉਣਾ ਨਈਂ ਪੁੱਗਦਾ
ਕੱਲ੍ਹਿਆਂ-ਕੱਲ੍ਹਿਆਂ ਫ਼ੌਜ ਕਹਾਉਣਾ ਨਈਂ ਪੁੱਗਦਾ

ਅੱਖਾਂ ਮੀਟ ਮਸ਼ਾਲ ਜਗਾਉਣਾ ਨਈਂ ਪੁੱਗਦਾ
ਕਾਫ਼ਲਿਆਂ ਨੂੰ ਭੀੜ ਬਣਾਉਣਾ ਨਈਂ ਪੁੱਗਦਾ

ਫ਼ਸਲਾਂ ਜਦੋਂ ਨਦੀਨਾਂ ਅੱਗੇ ਝੁਕ ਜਾਵਣ
ਫਿਰ ਖੇਤਾਂ ਦੇ ਪੁੱਤ ਕਹਾਉਣਾ ਨਈਂ ਪੁੱਗਦਾ

ਮੱਝ ਅੱਗੇ ਤਾਂ ਫਿਰ ਵੀ ਬੀਨ ਵਜਾ ਸਕੀਏ
ਬਘਿਆੜਾਂ ਲਈ ਢੱਡ ਵਜਾਉਣਾ ਨਈਂ ਪੁੱਗਦਾ

ਸ਼ਾਹਾਂ ਦੇ ਵੱਗਾਂ ਲਈ ਆਪਣੇ ਚੁੱਲ੍ਹਿਆਂ ਵਿੱਚ,
ਹਰ ਰੁੱਤੇ ਹੀ ਘਾਹ ਉਗਾਉਣਾ ਨਈਂ ਪੁੱਗਦਾ

ਬੋਹੜ ਬੇਗ਼ਾਨਾ ਹੋਵੇ, ਲੱਜ ਵੀ ਬੇਗ਼ਾਨੀ
ਜੋਸ਼ 'ਚ ਆ ਕੇ ਪੀਂਘ ਚੜ੍ਹਾਉਣਾ ਨਈਂ ਪੁੱਗਦਾ

ਸੂਲ਼ੀ ਨਾਲ਼ ਤਾਂ ਸਿਰ ਦਾ ਸੌਦਾ ਸੱਜਦਾ ਏ
ਸੀਸ ਦੇ ਬਦਲੇ ਪੱਗ ਵਟਾਉਣਾ ਨਈਂ ਪੁੱਗਦਾ

ਜੇ ਖੇਤਾਂ ਦੀ ਮਿੱਟੀ ਝੁਲ਼ਸ ਰਹੀ ਹੋਵੇ
ਸੂਰਜ ਤਾਈਂ ਅਰਗ ਚੜ੍ਹਾਉਣਾ ਨਈਂ ਪੁੱਗਦਾ

ਮੋਢਿਆਂ 'ਤੇ ਜੋ ਸਿਰ ਹੀ ਨਾ ਸੁਰਜੀਤ ਰਹੇ
ਉਹਦੇ ਲਈ ਦਸਤਾਰ ਸਜਾਉਣਾ ਨਈਂ ਪੁੱਗਦਾ

●●

# ਲੋਕ-ਵਹੀਰਾਂ ਤੁਰ ਪਈਆਂ

ਡੰਡੀਓ–ਡੰਡੀਏ, ਡਾਂਡੇ–ਮੀਂਡੇ, ਸਾਝਾਂ–ਸੀਰਾਂ ਤੁਰ ਪਈਆਂ
ਰਾਹੋ–ਰਾਹੀ, ਸੜਕੋ–ਸੜਕੀਂ, ਲੋਕ–ਵਹੀਰਾਂ ਤੁਰ ਪਈਆਂ

ਜ਼ੁਲਮ–ਜਬਰ ਦਾ ਜ਼ਹਿਰ ਪਿਆਲ਼ਾ, ਚੁੱਕ ਕੇ ਮੀਰਾਂ ਤੁਰ ਪਈਆਂ
'ਕਬਹੂ ਨਾ ਛਾਡੈ ਖੇਤ' ਕਹਿੰਦੀਆਂ, ਵਾਂਗ ਕਬੀਰਾਂ ਤੁਰ ਪਈਆਂ

ਹੱਥਾਂ ਦੇ ਵਿੱਚ ਹੱਥ–ਕੜੀਆਂ ਜੇ ਲੱਗੀਆਂ ਤਾਂ ਛਣਕਾਲਾਂਗੇ,
ਬਸ ਏਸੇ ਦਮ ਦੇ ਦਮ–ਖ਼ਮ 'ਤੇ, ਤੋੜ ਜ਼ੰਜੀਰਾਂ ਤੁਰ ਪਈਆਂ

ਅਣਗੌਲ਼ੇ ਜਹੇ ਤੀਲੇ ਤਣ ਕੇ, ਡਾਂਗਾਂ ਬਣੇਂ, ਫੌਲਾਦ ਬਣੇਂ
ਵਿੰਹਦਿਆਂ–ਵਿੰਹਦਿਆਂ ਪਰਚਮ ਬਣ, ਛੁਟਿਆਈਆਂ ਲੀਰਾਂ ਤੁਰ ਪਈਆਂ

ਹੱਕ ਦਾ ਹੋਕਾ, ਸੱਚ ਦਾ ਸਿਨ੍ਹਿਆਂ, ਦੇਣਾ ਕੂੜ–ਕਚਹਿਰੀ ਨੂੰ,
ਸੁੱਖ ਦੀ ਛਾਵੇਂ ਰਹਿਣ ਜ਼ਮੀਨਾਂ, ਆਖ ਜ਼ਮੀਰਾਂ ਤੁਰ ਪਈਆਂ

ਐਸਾ 'ਪ੍ਰੇਮ ਖੇਲਨ ਕਾ ਚਾਓ', ਸਭ ਹੱਦ–ਬੰਦੀਆਂ ਤੋੜਦਿਆਂ
ਵਿਹੜੇ, ਗਲ਼ੀਆਂ, ਸੱਥਾਂ, ਫਿਰਨੀ, ਲਾਲ–ਲਕੀਰਾਂ ਤੁਰ ਪਈਆਂ

ਵਰ੍ਹਿਆਂ ਤੋਂ ਅਣਗੌਲੀਆਂ ਗਈਆਂ, ਜੂਹਾਂ ਪੀੜੇ ਪਿੰਡ ਦੀਆਂ
ਅਣਹੋਣੀ ਨੂੰ ਹੋਣੀ ਕਰਨਾ, ਬੰਨ੍ਹ ਕੇ ਧੀਰਾਂ ਤੁਰ ਪਈਆਂ

ਸੁੱਤੇ ਸਿਰਾਂ ਨੇ ਆਲ਼ਸ ਛੰਡੀ, ਝੱਟ ਮੁਕੱਦਰ ਜਾਗ ਪਿਆ
ਤਦਬੀਰਾਂ ਨੇ ਰਾਹੇ ਪਾਇਆ, ਉੱਠ ਤਕਦੀਰਾਂ ਤੁਰ ਪਈਆਂ

ਮਾਂ-ਮਿੱਟੀ ਦੇ ਮੋਹ-ਭਿੱਜੇ, ਸੁਰਜੀਤ ਸੁਨੇਹੇ ਹੋਣੇ ਨੇ
ਆਡੋ-ਆਡੀ, ਪੈਲੀਓ-ਪੈਲੀ, ਹੁਣ ਤਕਰੀਰਾਂ ਤੁਰ ਪਈਆਂ

●●

# ਬੇ-ਨੂਰ ਨਹੀਂ ਤੱਕਣਾ

ਖੇਤਾਂ ਦੀ ਖ਼ਿਲਾਫ਼ਤ ਨੂੰ, ਰੁੱਖਾਂ ਦੇ ਜੇਰੇ ਨੂੰ
ਹੁਣ ਸੰਨ੍ਹ ਨਈਂ ਲੱਗ ਸਕਣੀ, ਸੱਥਾਂ ਦੇ ਸਵੇਰੇ ਨੂੰ

ਬੇ–ਨੂਰ ਨਹੀਂ ਤੱਕਣਾ, ਨੀਹਾਂ ਨੇ ਬਨੇਰੇ ਨੂੰ
ਜੂਝਣਗੇ ਚਿਰਾਗ਼ ਅਜੇ, ਕਹਿ ਦੇਣਾ ਹਨੇਰੇ ਨੂੰ

ਵੱਟਾਂ ਨੇ ਵਿੰਨ੍ਹਣਾ ਏਂ, ਕਿਲ੍ਹਿਆਂ ਦੇ ਘੇਰੇ ਨੂੰ
ਹੱਥ ਪਾਉਣਾ ਨਿਆਈਆਂ ਨੇ, ਹੁਣ ਤਖ਼ਤ ਉਚੇਰੇ ਨੂੰ

ਰਾਹਾਂ ਨੂੰ ਰਾਹ ਪਾਉਣਾ, ਹੁਣ ਕਿਰਤੀ ਮੋਰਚਿਆਂ
ਬੁੱਕਲ਼ ਵਿੱਚ ਲੈਣਾ ਏਂ, ਹਰ ਰੈਣ–ਬਸੇਰੇ ਨੂੰ

ਸਦੀਆਂ ਦਾ ਸਿਤਮ ਸੀ ਜੋ, ਸਾਲਾਂ ਵਿੱਚ ਢਾਹ ਕੇ ਉਹ,
ਕਿੰਨਾ ਤੂੰ ਘਟਾ ਦਿੱਤੈ, ਸਾਡੇ ਪੰਧ ਲੰਮੇਰੇ ਨੂੰ

ਸੱਪ ਜਿਸ ਦੀ ਸ਼ਹਿ ਉੱਤੇ, ਨਿੱਤ ਜ਼ਹਿਰ ਉਗਲਦੇ ਨੇ
ਖੇਡਣ ਨਈਂ ਦਾਅ ਦੇਣਾ, ਹੁਣ ਓਸ ਸਪੇਰੇ ਨੂੰ

ਲਾਉਣੀ ਹੀ ਬਣਦੀ ਸੀ, ਕੋਈ ਤਾਂ ਦਵਾ ਉਸ 'ਤੇ
ਤੂੰ ਅੱਲਾ ਕੀਤਾ ਏ ਜਿਸ ਜ਼ਖ਼ਮ ਡੂੰਘੇਰੇ ਨੂੰ

ਤੈਨੂੰ ਦਿਸਦੈ ਉਹ ਹਾਲ਼ੀ ਕੰਡਿਆਂ ਦੇ ਕਬੀਲੇ 'ਚੋਂ
ਮਹਿਕਣ ਲਾ ਦਿੱਤਾ ਏ, ਜਿਸ ਚਾਰ-ਚੁਫ਼ੇਰੇ ਨੂੰ

ਚੱਲ ਪਾਸੇ ਹੋ ਪੱਥਰਾ, ਦੇ ਰਾਹ ਦਰਿਆਵਾਂ ਨੂੰ
ਤੂੰ ਰੋਕ ਨਹੀਂ ਸਕਣਾ, ਇਸ ਵੇਗ ਤਿਖੇਰੇ ਨੂੰ

ਤੇਰੇ ਹਠ ਦੇ ਪਹਾੜਾਂ ਦੇ, ਸੀਨੇ ਵਿੱਚ ਸੁਲਗਣ ਨੂੰ,
ਰੱਖਣੈ ਸੁਰਜੀਤ ਅਸੀਂ, ਸਾਡੇ ਜੋਗੀ ਫੇਰੇ ਨੂੰ

●●

# ਮੈਂ ਆਪਣਾ ਦਰਦ ਕਹਿੰਦਾ ਹਾਂ

ਮੈਂ ਸੁਪਨੇ ਜਦ ਵੀ ਲੈਂਦਾ ਹਾਂ, ਤੁਸੀਂ ਝੱਟ ਤਿਲਮਿਲਾਉਂਦੇ ਹੋ
ਮੈਂ ਆਪਣਾ ਦਰਦ ਕਹਿੰਦਾ ਹਾਂ, ਤੁਸੀਂ ਇਲਜ਼ਾਮ ਲਾਉਂਦੇ ਹੋ

ਕਿਤੇ ਹੱਕ ਮੰਗ ਬਹਿੰਦਾ ਹਾਂ, ਮੁਜਰਿਮਾਂ ਵਿੱਚ ਬਹਾਉਂਦੇ ਹੋ
ਅਗ਼ਰ ਖ਼ਾਮੋਸ਼ ਰਹਿੰਦਾ ਹਾਂ, ਸਿਤਮ ਢਾਹ ਕੇ ਬੁਲਾਉਂਦੇ ਹੋ

ਕੋਈ ਜ਼ਾਮਨ ਨਹੀਂ ਹੁੰਦਾ ਮੇਰਾ ਉਸ ਵਕਤ, ਜਿਸ ਵੇਲ਼ੇ
ਮੈਂ ਅੱਖਰਾਂ ਤੋਂ ਤ੍ਰਹਿੰਦਾ ਹਾਂ, ਤੁਸੀਂ ਵਹੀਆਂ ਵਿਖਾਉਂਦੇ ਹੋ

ਤੁਹਾਡੇ ਦੌਰ ਦੀ ਰਫ਼ਤਾਰ ਦੀ ਹੈ ਇੰਤਹਾ ਏਹੋ
ਮੈਂ ਝੁੱਗੀ ਵਾਂਗ ਢਹਿੰਦਾ ਹਾਂ, ਤੁਸੀਂ ਕੋਠੇ ਸਜਾਉਂਦੇ ਹੋ

ਕੁਰਾਹੇ ਮੈਂ ਪਵਾਂ ਤਾਂ ਮੀਲ-ਪੱਥਰ ਝੱਟ ਤੁਸੀਂ ਬਣਦੇ
ਜਦੋਂ ਰਾਹੇ ਮੈਂ ਪੈਂਦਾ ਹਾਂ, ਤੁਸੀਂ ਕਿੱਲਾਂ ਉਗਾਉਂਦੇ ਹੋ

ਮਹਾਭਾਰਤ ਕੋਈ ਹੋਵੇ ਜਾਂ ਹੋਵੇ ਕਾਰਗਿਲ ਕੋਈ
ਮੈਂ ਫੱਟ ਜੰਗਾਂ ਦੇ ਸਹਿੰਦਾ ਹਾਂ, ਤੁਸੀਂ ਜੇਤੂ ਕਹਾਉਂਦੇ ਹੋ

ਜਦੋਂ ਖੇਤਾਂ ਨੂੰ ਗਸ਼ ਪੈਂਦੀ ਤੇ ਸਾਹ ਫ਼ਸਲਾਂ ਦੇ ਸੁੱਕਦੇ ਨੇ
ਮੈਂ ਹੋਣੀ ਨਾਲ਼ ਖਹਿੰਦਾ ਹਾਂ, ਤੁਸੀਂ ਮਜਮੇ ਲਗਾਉਂਦੇ ਹੋ

ਲਵੋਂਗੇ ਸਿਰ ਸਲੀਕੇ ਨਾਲ਼, ਸਾਹ ਸੂਤੋਗੇ ਸਦਕੇ ਜਾ,
ਮੈਂ ਝੱਟ-ਪੱਟ ਜਾਣ ਲੈਂਦਾ ਹਾਂ, ਜਦੋਂ ਗਲ਼ ਨਾਲ਼ ਲਾਉਂਦੇ ਹੋ

ਹਕੀਕਤ ਦੀ ਹਜ਼ੂਰੀ ਵਿੱਚ ਕਦੇ ਸੁਰਜੀਤ ਨਈਂ ਹੁੰਦਾ
ਮੈਂ ਖਪਿਆ ਖ਼ਾਬ ਰਹਿੰਦਾ ਹਾਂ, ਤੁਸੀਂ ਨੀਂਦਾਂ ਹੰਢਾਉਂਦੇ ਹੋ

●●

# ਵਿਦਰੋਹੀ ਲਾਸ਼ਾਂ

ਅੰਧ-ਭਗਤੀ ਦਾ ਕਰਨ ਨਾ ਆਦਰ, ਇਹ ਨਾਬਰ, ਨਿਰਮੋਹੀ ਲਾਸ਼ਾਂ
ਨਾ ਕੱਫ਼ਣ ਨਾ ਚਿਖ਼ਾ ਵਾਸਤੇ, ਕਰਦੀਆਂ ਨੇ ਅਰਜੋਈ ਲਾਸ਼ਾਂ

ਮਾਂ ਗੰਗਾ! ਕਰ ਸ਼ਾਂਤ ਇਨ੍ਹਾਂ ਨੂੰ, ਇਹ ਨੇ ਸਭ ਵਿਦਰੋਹੀ ਲਾਸ਼ਾਂ
'ਮਨ ਕੀ ਬਾਤ' ਸੁਣੇਂ ਬਿਨ ਗਈਆਂ, ਦੋਖੀ, ਦੇਸ਼-ਧ੍ਰੋਹੀ ਲਾਸ਼ਾਂ

ਇਕ ਅੱਤ-ਵੱਡਾ ਬਹਿਸ ਅਖਾੜਾ ਤੇ ਇਕ ਸ਼ੀਸ਼-ਮਹਲ ਰਾਜਨ ਦਾ,
ਉਸਰਦਾ ਵੇਖਣ ਦੀ ਥਾਂ 'ਤੇ ਜਾਣ ਅੰਨ੍ਹੀਆਂ ਹੋਈ ਲਾਸ਼ਾਂ

ਸਤਯੁੱਗ ਤੋਂ ਲੈ ਕਲਯੁੱਗ ਤੀਕਰ, ਹਰ ਯੁੱਗ ਵਿੱਚ ਇਹ ਰੁੜ੍ਹਦੀਆਂ ਆਈਆਂ
ਬੇਵੱਸ, ਬੇ-ਦਮ, ਬੇਦਿਲ ਗੰਗਾ, ਹਰ ਯੁੱਗ ਵਿੱਚ ਗਈ ਢੋਈ ਲਾਸ਼ਾਂ

ਇਹ ਤਾਂ ਮੇਰੇ ਚੱਕਰਵਰਤੀ, ਘੋੜੇ ਦੀਆਂ ਗਵਾਹੀਆਂ ਨੇ ਸਭ,
ਲੋਕ ਕਹਿਣ ਮੇਰੇ ਰਾਮ-ਰਾਜ ਦੀ, ਕਰਦੀਆਂ ਨੇ ਬਦਖੋਈ ਲਾਸ਼ਾਂ

ਇਸ ਨਗਰੀ ਦੇ ਕੁੱਲ ਬਾਸ਼ਿੰਦੇ, ਸੁਣਨ-ਸੁਣਾਉਣ ਤੇ ਝੂਮੀ ਜਾਵਣ
ਅਦਲ ਮੇਰੇ ਦੀ ਰੋਜ਼ ਨਵੀਂ ਇਕ, ਕਹਿਣ ਕਥਾ ਅਣਛੋਹੀ ਲਾਸ਼ਾਂ

ਸਭ ਦੇ ਮਨ-ਪ੍ਰਚਾਵੇ ਲਈ ਮੈਂ, ਜੁਮਲੇ ਘੜ-ਘੜ ਥੱਕ ਗਿਆ ਹਾਂ
ਫਿਰ ਵੀ ਸ਼ਹਿ ਸ਼ਰੀਕਾਂ ਦੀ 'ਤੇ, ਜਾਂਦੀਆਂ ਨੇ ਕੁਝ ਰੋਈ ਲਾਸ਼ਾਂ

ਜ਼ੁਲਮ-ਜਬਰ ਦੀਆਂ ਜੂਹਾਂ ਦੇ ਵਿੱਚ, ਸਿਰ ਬੀਜਣ, ਕੁਝ ਸੀਸ ਨੇ ਆਏ,
ਤਖ਼ਤ ਦੇ ਪਾਵੇ ਸਮਝ ਰਹੇ ਨੇ, ਇਹ ਵੀ ਹੋਣੀਆਂ ਕੋਈ ਲਾਸ਼ਾਂ

ਬਣ ਅੰਗਿਆਰੇ ਹੰਝੂਆਂ ਦੇ ਸੁਰਜੀਤ ਹੋਣ ਦੀ ਕਨਸੋ ਹੈ ਇਹ
ਇਕ-ਇਕ ਕਰਕੇ ਸਭ ਚਿਣਗਾਂ ਦੇ, ਜਾਂਦੀਆਂ ਹਾਰ ਪ੍ਰੋਈ ਲਾਸ਼ਾਂ

●●

# ਤੇਰੀ ਚੌਂਕੀਦਾਰੀ ਤੋਬਾ

ਖੇਤਾਂ ਦੇ ਲਈ ਵਾੜ ਬਣਨ ਦੀ ਤੇਰੀ ਦਾਅਵੇਦਾਰੀ, ਤੋਬਾ
ਸੰਨ੍ਹਮਾਰੀ ਵਿੱਚ ਕਿੱਦਾਂ ਬਦਲੀ, ਤੇਰੀ ਚੌਂਕੀਦਾਰੀ, ਤੋਬਾ

ਹਰ ਚਿਹਰਾ ਧੁੰਧਲਾ ਕੇ ਵੇਖੇਂ, ਤੇਰੀ ਬੇ-ਇਤਬਾਰੀ, ਤੋਬਾ
ਸ਼ੀਸ਼ਾ ਬਣਦਾ ਬਣਦਾ ਬਣਿਓਂ, ਤੂੰ ਪੱਥਰ ਹੰਕਾਰੀ, ਤੋਬਾ

ਆਪੋ-ਆਪਣੀ ਥਾਂ 'ਤੇ ਖ਼ੁਦ ਨੂੰ, ਜੇਤੂ ਸਮਝਣ ਵਾਂਗ ਸਿਕੰਦਰ,
ਤੇਰੀ ਘੇਸਲ਼ ਤੋਬਾ-ਤੋਬਾ, ਸਾਡੀ ਗਿਲ੍ਹੇ-ਗੁਜ਼ਾਰੀ, ਤੋਬਾ

ਬੰਦੇ ਤਾਂ ਕੀ ਬੂੰਦ-ਬੂੰਦ ਨੂੰ, ਤਰਸ ਰਹੇ ਦਰਿਆ ਵੀ ਏਥੇ,
ਸਭ ਝੀਲਾਂ 'ਤੇ ਕੁੰਡਲੀ ਮਾਰੀ, ਬੈਠਾ ਵਲੀ ਕੰਧਾਰੀ, ਤੋਬਾ

ਰੰਗ-ਨਗਰੀ ਦੇ ਕੁੱਲ ਜਮੂਰੇ, ਜੈ ਹੋ, ਜੈ ਹੋ, ਕੂਕ ਰਹੇ ਨੇ
ਰਾਜ-ਭਵਨ ਦੇ ਰੰਗ-ਮੰਚ 'ਤੇ, ਛਾਇਆ ਮੂੜ੍ਹ-ਮਦਾਰੀ, ਤੋਬਾ

ਯਾ ਰੱਬ, ਖ਼ੈਰ ਕਰੀਂ, ਇਹ ਭੀੜਾਂ, ਉਸ ਨੂੰ ਰਹਿਬਰ ਸਮਝਣ ਪਈਆਂ,
ਬੋਲ ਵੀ ਨੇ ਹਤਿਆਰੇ ਜਿਸਦੇ, ਚੁੱਪ ਵੀ ਹੈ ਹਤਿਆਰੀ, ਤੋਬਾ

ਜਿਹੜਾ ਦੇਸ਼ ਤੂੰ ਵਿਕਣਾ ਲਾਇਆ, ਉਹਦੀ ਅਜ਼ਮਤ ਦੇ ਦਾਅਵੇ 'ਤੇ
ਸਾਡੀ ਵਤਨ-ਪ੍ਰਸਤੀ ਪਰਖੇਂ, ਤੇਰੀ ਸਿਪਾਹ-ਸਲਾਰੀ, ਤੌਬਾ

ਸ਼ੀਸ਼ੇ ਮੂਹਰੇ ਪੱਥਰ ਧਰ ਕੇ, ਖ਼ੁਦ ਨੂੰ ਤੱਕੀਏ ਨੇਰ੍ਹਾ ਕਰਕੇ
ਬੁੱਲ੍ਹ ਨਾ ਹਿੱਲਣ, ਅੱਖ ਨਾ ਫ਼ਰਕੇ, ਤੇਰੀ ਤਾਬੇਦਾਰੀ, ਤੌਬਾ

ਜੰਗਲ ਦੇ ਹਰ ਚਿੱਤਰ 'ਚੋਂ ਵੀ, ਚੁਣ-ਚੁਣ ਕੇ ਰੁੱਖ ਵੱਢਦੀ ਰਹਿੰਦੀ
ਤੇਰੇ ਤਾਜ ਦੀ ਆਭਾ ਵਾਲ਼ੇ, ਮੱਥੇ ਵਿਚਲੀ ਆਰੀ, ਤੌਬਾ

••

# ਤਖ਼ਤ ਸੰਗ ਭਿੜਨ ਆਏ ਹਾਂ

ਅਸੀਂ ਖੇਤਾਂ ਦੇ ਜਾਏ ਹਾਂ
ਤਖ਼ਤ ਸੰਗ ਭਿੜਨ ਆਏ ਹਾਂ

ਹਮੇਸ਼ਾਂ ਤੋਂ ਸਤਾਏ ਹਾਂ
ਰੁਆਏ ਹਾਂ, ਖਪਾਏ ਹਾਂ

ਖ਼ੁਦਾ ਦੇ ਚੇਤਿਓਂ ਵਿਸਰੇ
ਮਸੀਹੇ ਲਈ ਪਰਾਏ ਹਾਂ

ਸੱਤ੍ਹਾ ਦੀ ਸਾਣ 'ਤੇ ਲੱਗੇ
ਹਕੂਮਤ ਦੇ ਤਪਾਏ ਹਾਂ

ਉਨ੍ਹਾਂ ਨੇ ਇਹ ਵੀ ਨਈਂ ਜਰਿਆ
ਜ਼ਰਾ ਕੁ ਟਿਮਟਿਮਾਏ ਹਾਂ

ਜੋ ਹਰ ਤੂਫ਼ਾਨ ਵਿੱਚ ਤਗਿਆ
ਅਸੀਂ ਉਸ ਰੁੱਖ ਦੇ ਸਾਏ ਹਾਂ

ਅਸੀਂ ਲਹਿਰਾਂ 'ਤੇ ਨੱਚਣਾ ਸੀ
ਕਿਨਾਰੇ ਨੇ ਥਕਾਏ ਹਾਂ

ਟਿਕਾ ਕੇ ਸੀਸ ਤਲ਼ੀਆਂ 'ਤੇ
ਧੜਾਂ ਦੀ ਜੂਹ 'ਚ ਆਏ ਹਾਂ

ਤਲਬ ਸੁਰਜੀਤ ਰਵ੍ਹੇ, ਨੈਣੀਂ
ਸਮੁੰਦਰ ਭਰ ਲਿਆਏ ਹਾਂ
●●

# ਹਾਕਮ ਦੀ ਅੱਤ ਨੇ

ਹਾਕਮ ਦੀ ਅੱਤ ਨੇ ਕਰਾ ਕੇ ਹੀ ਛੱਡਿਆ
ਸਿਤਮਾਂ ਦੇ ਸਾਗਰ ਤਰਨ ਦਾ ਤਹੱਈਆ
ਬੱਚਿਆਂ, ਬਜ਼ੁਰਗਾਂ, ਜਵਾਨਾਂ ਨੇ ਕੀਤਾ
ਲਹਿਰਾਂ ਨੂੰ ਧੌਣੋਂ ਫੜ੍ਹਨ ਦਾ ਤਹੱਈਆ

ਬਾਬਲ ਕਿਸੇ ਦਾ, ਭਰਾ, ਪੁੱਤ ਕਿਸੇ ਦਾ
ਪੀਂਘਾਂ ਦੀ ਥਾਂ ’ਤੇ ਜੇ ਰੁੱਖਾਂ ’ਤੇ ਲਟਕੇ
ਬਦਲਦਾ-ਬਦਲਦਾ, ਦਹਾੜਾਂ ’ਚ ਬਦਲੇ
ਮਮਤਾ ਦਾ ਹੌਕਾ ਭਰਨ ਦਾ ਤਹੱਈਆ

ਖੇਤਾਂ ਦੇ ਰਾਖੇ ਨੇ ਕੁਝ ਤਾਂ ਸੀ ਕਰਨਾ
ਜਦੋਂ ਚੋਣ ਸਾਹਵੇਂ ਸੀ, ਜੀਣਾ ਜਾਂ ਮਰਨਾ
ਡੱਕਣੇ ਹੀ ਪੈਣੇ ਸੀ ਵੱਗ, ਕਰਕੇ ਆਏ
ਫ਼ਸਲਾਂ ਦੀ ਅਜ਼ਮਤ ਚਰਨ ਦਾ ਤਹੱਈਆ

ਆਹਾਂ ਨੇ ਜਦ-ਜਦ ਵੀ ਸੁਲਗਾਏ ਪਾਣੀ
ਜਦੋਂ ਪੈਰਾਂ ਹੇਠੋਂ ਧਰਤ ਖਿਸਕ ਜਾਣੀ
ਤਿੜਕਦੇ ਨੇ ਸਭ ਦੇ ਹੀ, ਤੇਰਾ ਵੀ ਤਿੜਕੂ
ਇਹ ਅਰਸ਼ਾਂ ’ਚ ਗੁੱਡੀ ਚੜ੍ਹਨ ਦਾ ਤਹੱਈਆ

ਨਾ ਲੋਚਣ, ਨਾ ਸੋਚਣ, ਨਾ ਦਗਿਆਂ ਨੂੰ ਕੋਸਣ
ਜੋ ਰਹਿਬਰ ਦੀ ਹਰ ਸ਼ਹਿ 'ਤੇ, ਖ਼ੁਦ ਨੂੰ ਪਰੋਸਣ
ਉਹ ਚਾਹੁੰਦੇ ਨੇ ਸਾਥੋਂ ਕਿ ਕਰੀਏ ਅਸੀਂ ਵੀ
ਐਸੇ ਪਿਆਦੇ ਘੜਨ ਦਾ ਤਹੱਈਆ

ਵੇਖਣਗੇ ਸ਼ਿਕਰੇ ਤੇ ਵੇਖੂ ਸ਼ਿਕਾਰੀ
ਜ਼ਖ਼ਮੀ ਪਰਿੰਦਿਆਂ ਦੇ ਰੋਹ ਦੀ ਉਡਾਰੀ
ਬੋਟਾਂ ਦੇ ਟੁੱਕ ਲਈ ਤੇ ਖੰਭਾਂ ਦੀ ਸੁੱਖ ਲਈ
ਇਹ ਉੱਠੇ ਨੇ ਕਰਕੇ ਲੜਨ ਦਾ ਤਹੱਈਆ

ਤੇਰੇ ਰਾਮ-ਰਾਜਾਂ ਦਾ ਰੋਲਾ-ਘਚੋਲਾ
ਜਿਸ ਨੇ ਵੀ ਸੁਣਿਆਂ, ਰਿਹਾ ਅੰਨ੍ਹਾ-ਬੋਲਾ
ਸਾਡਾ ਅਹਿਦ ਹੈ ਕਿ ਸੁਰਜੀਤ ਕਰਨੈ
ਹੱਕਾਂ ਦੀ ਪੋਥੀ ਪੜ੍ਹਨ ਦਾ ਤਹੱਈਆ

●●

# ਤੇਰਾ ਹਰ ਫ਼ੈਸਲਾ ਵਿਕਿਆ

ਤੇਰਾ ਹਰ ਹੁਕਮ ਵਿਕਿਆ ਹੈ, ਤੇਰਾ ਹਰ ਫ਼ੈਸਲਾ ਵਿਕਿਆ
ਤੂੰ ਮਨ ਦੀ ਬਾਤ ਕੀ ਕਰਨੀ, ਤੇਰਾ ਧੁਰ ਤੋਂ ਗਲ਼ਾ ਵਿਕਿਆ

ਜੋ ਵਿਕੀਆਂ ਨੇ ਉਹ ਭੀੜਾਂ ਸੀ, ਕਦੇ ਨਈਂ ਕਾਫ਼ਲਾ ਵਿਕਿਆ
ਨਾ ਸਾਡਾ ਸਿਦਕ ਵਿਕਿਆ ਹੈ, ਨਾ ਸਾਡਾ ਹੌਸਲਾ ਵਿਕਿਆ

ਉਦ੍ਹੇ ਤਾਂ ਵਾਲ਼-ਦਾੜ੍ਹੀ ਵੀ ਨਿਰੀ ਇਸ਼ਤਿਹਾਰਬਾਜ਼ੀ ਨੇ
ਸਿਰਾਂ ਦੀ ਸ਼ਾਨ ਕੀ ਸਮਝੇ, ਸ਼ਖ਼ਸ ਜੋ ਸਾਬਤਾ ਵਿਕਿਆ

ਕਿਤੇ ਬੋਲੀ ’ਤੇ ਲਾ ਕੇ ਬੇਵਸੀ ਦੋ-ਚਾਰ ਖੇਤਾਂ ਦੀ
ਢੰਡੋਰਾ ਪਿੱਟਦੇ ਨੇ ਉਹ ਕਿ ਹਰ ਪਿੰਡ ਦਾ ਸੂਭਾ ਵਿਕਿਆ

ਮੇਰੀ ਪੱਕੀ ਰਿਹਾਇਸ਼ ਤਾਂ ਸੁਲਗਦੇ ਲੋਕ-ਰੋਹ ਵਿੱਚ ਹੈ
ਜੋ ਵਿਕਿਆ ਏ ਉਹ ਮੇਰੇ ਆਰਜ਼ੀ ਘਰ ਦਾ ਪਤਾ ਵਿਕਿਆ

ਅਸੀਂ ਹਾਂ ਖ਼ਾਕ ਬੇ-ਮੁੱਲੀ, ਅਮੁੱਲੀ ਹੋਂਦ ਹੈ ਸਾਡੀ
ਤੂੰ ਸੋਨੇ ਦਾ ਹਿਰਨ ਹੈਂ ਜੋ ਸਦਾ ਸੋਨੇ ਦੇ ਭਾਅ ਵਿਕਿਆ

ਸੁਲਗਣੇ ਖੇਤ ਸਨ, ਹਰ ਪਿੰਡ ਦੇ ਪਿੰਡੇ ਨੇ ਤਪਣਾ ਸੀ
ਜਦੋਂ ਕਣਕਾਂ ਤੋਂ ਮਹਿੰਗਾ ਤੇਰਿਆਂ ਮਹਿਲਾਂ ਦਾ ਘਾਹ ਵਿਕਿਆ

ਵਿਕੇ ਜਦ ਵੀ, ਵਿਕੇ ਗੋਲ਼ੀ, ਨਾ ਸਾਡੀ ਹਿੱਕ ਵਿਕੇ, ਨਾ ਹੀ
ਸਿਰਾਂ ਤੋਂ ਸੂਲ਼ੀਆਂ ਤਕ ਦਾ, ਕਦੇ ਹੈ ਫ਼ਾਸਲਾ ਵਿਕਿਆ

ਤਪੇ ਹੋਏ ਪਿੰਡ ਨੇ ਤੱਕਿਆ, ਸਤੇ ਹੋਏ ਤੱਕਦੇ ਰਸਤੇ
ਕਿਸੇ ਦੀ ਵਿਕ ਗਈ ਹਿਜਰਤ ਕਿਸੇ ਦਾ ਆਸਰਾ ਵਿਕਿਆ

●●

# ਅਜੇ ਸਭ ਖ਼ਾਬ ਨਈਂ ਮੋਏ

ਦਿਲਾਂ ਵਿਚ ਜੋਸ਼ ਹੈ ਹਾਲ਼ੇ, ਅਜੇ ਫ਼ਸਲਾਂ ’ਤੇ ਜੋਬਨ ਹੈ
ਅਜੇ ਸਭ ਖ਼ਾਬ ਨਈਂ ਮੋਏ, ਅਜੇ ਹਿੰਮਤਾਂ ’ਤੇ ਜੋਬਨ ਹੈ

ਮਚਲਦੇ ਵਲਵਲੇ ਹਾਲੇ, ਅਜੇ ਸੱਧਰਾਂ ’ਤੇ ਜੋਬਨ ਹੈ
ਇਨ੍ਹਾਂ ਦੇ ਗੀਤ ਦੱਸਦੇ ਨੇ, ਇਨ੍ਹਾਂ ਨਸਲਾਂ ’ਤੇ ਜੋਬਨ ਹੈ

ਚਿਰਾਗ਼ਾਂ ਵਿਚ ਹੈ ਲੋਅ ਹਾਲੇ, ਨਿਗਾਹਾਂ ਨੀਂਝ ਨਈਂ ਛੱਡੀ
ਥਕੇਵਾਂ ਦਸਦਾ ਪੈਰਾਂ ਦਾ, ਅਜੇ ਸਫ਼ਰਾਂ ’ਤੇ ਜੋਬਨ ਹੈ

ਅਸਾਡੀ ਪਿਆਸ ਨੇ ਠਹਿਰੀ ਨਦੀ ਨੂੰ ’ਵਾਜ ਕੀ ਮਾਰੀ
ਕਿਨਾਰੇ ਝੂਮਦੇ ਕਿਧਰੇ, ਕਿਤੇ ਲਹਿਰਾਂ ’ਤੇ ਜੋਬਨ ਹੈ

ਉਹ ਕੁੰਡਲੀ ਮਾਰ ਬੈਠੇ ਨੇ ਅਸਾਡੇ ਚੁੱਲ੍ਹਿਆਂ ਉੱਤੇ
ਜੋ ਆਪਾਂ ਤਖ਼ਤ ਲਈ ਪਾਲ਼ੇ, ਉਨ੍ਹਾਂ ਸੱਪਾਂ ’ਤੇ ਜੋਬਨ ਹੈ

ਇਨ੍ਹਾਂ ਨੇ ਖੌਲਦੇ ਹੋਏ ਸਬਰ ਦੇ ਦਰਿਆ ਨਹੀਂ ਵੇਖੇ
ਅਜੇ ਬੁੱਤਾਂ ਦੀ ਸ਼ਹਿ ’ਤੇ ਜਿਹੜਿਆਂ ਪੱਥਰਾਂ ’ਤੇ ਜੋਬਨ ਹੈ

ਅਜੇ ਵੀ ਬਹੁਤ ਨੇ ਝੁਕਿਆਂ ਸਿਰਾਂ ਦੀ ਢੋਣ੍ਹ ਜੋ ਜ਼ਿਲਤ
ਜਿਨ੍ਹਾਂ ਨੂੰ ਸੀਸ ਮਿਲ਼ ਗਏ ਨੇ, ਉਨ੍ਹਾਂ ਪੱਗਾਂ 'ਤੇ ਜੋਬਨ ਹੈ

ਮਸ਼ਾਲਾਂ ਬਾਲ਼, ਚੁੱਕ ਪਰਚਮ, ਤੁਰੇ ਨੇ ਲਾਲ ਮਿੱਟੀ ਦੇ
ਚਿਰਾਂ ਤੋਂ ਬਾਅਦ ਫਿਰ, ਰਾਹਾਂ ਅਤੇ ਸੜਕਾਂ 'ਤੇ ਜੋਬਨ ਹੈ

ਕਿਵੇਂ ਕੰਧ ਕੂੜ ਦੀ ਢਾਹੁਣੀ, ਕਿਤਾਬਾਂ ਕਰਦੀਆਂ ਚਰਚੇ
ਸੁਰਾਂ ਨੇ ਸ਼ੋਰ ਨੂੰ ਝੰਬਿਆ, ਮੇਰੇ ਗੀਤਾਂ 'ਤੇ ਜੋਬਨ ਹੈ

ਜਿਵੇਂ ਬਾਬੇ ਨੇ ਚਾਹਿਆ ਸੀ ਉਵੇਂ ਸੁਰਜੀਤ ਹੋ ਪਏ ਨੇ
ਦੁਆ ਹੈ ਉਸ ਰਬਾਬੀ ਦੀ ਕਿ ਸਭ ਸਾਜ਼ਾਂ 'ਤੇ ਜੋਬਨ ਹੈ

●●

## ਮੁਹੱਬਤ ਦੀ ਰਾਹ ’ਤੇ

ਹੱਕਾਂ ਦੀ ਖ਼ਾਤਿਰ, ਹਿਫ਼ਾਜ਼ਤ ਦੀ ਰਾਹ ’ਤੇ
ਅਸੀਂ ਜੂਝਦੇ ਹਾਂ ਮੁਹੱਬਤ ਦੀ ਰਾਹ ’ਤੇ

ਖੇਤਾਂ ਨੂੰ ਪਾ ਕੇ ਤਜਾਰਤ ਦੀ ਰਾਹ ’ਤੇ
ਉਹ ਲੈ ਆਏ ਸਾਨੂੰ, ਬਗ਼ਾਵਤ ਦੀ ਰਾਹ ’ਤੇ

ਬਾਜ਼ਾਂ ਦੀ ਅਤਿ ਨੇ ਹੀ ਚਿੜੀਆਂ ਨੂੰ ਆਖ਼ਿਰ
ਲੈ ਆਂਦਾ ਆਪਣੀ ਸ਼ਨਾਖ਼ਤ ਦੀ ਰਾਹ ’ਤੇ

ਇਹ ਸਿਆੜਾਂ ਦੀ ਛੋਹ ਹੈ ਕਿ ਲਾਲਚ ਦੇ ਕੰਡੇ
ਉੱਗਦੇ ਨਾ ਏਥੇ ਜ਼ਰੂਰਤ ਦੀ ਰਾਹ ’ਤੇ

ਆਡਾਂ ਦੇ ਪਾਣੀ ਨੂੰ ਸੁਲਗਾ ਰਹੇ ਨੇ
ਉਹ ਤੁਰ ਪਏ ਨੇ ਖ਼ੁਦ ਹੀ ਕਿਆਮਤ ਦੀ ਰਾਹ ’ਤੇ

ਫੁੱਲਾਂ ਦੇ ਵਾਂਗੂ ਅਸਾਨੂੰ ਵਿਛਾ ਕੇ
ਉਹ ਚਾਹੁੰਦੇ ਨੇ ਤੁਰਨਾ, ਹਕੂਮਤ ਦੀ ਰਾਹ ’ਤੇ

ਟਕਰਾ ਕੇ ਖ਼ੁਦ ਹੀ ਇਹ ਬੁੱਤ ਤਿੜਕ ਜਾਣੇ
ਨਾ ਤੋਰੋ ਇਨ੍ਹਾਂ ਨੂੰ ਸਿਆਸਤ ਦੀ ਰਾਹ 'ਤੇ

ਕੋਈ ਵੀ ਦਿਲਾਸਾ, ਕੋਈ ਵੀ ਭਰੋਸਾ
ਹਮਸਫ਼ਰ ਬਣਦਾ ਨਾ ਗੁਰਬਤ ਦੀ ਰਾਹ 'ਤੇ

ਇਹ ਸੁਰਜੀਤ ਨੇ, ਇਹ ਨੇ, ਸੁਰਜੀਤ ਰਹਿਣੇ
ਅਸੀਂ ਗੀਤ ਗਾਏ ਜੋ ਜ਼ੁਲਮਤ ਦੀ ਰਾਹ 'ਤੇ

●●

ਦੀਵੇ ਬਣਾਂ ਰਿਹਾ ਏ, ਸਾਨੂੰ ਹਨੇਰ ਤੇਰਾ
ਸ਼ਕੁਨੀ ਦੀ ਹੈ ਵਿਰਾਸਤ ਹਰ ਹੇਰ–ਫੇਰ ਤੇਰਾ
ਚਾਹੁੰਨੈ ਤੂੰ, ਖੇਤ ਸਾਡੇ, ਹੋਵਣ ਮੁਥਾਜ ਤੇਰੇ
ਸੱਥਾਂ 'ਚ ਹੋ ਰਿਹਾ ਹੈ ਚਰਚਾ ਚੁਫੇਰ ਤੇਰਾ
ਦੱਬਣਾ ਖੁਰਾ ਹੈ ਮਿਲ ਕੇ ਲੋਕਾਂ ਚੁਫੇਰ ਤੇਰਾ
ਖੇਤਾਂ 'ਚ ਪੈਣ ਦੇਣਾ ਹੁਣ ਨਾ ਹਨੇਰ ਤੇਰਾ
ਹੁਣ ਅੰਗ–ਅੰਗ ਸਾਡਾ ਜਗਦਾ ਹੈ ਬਣ ਮਸ਼ਾਲਾਂ
ਬੇ–ਪਰਦ ਹੋ ਰਿਹਾ ਹੈ ਹਰ ਹੇਰ–ਫੇਰ ਤੇਰਾ
ਲੋਕਾਂ 'ਤੇ ਜ਼ਾਹਰ ਹੋਣੈ, ਹਰ ਹੇਰ–ਫੇਰ ਤੇਰਾ
ਟਿੱਬਿਆਂ ਦੇ ਵਾਂਗ ਢਹਿਣਾ, ਪਰਬਤ ਸੁਮੇਰ ਤੇਰਾ
ਐ ਰਾਤ ਦੇ ਸੌਦਾਗਰ, ਉੱਠ ਰੂ–ਬ–ਰੂ ਹੋ ਇਸ ਦੇ,
ਹੈ ਮੂੰਹ ਚਿੜ੍ਹਾਉਣ ਆਈ ਸੂਹੀ ਸਵੇਰ ਤੇਰਾ
ਹੁਲੀਆ ਪਛਾਣਦੀ ਹੈ ਸੂਹੀ ਸਵੇਰ ਤੇਰਾ
ਹਰ ਧਨ–ਕੁਬੇਰ ਦਾ ਤੂੰ, ਹਰ ਧਨ–ਕੁਬੇਰ ਤੇਰਾ
ਸੁਰਜੀਤ ਪਿੰਡ ਨੇ ਹੋਣਾ, ਰੌਸ਼ਨ ਹੋ ਇਕ ਨਾ ਇਕ ਦਿਨ
ਲੋਆਂ ਨੇ ਡੀਕ ਲੈਣਾ, ਆਖਿਰ ਹਨੇਰ ਤੇਰਾ

●●

## ਧਰਤੀ ਪਾਸਾ ਪਰਤਦੀ ਹੈ
### (ਨਜ਼ਮ ਦੀ ਲੈਅ 'ਚ)

ਪਿੰਡ ਨੇ ਘੁਰਾੜੇ ਨਹੀਂ
ਨਾਅਰੇ ਜਣੇ ਨੇ
ਜੂਹਾਂ ਨੇ ਭੀੜਾਂ ਨਹੀਂ
ਕਾਫ਼ਲੇ ਤੋਰੇ ਨੇ
ਚੌਂਕ ਨੇ ਬੁੱਤ ਨਹੀਂ,
ਬੁੱਤ–ਘਾੜਾ ਨਵਾਜ਼ਿਆ ਹੈ
ਸੱਥਾਂ 'ਚੋਂ ਸ਼ੋਰ ਨਹੀਂ
ਸੁਰ ਗੂੰਜੇ ਨੇ
ਰਾਹਾਂ ਨੇ ਰਾਹਜ਼ਨ ਨਹੀਂ
ਰਹਿਬਰ ਸਹੇਜੇ ਨੇ
ਸੜਕਾਂ ਨੂੰ,
ਸ਼ਾਹੀ ਸਵਾਰੀ ਢੋਂਹਦਿਆਂ,
ਸ਼ਰਮ ਆਈ ਹੈ,

ਉਨ੍ਹਾਂ ਨੇ,
ਹਲ਼ਾਂ ਨੂੰ ਹਿੱਕ
ਟ੍ਰੈਕਟਰਾਂ ਨੂੰ ਤਨ
ਸੌਂਪ ਦਿੱਤੈ,
ਤੇ ਹਾਕਮ ਦੇ ਗੱਡੇ
ਕਿੱਲਾਂ ਦਾ ਕੋਹਝ
ਰਾਜ–ਭਵਨ ਦੇ ਵਿਹੜੇ 'ਚ
ਵਗਾਹ ਮਾਰਿਐ.... ...
ਕਿੰਨਾ ਹੀ ਕੁਝ,
ਕਵੀ ਦੇ ਕਿਆਸੋਂ ਵੀ
ਬਾਹਰਾ ਵਰਤਿਆ ਹੈ
ਕਵਿਤਾ ਨੇ ਦੱਸ ਪਾਈ ਹੈ
ਧਰਤੀ ਨੇ ਪਾਸਾ ਪਰਤਿਆ ਹੈ

# ਸਿਆੜੋਂ ਉੱਗਦੀ ਸਵੇਰ

ਕੁੱਕੜ ਬਾਂਗ ਦੇਵੇ ਨਾ ਦੇਵੇ
ਚਿੜੀ ਚੂਹਕੇ ਨਾ ਚੂਹਕੇ
ਪਾਂਧੀ ਪੈਂਡਿਆਂ 'ਤੇ ਪਰਤਣ ਨਾ ਪਰਤਣ
ਪੈਂਡੇ ਪਾਂਧੀਆਂ ਸੰਗ ਪਰਚਣ ਨਾ ਪਰਚਣ
ਤੁਰ ਆਉਂਦਾ ਹੈ ਉਹ
ਖੇਤਾਂ ਨੂੰ ਜਾਗਦਿਆਂ ਵੇਖਣ,
ਚਹਿਕਦਿਆਂ ਤੱਕਣ
ਕਵਾਇਦਕਾਰੀ ਫ਼ੌਜੀਆਂ ਨਾਲ਼ੋਂ
ਸਮੇਂ ਦਾ ਵੱਧ ਪਾਬੰਦ ਹੈ ਉਹ
ਖ਼ੁਦ-ਬ-ਖ਼ੁਦ,
ਕਿਸੇ ਵੀ ਸਾਹਬ ਦੇ ਹੋਕਰੇ-ਠੋਕਰੇ ਦੀ
ਮੁਥਾਜੀ ਤੋਂ ਮੁਕਤ
ਨਿੱਤ ਘਟਦੀ ਲੋਅ ਵਾਲ਼ੀਆਂ,
ਅੱਖਾਂ ਦੀ ਮਸ਼ਾਲ ਲਈ
ਹਾਰਾਂ ਹੁੰਝਦੀ ਹਿੰਮਤ ਦਾ
ਯੁੱਧ-ਮਈ ਜਲਾਲ ਲਈ,
ਉਹ ਰਣ-ਖੇਤਰ ਦੀ ਖ਼ਬਰ ਨਹੀਂ
ਖੇਤਾਂ ਦੀ ਸੁਖ-ਸਾਂਦ ਪੁੱਛਦਾ ਹੈ
ਬੰਕਰਾਂ ਦੀ ਨਿਗਾਹਬਾਨੀ ਕਰਦੇ

ਸਿਪਾਹੀ ਵਾਂਗ
ਵੱਟਾਂ ਨਿਹਾਰਦਾ ਹੈ ਉਹ
ਬੱਸ ਉਹਦੀ ਤੱਕਣੀ 'ਚ
ਭੈਅ-ਭੀਤ ਕਰਨ ਦੀ, ਹੋਣ ਦੀ
ਗਰਜ ਨਹੀਂ, ਗਰਜ਼ ਵੀ ਨਹੀਂ,
ਵੱਟਾਂ ਉਹਦੇ ਮੱਥੇ 'ਚ,
ਸਰਹੱਦੀ ਵੱਟ ਨਹੀਂ ਪਾਉਂਦੀਆਂ
ਉਹ ਸ਼ਰੀਕ ਨੇ ਉਹਦੇ ਨਾਲ਼
ਹਰ ਯੁੱਧ ਵਿੱਚ, ਵੰਗਾਰ ਵਿੱਚ
ਜਿੱਤ ਵਿੱਚ, ਹਾਰ ਵਿੱਚ
ਰਿਜ਼ਕ ਦੇ ਭੁੱਖ ਨਾਲ਼,
ਸਿਰੜ ਦੇ ਦੁੱਖ ਨਾਲ਼
ਸਹਿੰਸਿਆਂ ਦੇ ਸਬਰ ਨਾਲ਼
ਹੋਣੀਆਂ ਦੇ ਕੁੱਖ ਨਾਲ਼,
ਹਰ ਯੁੱਧ ਦਾ ਜਬਰ,
ਵੱਟਾਂ ਉਹਦੇ ਨਾਲ਼ ਸਹਿੰਦੀਆਂ ਨੇ
ਖੇਤਾਂ ਦੇ ਪਾਣੀ-ਧਾਣੀ ਦੀ ਰਾਖੀ ਬਹਿੰਦੀਆਂ ਨੇ
ਉਹਦੇ ਜੂਝਣ ਦੀ ਕਥਾ ਕਹਿੰਦੀਆਂ ਨੇ :
'ਦੀਨ ਹੇਤ' ਇੰਝ ਵੀ ਲੜੀਦਾ ਹੈ
'ਕਬਹੂ ਨਾ ਛਾਡੈ ਖੇਤ' ਦਾ ਅਹਿਦ
ਇੰਝ ਵੀ ਕਰੀਦਾ ਹੈ...
ਰਲ਼ਾ ਦੇਈਦਾ ਹੈ ਲਹੂ
ਕਣ-ਕਣ ਵਿਚ... ਪਸੀਨਾ ਬਣਾ
ਖ਼ੁਦ ਨੂੰ ਭੋਰਾ-ਭੋਰਾ ਕਰ, ਕੇਰ ਦੇਈਦਾ ਹੈ
ਦਾਣਿਆਂ ਸੰਗ... ਸਿਆੜਾਂ ਵਿੱਚ
ਸਿਆੜੋਂ ਉੱਗਰਦਾ ਹਰ ਬੀਅ
ਉਹਦੀਆਂ ਅੱਖਾਂ ਠੰਡਿਆਉਂਦਾ ਹੈ

ਮੱਥਾ ਰੁਸ਼ਨਾਉਂਦਾ ਹੈ
ਖੇਤਾਂ ਦਾ ਸੀਨਾ ਮੌਲਦੈ... ਉਹਦਾ ਪਸੀਨਾ ਮੌਲਦੈ
ਆਪਣੇ ਕੇਰੇ ਆਪੇ ਨੂੰ
ਕਣ-ਕਣ ਸਮੇਟਦਾ ਉਹ
ਸੂਰਜ ਦੇ ਸੁਨਹਿਰੀ ਰਥ ਦਾ
ਰਥਵਾਨ ਹੋਣ ਦਾ ਅਹਿਸਾਸ ਹੰਢਾਉਂਦੈ
ਘੜੀ-ਪਲ ਹੀ ਸਹੀ... ਕਿਸਾਨ ਹੋਣ ਦਾ ਅਹਿਸਾਸ ਹੰਢਾਉਂਦੈ
ਸਿਰਜਣਹਾਰ ਹੋਇਆ ਮਹਿਸੂਸ ਕਰਦੈ
ਨਿਰਾਕਾਰ ਤੋਂ ਸਾਕਾਰ ਹੋਇਆ ਮਹਿਸੂਸ ਕਰਦੈ
ਮੰਡੀ ਦਾ ਮੁਹਰਾ ਨਹੀਂ,
ਪਾਲਣਹਾਰ ਹੋਇਆ ਮਹਿਸੂਸ ਕਰਦੈ
ਉਹਦੀ ਸਵੇਰ ਅਰਸ਼ੋਂ ਨਹੀਂ ਉੱਤਰਦੀ
ਉਹਦੀ ਅੱਖ ਪਸੀਨੇ ਜਾਈਆਂ, ਕਿਰਨਾਂ ਚੁਗਦੀ ਹੈ
ਕਣ-ਕਣ ਕਰ ਕੇਰਿਆ ਆਪਾ ਚੁਗਦਿਆਂ
ਉਹ ਸੰਪੂਰਨ ਹੁੰਦਾ ਹੈ
ਸ਼ਤ-ਪ੍ਰਤੀਸ਼ਤ ਹੁੰਦਾ ਹੈ
ਉਹ ਹੁਣ ਉਹ ਨਹੀਂ ਹੁੰਦਾ
ਸਰਬੱਤ ਹੁੰਦਾ ਹੈ

••

# ਮੈਂ ਖ਼ੁਦਕੁਸ਼ੀ ਨਹੀਂ ਕਰਦਾ

ਮੈਂ ਖ਼ੁਦਕੁਸ਼ੀ ਨਹੀਂ ਕਰਦਾ
ਕਰ ਹੀ ਨਹੀਂ ਸਕਦਾ ਮੈਂ, ਖ਼ੁਦਕੁਸ਼ੀ
ਲਾਜ਼ਮੀ ਹੈ ਖ਼ੁਦਕੁਸ਼ੀ ਲਈ
ਖ਼ੁਦ ਹੋਣਾ
ਮੈਂ ਕਦੇ ਖ਼ੁਦ ਨਹੀਂ ਹੁੰਦਾ
ਸਦਾ ਸਰਬੱਤ ਹੁੰਦਾ ਹਾਂ-
ਐਲਾਨਾਂ ਦੇ ਅਰਸ਼ ਦੀ ਆਬਰੂ,
ਮੈਂ ਅੰਨ-ਦਾਤਾ ਹਾਂ
ਤੁਹਾਡੇ ਕਹਿਣ 'ਤੇ ਜਾਵਾਂ, ਤਾਂ
ਕੁਝ ਨਾ ਕੁਝ ਵਿਧਾਤਾ ਹਾਂ
ਕਰੇ ਕੋਈ ਵਿਧਾਤਾ ਖ਼ੁਦਕੁਸ਼ੀ
ਵਿਸ਼ਵਾਸ ਨਈਂ ਹੁੰਦਾ
ਤੇ ਆਤਮ-ਘਾਤ ਦਾ ਮੈਨੂੰ
ਕਦੇ ਅਹਿਸਾਸ ਨਈਂ ਹੁੰਦਾ
ਤੁਸੀਂ ਥਾਪੋ ਵਿਧਾਤਾ ਵੀ
ਐਲਾਨੋ ਅੰਨ-ਦਾਤਾ ਵੀ-
ਐਲਾਨਾਂ ਹੀ ਐਲਾਨਾਂ ਨਾਲ ਮੈਂ
ਹੱਕ-ਹੀਣ ਹੋ ਜਾਨਾ
ਇਹ ਓਹੀ ਪਲ ਹੈ ਜਦ,
ਸਰਬੱਤ ਤੋਂ ਮੈਂ ਹੀਣ ਹੋ ਜਾਨਾ

ਮੇਰੇ 'ਚੋਂ ਮੇਰਾ ਸਰਬੱਤ ਮਿਥ ਕੇ ਰਿੜਕ ਲੈਂਦੇ ਹੋ
ਤੇ ਖੁਰ-ਖੁਰ ਕੇ ਕਦੋਂ ਮੈਂ 'ਖ਼ੁਦ' ਬਣਾਂ
ਨਿਤ ਬਿੜਕ ਲੈਂਦੇ ਹੋ
ਮੇਰਾ ਸਰਬੱਤ ਤੋਂ ਖ਼ੁਦ ਹੋਣਾ
ਤੁਹਾਨੂੰ ਰਾਸ ਆਉਂਦਾ ਹੈ
ਤੁਸੀਂ ਤਗ਼ਮੇ ਦੇ ਵਾਂਗੂ ਜੋ
ਮੇਰੇ ਲਈ ਰਾਖਵੀਂ ਕੀਤੀ
ਮੈਂ ਚੱਲ ਕੇ ਖ਼ੁਦ-ਬ-ਖ਼ੁਦ, ਉਸ
ਖ਼ੁਦਕੁਸ਼ੀ ਦੇ ਪਾਸ ਆਉਂਦਾ ਹਾਂ
ਮਗ਼ਰ ਇਹ ਖ਼ੁਦਕੁਸ਼ੀ ਨਈਂ
ਕਤਲ ਹੈ, ਤੇ ਇਸ ਕਤਲ ਦਾ
ਵੱਖਰਾ ਅੰਦਾਜ਼ ਹੈ... ਤੇ ਰਾਜ਼ ਗਹਿਰਾ ਹੈ
ਐ ਕਾਤਿਲ! ਇਹ ਕਤਲ, ਉਹ ਕਤਲ ਹੈ,
ਜਿਸ ਕਤਲ ਦੀ ਖ਼ਾਤਿਰ
ਕਿਸੇ ਵੀ ਕਤਲਗਾਹ ਦੀ,
ਕਾਤਿਲਾਂ ਨੂੰ ਲੋੜ ਨਈਂ ਹੁੰਦੀ
ਮੇਰੀ ਦੇਹ ਨੂੰ ਬਣਾ ਦੇਂਦੇ,
ਤੁਸੀਂ ਹੋ ਕਤਲਗਾਹ ਮੇਰੀ
ਤੇ ਮੇਰੀ ਸਿਰ ਉਠਾ ਕੇ ਜੀਣ ਦੀ
ਚਾਹਤ ਨੂੰ ਹਰ ਵਾਰੀ
ਤੁਸੀਂ ਇਸ ਕਤਲ ਨੂੰ
ਸਵੈ-ਘਾਤ ਥਾਪਣ ਦੀ
ਵਜ੍ਹਾ ਤਸਦੀਕ ਕਰਦੇ ਹੋ
ਮੈਂ ਮਿੱਟੀ ਹਾਂ... ... ਹਾਂ ਪਾਣੀ ਮੈਂ,
ਹਵਾ ਹਾਂ, ਅੰਨ ਹਾਂ
ਚੁੱਲ੍ਹੇ ਦੀ ਅੱਗ ਹਾਂ... ... ਢਿੱਡ ਹਾਂ

ਤੇ ਜ਼ਿਦ ਹਾਂ ਫ਼ਸਲ ਉੱਗਣ ਦੀ...
ਜੋ ਝੁਕਦੀ ਧੌਣ ਮੇਰੀ ਨੂੰ
ਬਿਨਾਂ ਮੇਰੀ ਰਜ਼ਾਮੰਦੀ ਉਡੀਕੇ,
ਤਾਣ ਦਿੰਦੀ ਏ
ਜ਼ਮਾਨਾ ਜਾਣਦੈ...
ਤੇ ਜਾਣਦਾ ਇਜ਼ਰਾਈਲ ਵੀ ਹੋਣੈ
ਤਣੀ ਹੋਈ ਧੌਣ ਉੱਤੇ,
ਖ਼ੁਦਕੁਸ਼ੀ ਦੇ ਤੌਂਕ ਦੀ ਖ਼ਾਤਿਰ,
ਕਿਤੇ ਕੋਈ ਥਾਂ ਨਹੀਂ ਹੁੰਦੀ
ਮੈਂ ਪਲ-ਪਲ ਕਤਲ ਹੁੰਦਾ ਹਾਂ
ਮੈਂ ਹਰ ਪਲ ਕਤਲ ਹੋਇਆ ਹਾਂ
ਮੈਂ ਅਕਸਰ ਕਤਲ ਹੋਣਾ ਹੈ
ਉਨ੍ਹਾਂ ਨੇ ਕਤਲ ਮੇਰੇ ਨੂੰ,
ਸੁਨਹਿਰੀ ਅੱਖਰਾਂ ਵਿੱਚ ਖ਼ੁਦਕੁਸ਼ੀ,
ਲਿਖਣਾ ਹੀ ਲਿਖਣਾ ਏਂ
ਤੇ ਮੈਂ ਵੀ ਖ਼ੂਨ ਦੀ ਸਿਆਹੀ ਦੇ ਵਿੱਚ
ਲੌਂਹ-ਕਲਮ ਉਂਗਲਾਂ ਦੀ,
ਡੁਬੋ, ਇੱਕੋ ਤੇ ਬਸ ਇੱਕੋ
ਸਦੀਵੀਂ ਸੱਚ ਉੱਕਰਨਾ ਏਂ :
ਹੈ ਮੇਰੀ ਜਾਨ ਖੇਤਾਂ ਵਿੱਚ
ਮੇਰੇ ਵਿੱਚ ਜਾਨ ਖੇਤਾਂ ਦੀ
ਕਿਸੇ ਵੀ ਕਹਿਰ ਤੋਂ ਡਰ ਕੇ,
ਜਿਨ੍ਹਾਂ ਦਾ ਸਬਰ ਨਾ ਟੁੱਟੇ
ਜਿਨ੍ਹਾਂ ਦਾ ਸਿਦਕ ਨਾ ਡੋਲੇ
ਮੈਂ ਏਸੇ ਤਾਣ ਦੇ ਸਿਰ ’ਤੇ
ਮੈਂ ਏਸੇ ਮਾਣ ਦੇ ਸਿਰ ’ਤੇ

ਉਠਾ ਕੇ ਸੀਸ ਕਹਿੰਦਾ ਹਾਂ
ਦਬਾ ਕੇ ਟੀਸ ਕਹਿੰਦਾ ਹਾਂ :
ਨਹੀਂ, ਮੈਂ ਖ਼ੁਦਕੁਸ਼ੀ ਨਹੀਂ ਕਰਦਾ
ਸ੍ਵੈ-ਘਾਤੀ ਹੋ ਨਈਂ ਮਰਦਾ
ਮੈਂ ਹਰ ਪਲ ਕਤਲ ਹੋਇਆ ਹਾਂ
ਮੈਂ ਪਲ-ਪਲ ਕਤਲ ਹੁੰਦਾ ਹਾਂ
ਇਸ ਵਾਰੀ ਜਦੋਂ ਮੈਂ ਬਸ, ਕਤਲ ਹੋਵਣ ਹੀ ਵਾਲ਼ਾ ਸਾਂ
ਮੇਰਾ ਖ਼ੁਦ, ਖ਼ੁਦ-ਬ-ਖ਼ੁਦ ਹੀ,
ਉੱਠ ਕੇ ਸਰਬੱਤ ਹੋ ਤੁਰਿਆ
ਤੇ ਕਾਤਲ ਦੀ ਸ਼ਨਾਖ਼ਤ ਵਾਸਤੇ
ਸਣ ਸੀਸ, ਸਣ ਮੱਥਿਆਂ
'ਘਰਾਂ ਅੰਦਰ, ਦਰਾਂ ਉੱਤੇ, ਚੁਰਾਹੇ ਵਿੱਚ ਮੋੜਾਂ 'ਤੇ'
ਕਤਲ ਹੋਵਣ ਤੋਂ ਪਹਿਲਾਂ
ਜਗਦੀਆਂ ਅੱਖਾਂ ਟਿਕਾ ਆਇਆ
ਜਿਨ੍ਹਾਂ ਦੀ ਲੋਅ 'ਚ ਲਿਖਿਆ ਸੀ :
ਮੈਂ ਕਦੇ ਖ਼ੁਦਕੁਸ਼ੀ ਨਹੀਂ ਕਰਦਾ,
ਜਾਂ ਜੀਅ ਕੇ ਕਤਲ ਹੁੰਦਾ ਹਾਂ
ਜਾਂ ਹੋ ਕੇ ਕਤਲ ਜਿਉਂਦਾ ਹਾਂ

••

# ਘਾਹ ਨਹੀਂ ਹਾਂ ਮੈਂ

ਮੈਂ ਘਾਹ ਨਹੀਂ ਹਾਂ
ਕਮਾਦ ਹਾਂ,
ਕਣਕ, ਝੋਨਾ, ਮੱਕੀ, ਚਰੀ, ਬਾਜਰਾ,
ਛੋਲੇ, ਸਰ੍ਹੋਂ, ਕਪਾਹ,
ਸਭ ਕੁਝ, ਮੈਂ ਹੀ ਤਾਂ ਹਾਂ
ਘਾਹ ਨਹੀਂ ਹਾਂ ਮੈਂ,
ਜਿਸਦੀ ਆੜ 'ਚ ਤੁਸੀਂ
ਆਪਣੇ ਕਮਾਊ-ਪੁੱਤਾਂ ਨੂੰ ਤੋਰੀ ਰੱਖਦੇ ਹੋ,
ਮੇਰੀਆਂ ਆਂਦਰਾਂ ਦੇ ਸਫ਼ਰ 'ਤੇ
ਮੇਰੇ ਲਹੂ ਦੇ ਲੋਹ-ਗੜ੍ਹ ਦੀ
ਘੇਰਾਬੰਦੀ ਲਈ,
ਤੁਸੀਂ, ਜੋ, ਮੈਨੂੰ ਆਪਣੀਆਂ
ਪ੍ਰਯੋਗਸ਼ਾਲਾਵਾਂ 'ਚ ਪਲ਼ਦੀ
ਪਿੰਗਲੀ ਪੈਦਾਵਾਰ ਦੀ
ਸੁਰੱਖਿਅਤ ਪਰਖ਼ ਭੂਮੀ ਸਮਝਦੇ ਹੋ,
ਭੁੱਲ ਜਾਂਦੇ ਹੋ ਕਿ ਮੈਂ :
ਘਾਹ ਨਹੀਂ ਹਾਂ,
ਅਨਾਜ ਬਣ ਤੁਹਾਡੇ ਢਿੱਡਾਂ ਨੂੰ
ਢਾਰਸ ਦੇਣ ਵਾਲ਼ੀ
ਆਪਣੀ ਔਲਾਦ ਨੂੰ,
ਕੁੱਖ 'ਚ ਪਾਲਦੀ, ਫ਼ਸਲ ਹਾਂ ਮੈਂ
ਮੇਰੇ ਹੀ ਗਰਭ 'ਚ ਪਲ਼ਦਾ ਹੈ

ਫੁਲਦਾ, ਫਲ਼ਦਾ ਹੈ,
ਹਰ ਉਹ ਦਾਣਾ,
ਜਿਸ ਰਾਹੀਂ ਮੇਰਾ ਲਹੂ
ਤੁਹਾਡੀਆਂ ਰਗਾਂ ਛੇੜਦਾ-ਛੇੜਦਾ
ਕਰ ਦੇਂਦਾ ਹੈ, ਮੈਨੂੰ ਹੀ,
ਰੀਂਘਣ ਲਈ ਮਜਬੂਰ :
ਮੰਡੀਆਂ ਦੇ ਥੱੜ੍ਹਿਆਂ 'ਤੇ
ਅਧਰਮੀ ਧਰਮ ਕੰਡਿਆਂ 'ਤੇ
ਭੁੱਖ-ਪਾਲਕ ਗੋਦਾਮਾਂ 'ਚ
ਘਰਾਂ ਨੂੰ ਨਿੱਕਦਾ ਕਰਦੇ ਧਾਮਾਂ 'ਚ
ਮਸਨੂਈ ਚਾਨਣ 'ਚ ਮਦਮਸਤ ਸ਼ਾਮਾਂ 'ਚ
ਉਨੀਂਦੇ ਸਵੇਰਿਆਂ 'ਚ
ਸੁੱਤੀਆਂ ਦੁਪਹਿਰਾਂ 'ਚ
ਸੁਲਗ਼ਦੇ ਪਿੰਡਾਂ 'ਚ ,
ਧੁਖਦਿਆਂ ਸ਼ਹਿਰਾਂ 'ਚ—
ਤੁਸੀਂ ਮੈਨੂੰ ਧੁਖਾ ਸਕਦੇ ਹੋ
ਸੁਲਗ਼ਾ ਸਕਦੇ ਹੋ
ਬੁਝਾ ਨਹੀਂ ਸਕਦੇ
ਮੈਂ ਫ਼ਸਲ ਹਾਂ, ਘਾਹ ਨਹੀਂ
ਮੇਰੀ ਕੁੱਖ 'ਚ ਪਲਦੇ, ਹਰ ਦਾਣੇ 'ਚ
ਸਾਹ ਲੈਂਦੀ ਹੈ, ਉਹ ਚਿਣਗ
ਜੋ ਢਿੱਡ ਦੀ ਅੱਗ ਨੂੰ,
ਬੁਝਾ ਵੀ ਸਕਦੀ ਹੈ
ਮੱਥੇ 'ਚ ਰੋਹ ਦੀ ਅੱਗ,
ਮਚਾ ਵੀ ਸਕਦੀ ਹੈ
ਅੱਜ-ਕੱਲ੍ਹ ਮੈਂ,
ਮੱਚਣ-ਪੀੜਾਂ ਦੇ ਪਲਾਂ 'ਚ ਹਾਂ

●●

# ਹਲ਼ ਹਾਰ ਨਹੀਂ ਮੰਨਦੇ

ਹਲ਼ ਹਾਰ ਨਹੀਂ ਮੰਨਦੇ
ਨਹੀਂ ਮੰਨਦੇ ਹਾਰ ਹਲ਼
ਹਾਰ ਮੰਨਣਾ,
ਹਲ਼ਾਂ ਦੇ ਹਿੱਸੇ ਨਹੀਂ ਆਉਂਦਾ
ਹਲ਼ ਹਾਰ ਸਕਦੇ ਹਨ
ਹਾਰ ਜਾਂਦੇ ਹਨ ਹਲ਼
ਹਾਰੇ ਹੋਏ ਹਲ਼ ਵੀ, ਹਾਰ ਨਹੀਂ ਮੰਨਦੇ
ਭੋਂਏਂ ਨੂੰ ਸੀਆਂ ਲਾਉਂਦਿਆਂ
ਫਿਰ ਤੋਂ ਬੀਜਦੇ ਹਨ,
ਨਵੀਂ ਲਾਮ ਦੇ ਬੀਜ
ਜਾਣਦੇ ਹਨ ਹਲ਼, ਕਿ
ਉਨ੍ਹਾਂ ਨੂੰ ਸੰਭਾਲਣ ਵਾਲੇ ਹੱਥ
ਗਿਰਵੀ ਹਨ, ਜਿਨ੍ਹਾਂ ਵਹੀਆਂ 'ਚ
ਉਨ੍ਹਾਂ ਦੀ ਕਾਲਖ਼ ਨੂੰ
ਫਾਲ਼ਿਆਂ ਦੀ ਚਮਕ ਬਿਨਾਂ
ਕੋਈ ਲੋਅ ਚੁੰਧਿਆ ਨਹੀਂ ਸਕਦੀ
ਹਲ਼ਾਂ ਦੀ ਛੋਹ ਬਿਨ

ਮਮਤਾ ਤੋਂ ਸੱਖਣੀ ਰਹਿ ਜਾਂਦੀ ਹੈ ਮਿੱਟੀ
ਨਹੀਂ ਮੌਲਦੇ, ਉਹਦੀ ਕੁੱਖ 'ਚ
ਜੀਵਨ ਦਾਤੇ ਦਾਣੇ
ਨਹੀਂ ਲਹਿਰਦੀਆਂ
ਚੁੱਲ੍ਹਿਆਂ ਤੇ ਚਿਰਾਗ਼ਾਂ ਨੂੰ
ਮਘਾਉਂਦੇ, ਜਗਾਉਂਦੇ, ਹੱਥਾਂ ਦੀ,
ਹਰਕਤ ਬਣਦੀਆਂ ਫ਼ਸਲਾਂ
ਫ਼ਸਲਾਂ ਜੋ ਢਿੱਡ ਹੀ ਨਹੀਂ
ਸਿਰ ਵੀ ਸਲਾਮਤ ਰੱਖਦੀਆਂ
ਪੈਰਾਂ ਦੇ ਛਾਲਿਆਂ ਨੂੰ ਫੇਹ
ਮੋਹ ਦੀ ਮਲ੍ਹਮ ਲਾਉਂਦੀਆਂ ਫ਼ਸਲਾਂ,
ਬਿਆਈਆਂ ਦੀ ਪੀੜ ਨੂੰ ਪਰ੍ਹਾਂ ਕਰ
ਅੱਡੀਆਂ ਦਾ ਆਸਰਾ ਬਣਦੀਆਂ
ਰੱਟਣਾਂ ਨੂੰ ਰਗੜ ਛੱਡਦੀਆਂ
ਹਰਿਆਲੀ ਦੀ ਹੁੱਬ,
ਤੇ ਸੁਨਹਿਰੀ ਸੁਪਨਿਆਂ ਦੇ ਤਾਣ ਸੰਗ
ਅੱਖਾਂ ਨੂੰ, ਸੋਨ-ਮਿਰਗ ਦੇ
ਛਲਾਵਿਆਂ ਤੋਂ
ਮੁਕਤੀ ਦਾ ਬਲ ਬਖ਼ਸ਼ਦੀਆਂ,
ਚੀਰਹਰਨਾਂ ਨੂੰ ਹਵਾ ਦੇਂਦੇ
ਸੁਦਰਸ਼ਨੀ ਕੌਤਕਾਂ ਦੀ ਕੁੰਜ ਲਾਹੁੰਦੀਆਂ
ਭੀਸ਼ਮੀ-ਫੋਲਿਆਂ ਦਾ
ਫਸਤਾ ਵਢਦੀਆਂ
ਅਗਨੀ-ਪਰੀਖਿਆ ਦੀ ਅੱਤ ਨੂੰ,

ਉਤਾਰ ਲੈ ਜਾਂਦੀਆਂ,
ਧਰਤ-ਮਾਂ ਦੀ ਠੰਡਿਆਈ ਕੁੱਖ ਦੇ
ਕੋਸੇ-ਕੋਸੇ ਨਿੱਘ ਵਿੱਚ
ਫ਼ਸਲਾਂ,
ਜੋ ਫੈਲ ਜਾਂਦੀਆਂ,
ਹਾਲ਼ੀਆਂ ਦੇ ਸੁੰਨੇ ਅੰਬਰਾਂ 'ਤੇ
ਬੱਦਲਾਂ ਦੀਆਂ ਮੁਹੱਬਤੀ ਮੂਰਤਾਂ ਬਣ,
ਮੂਰਤਾਂ ਮੋਹੇ ਹਾਲ਼ੀ ਹੱਥ
ਬੱਦਲਾਂ ਵਾਲ਼ੇ ਦੀ ਦੁਆ, ਬਦ-ਦੁਆ,
ਇੱਕ ਕਰ ਜਾਣਦੇ
ਸ਼ੁਕਰਾਨੇ 'ਚ ਉੱਠਦੇ,
ਰਹਿਮਤ ਬਣ ਤੁਠਦੇ
ਸੰਗੀ-ਸਾਥੀ ਹਲ਼ ਦੀ ਮੁੱਠ ਦੇ
ਰਿਜ਼ਕ ਦੇ ਰੰਗੀ ਭੋਏਂ ਰੰਗਦੇ
ਖਵਾਰ ਹੋਏ ਵੀ ਖ਼ੈਰਾਂ ਮੰਗਦੇ
ਦਾਤੇ, ਸਰਵਰ, ਸਖੀ, ਸਵਾਲੀ,
ਨਾ ਕੋਈ ਸੰਤ, ਨਾ ਕੋਈ ਸਿਪਾਹੀ,
ਫਿਰ ਵੀ ਨਿਤ ਤਪੱਸਿਆ ਤਾਏ
ਆਦਿ-ਜੁਗਾਦੋਂ, ਯੁੱਧ ਪ੍ਰਣਾਏ
ਹਲ਼ ਹੀ ਜਾਣੇ, ਹਲ਼ ਪਹਿਚਾਣੇ
ਹਾਲ਼ੀ-ਹੱਥ ਦਾ ਕਰਮ ਪਛਾਣੇ
ਤਾਹੀਓਂ ਤਾਂ ਹਲ਼ ਹਾਰ ਨਾ ਮੰਨਦੇ
ਜਿੱਤ-ਹਾਰ ਦੀ ਜ਼ਿਦ ਨਾ ਫੜ੍ਹਦੇ
ਨਾ ਲੜਦੇ ਹੋਏ ਵੀ ਲੜਦੇ

ਸਦਾ ਸੰਘਰਸ਼ੀ ਜੂਨ ਹੰਢਾਉਂਦੇ
ਨਾ ਮੰਨ ਕੇ ਵੀ, ਭਾਣਾ ਮੰਨਦੇ
ਰਜ਼ਾ ਨੂੰ ਰੱਜ ਕੇ ਰਾਜ਼ੀ ਰੱਖਦੇ
ਰਜ਼ਾ ਤੇ ਅੱਤ ਦੀ ਸਾਕ-ਸਕੀਰੀ
ਜੜ੍ਹੋਂ ਉਖਾੜਨ ਦੇ ਆਦੀ ਨੇ
ਹਲ਼ ਤੇ ਹਾਲ਼ੀ ਹੱਥ ਸਦਾ ਤੋਂ
ਨਾ ਹਾਰਨ ਦੇ ਅਪਰਾਧੀ ਨੇ
ਆਦਿ-ਜੁਗਾਦੋਂ ਹਲ਼ ਤੇ ਹਾਲ਼ੀ
ਯੁੱਧ-ਰੱਤ ਨੇ ਤਾਂ ਜ਼ਾਹਰ ਹੈ ਕਿ
ਹਲ਼ ਕਦੇ ਹਾਰ ਨਹੀਂ ਮੰਨਦੇ
ਹਾਰੇ ਹੋਏ ਹਲ਼ ਵੀ,
ਹਾਰ ਨਹੀਂ ਮੰਨਦੇ

●●

# ਚਾਰ ਮੂਏ ਤੋ ਕਿਆ ਹੂਆ

*(ਲਖੀਮਪੁਰ ਖੀਰੀ 'ਚ ਭੇਟ, ਸਿਰਾਂ ਦੇ ਨਾਂ)*

ਮਹਾਂ ਸੰਗਰਾਮ ਜਾਰੀ ਹੈ...
ਇਸ ਵਾਰ ਦੇਵਤੇ ਨਹੀਂ,
ਉਨ੍ਹਾਂ ਦੀ ਨਾਜਾਇਜ਼ ਉਲਾਦ
ਆਡੰਬਰਾਂ ਦੇ ਕਵਚ ਪਹਿਨ
ਦਗ਼ਿਆਂ ਦਾ ਕੋਹੜ ਕੱਜਦੀ
ਸੱਤ੍ਹਾ ਦੀ ਚੰਡੀਕਾ ਦੇ ਚੌਰ ਚੁੰਮਦੀ,
ਉੱਤਰੀ ਹੈ,
ਕੂੜ-ਕਾਲਿਕਾ ਲਈ,
ਲਹੂ-ਪਿਆਲੇ ਭਰਨ,
ਅਣ-ਐਲਾਨਿਆਂ ਯੁੱਧ ਲੜਨ
ਪਿੱਠ 'ਤੇ ਵਾਰ ਕਰਨ,
ਬਿਜਲਈ ਤੇਜ਼ੀ ਨਾਲ਼ ਦੌੜਦੇ
ਉਹਦੇ ਕਾਲ਼-ਕਿਲ੍ਹੇ
ਸ਼ਾਂਤ-ਚਿੱਤ ਕੱਚੀਆਂ ਗੜ੍ਹੀਆਂ 'ਤੇ
ਕਰਦੇ ਹਨ ਵਜਰ-ਪਾਤ,
ਜਲਾਦ-ਮੂੰਹਾਂ ਯੋਗੀ-ਮੁੱਖ
ਛੁਪਾ ਲੈਂਦਾ ਹੈ, ਅੰਦਰ ਹੀ ਅੰਦਰ
ਖਚਰੀ ਹਾਸੀ ਦੀਆਂ ਕਿਰਚਾਂ
ਉਹਦੇ ਮਗ਼ਰਮੱਛੇ ਹੰਝੂਆਂ ਦਾ ਹੜ੍ਹ

ਕਰ ਦੇਂਦਾ ਹੈ, ਫਨਾਹ
ਗੋਰਖ–ਬਾਣੀ ਦੀ ਹਰ ਅਮ੍ਰਿਤ ਬੂੰਦ,
ਬੜਾ ਮਾਹਿਰ ਹੈ ਉਹ
ਭੰਗਵੇਂ ਬਾਣੇ ’ਚ,
ਕਾਲਖ਼ ਕੱਜਣ ਦੇ, ਹੁਨਰ ਦਾ,
ਖ਼ੂਬ ਤਾਕ ਨੇ ਰਾਹੂ–ਕੇਤੂ ਦੀ ਭੂਮਿਕਾ ’ਚ
ਦਿੱਲੀ ਦੇ ਦੋਵੇਂ ਮਹਾਂ–ਦਰੋਗੇ
ਸਭਿਅਕ ਹੋ ਗਏ ਇਹ ਸੱਪ,
ਖ਼ੂਬ ਜਾਣਦੇ ਨੇ :
ਕਿੱਥੇ, ਕਿੰਨਾ, ਜ਼ਹਿਰ ਉੱਗਲਣਾ ਹੈ
ਕਿੰਨਾ ਫ਼ੁੰਕਾਰਨਾ ਹੈ
ਕਿੱਥੇ ਮਮਿਆਉਣਾ ਹੈ... ਘਗਿਆਉਣਾ ਹੈ
ਕਿੱਥੇ ਦਹਾੜਨਾ ਹੈ
ਖ਼ੂਬ ਕਰਦੇ ਨੇ ਇਹ
ਆਪਣੇ ਚੰਗੇਜ਼ੀ ਚਿਹਰਿਆਂ,
ਹਿਟਲਰੀ ਹਿਰਦਿਆਂ,
ਉਡਵਾਇਰੀ ਇਰਾਦਿਆਂ ਦੀ,
ਅਸ਼ਵ–ਮੇਧੀ ਨੁਮਾਇਸ਼
ਜੱਲ੍ਹਿਆਂਵਾਲੇ ਬਾਗ਼ ਤੋਂ, ਇਹ
ਕਤਲੇਆਮ ਦੇ ਗੁਣ–ਗ੍ਰਹਿਣ ਕਰਦੇ ਨੇ,
ਤੇ ਅਸੀਂ
ਜੂਝਣ ਦੇ ਜਿਗਰੇ ਦੀ,
ਜੋਤ ਜਗਾਉਣਾ ਸਿੱਖਦੇ ਹਾਂ,
ਹੋ ਉੱਠੀ ਰੌਸ਼ਨ, ਓਹੀ ਜੋਤ,
ਇਕ ਵਾਰ ਫੇਰ
ਲਹਿਰ ਉੱਠੀ ਓਹੀ ਲੋਅ
ਕੱਚੀ ਗੜ੍ਹੀ ਬਣੀਂ

ਲਖੀਮਪੁਰ ਖੀਰੀ ਦੀ ਪੱਕੀ ਸੜਕ ’ਤੇ...
ਚਾਰ ਚਿਰਾਗ਼ ਰੌਸ਼ਨ ਹੋ ਗਏ
ਹਮੇਸ਼ਾਂ ਜਗਣ ਲਈ,
ਚਾਰਾਂ ਨਾਲ਼ ਪੰਜਵਾਂ, ਪੰਜਾਹਵਾਂ, ਪੰਜ ਸੌਵਾਂ
ਪੰਜ ਹਜ਼ਾਰਵਾਂ, ਪੰਜ ਲੱਖਵਾਂ
ਪੰਜ-ਪੰਜਾਹ ਕਰੋੜਵਾਂ,
ਅਗਾਂਹ ਹੋਰ, ਹੋਰਵਾਂ, ਹੋਰ ਹੋਰਵਾਂ
ਅਸੀਂ ਜੋੜਨਾ ਹੈ,
ਹਨੇਰੇ ਦਾ ਹੱਕ ਮੋੜਨਾ ਹੈ
ਦੇਵਤਿਆਂ ਦੀ ਦੰਭੀ ਉਲਾਦ ਦਾ,
ਦੁਰਗ ਤੋੜਨਾ ਹੈ,
ਸਿਰ ਨਾਲ ਸਿਰ,
ਦੀਵੇ ਨਾਲ਼ ਦੀਵਾ ਜੋੜਨਾ ਹੈ।
●●

# ਜਾਗੇ ਖੇਤ ਉਨੀਂਦਰੇ : ਰੌਸ਼ਨ ਚਾਰ ਚਿਰਾ.ਗ

ਧਰਤ ਸੁਹਾਵੇ ਰਾਂਗਲੀ, ਮਾਂ-ਕੁਦਰਤ ਰਾਜ਼ੀ
ਕਿਰਤ-ਕਮਾਈ ਤਾਣਦੀ ਸਿਦਕਾਂ ਸੰਗ ਛਾਤੀ
ਸੰਤ-ਸਿਪਾਹੀ ਸਬਰ ਦੇ, ਮਿਹਨਤ ਦੇ ਗ਼ਾਜ਼ੀ
ਹਾਲ਼ੀ ਸਾਡੀ ਜ਼ਾਤ ਹੈ, ਨਾ ਬਣੇ ਖ਼ੈਰਾਤੀ
'ਬਾਰ ਪਰਾਏ ਬੈਸਣਾ' ਨਾ ਸਾਨੂੰ ਭਾਵੇ
ਜਰ ਨਾ ਹੋਵੇ ਹਾਕਮਾਂ, ਸਾਡਾ ਅਣਖੀ ਹੋਣਾ
ਝੁਕੇ ਸਿਰਾਂ ਦੀ ਛੌਰ ਹੈ, ਤਨ ਸਾਡਾ ਤਾਵੇ
ਤਣੇ ਸਿਰਾਂ ਦਾ ਤਾਜ ਨਿੱਤ ਲਹੂ ਚਾਹਵੇ ਚੋਣਾ
ਦਿੱਲੀ ਦਬਕੇ ਮਾਰਦੀ, ਸੰਘ ਘੁੱਟਣਾ ਚਾਹਵੇ
ਲਾ ਕੇ ਸਾਡੇ ਹੱਕ ਦੇ ਬੋਲਾਂ 'ਤੇ ਪਹਿਰਾ
ਧਰ ਕੇ ਸਾਡੀ ਹਿੱਕ 'ਤੇ ਤਖ਼ਤਾਂ ਦੇ ਪਾਵੇ
ਚਾਹੁੰਦੀ ਸਾਨੂੰ ਰੱਖਣਾ, ਉਹ ਗੂੰਗਾ-ਬਹਿਰਾ
ਯਾਦ ਕਰਾਈ ਰੱਖਦੀ, ਦੁੱਲੇ ਦੀਆਂ ਵਾਰਾਂ
ਰੱਖ ਸ਼ਹੀਦੀ ਸਿਰਾਂ ਨੂੰ, ਮਾਂ ਲੱਧੀਆਂ ਗੋਦੀ
ਵਾਂਗ ਸ਼ੀਹਣੀਆਂ ਤੱਕੀਆਂ, ਉੱਜੜੀਆਂ ਬਾਰਾਂ
ਬੋਦੀ ਵਾਲ਼ੇ ਤਾਰਿਆਂ ਦੀ ਝੰਬ 'ਤੀ ਬੋਦੀ
ਨੀਤੀਵਾਨਾਂ ਪਾ ਲਏ ਕਰ ਕੇ ਬਦਨੀਤੀ
ਦੇਸ਼, ਧਰਮ ਦੇ ਨਾਮ 'ਤੇ ਮਾਇਆ ਦੇ ਚੋਲ਼ੇ
ਹੋਣ ਨਾ ਦੇਂਦੇ ਸ਼ਬਦ ਦੀ ਲੋਅ ਦੀ ਪ੍ਰਤੀਤੀ

ਮਾਇਆਧਾਰੀ ਸਦਾ ਤੋਂ, ਅੱਤ ਅੰਨ੍ਹੇ-ਬੋਲ਼ੇ
ਮਾਂ-ਬੋਲੀ ਨੂੰ ਮਿੱਧ ਗਈ, ਮਾਇਆ ਦੀ ਬੋਲੀ
ਮੋਹ ਲਈ ਛਲ਼ ਕੇ ਕਾਰੂਆਂ, ਗ਼ਾਲਿਬ ਦੀ ਦਿੱਲੀ
ਚੜ੍ਹਦੀ ਹਾਂਡੀ ਕਾਠ ਦੀ ਤੋਲੀ, ਅਣਤੋਲੀ
ਹੱਕ ਸੱਚ ਦੀ ਹੋ ਗਈ, ਗਲਵੱਕੜੀ ਢਿੱਲੀ
ਡੁੱਬਣ ਜੋਗਾ ਭਰ ਲਿਆ ਇਸ ਪਾਪੀ ਬੇੜਾ
ਡੱਕਣ ਤੁਰ ਪਈ ਪੌਣ ਤੇ ਫ਼ਸਲਾਂ ਦੀ ਹਰਕਤ
ਪੁੱਠਾ ਦੇ ਇਤਿਹਾਸ ਨੂੰ ਗੇੜੇ 'ਤੇ ਗੇੜਾ
ਚਾਹੁੰਦੀ ਖੋਹਣੀ-ਖਿੰਝਣੀ 'ਬੰਦੇ' ਦੀ ਬਰਕਤ
ਪਿੰਡੋ-ਪਿੰਡੀ, ਥਾਂ-ਥਾਂ, ਪੈਲ਼ੀ ਦਰ ਪੈਲ਼ੀ
ਖ਼ੂਨ-ਪਸੀਨਾ ਡੋਲ੍ਹਿਆ, ਪੀੜ੍ਹੀ-ਦਰ-ਪੀੜ੍ਹੀ
ਹੋਣ ਨਾ ਦਿੱਤੀ ਕਦੇ ਵੀ, ਇਹ ਮਿੱਟੀ ਮੈਲ਼ੀ
ਭੁਗਤੇ ਸਾਡੇ ਹੱਕ ਵਿੱਚ, ਹਾਥੀ ਤੋਂ ਕੀੜੀ
ਤੁਰਦੀ ਪੈੜ ਅਜੀਤ ਸਿੰਘ ਚਾਚੇ ਤੋਂ ਆਈ
ਮਾਂ-ਮਿੱਟੀ ਦੇ ਮਾਣ ਲਈ, ਹਿੱਕ ਤਾਣ ਖਲੋਣਾ
ਜੂਝਣ ਦੀ ਹਰ ਵਾਰ ਹੈ, ਰਲ਼ ਰੀਤ ਪੁਗਾਈ
ਸਿੱਖਿਆ ਨਾ ਸਿਰ ਸੁੱਟ ਕੇ ਜ਼ੁਲਮਾਂ ਨੂੰ ਢੋਣ੍ਹਾ
ਰਾਜਗੁਰੂ, ਸੁਖਦੇਵ, ਭਗਤ, ਊਧਮ ਦੀ ਲੋਏ
ਦਾਦੇ-ਬਾਬੇ ਜਾਪਦੇ ਸਭ ਗ਼ਦਰੀ ਬਾਬੇ
ਟਿੱਬੇ ਢਾਹ-ਢਾਹ ਭਰ ਰਹੇ, ਹਰ ਹੀਲੇ ਟੋਏ
ਖੇਤ ਅਤੇ ਰਣ ਖੇਤ ਮਿਲੇ, ਮਿਲ ਇਕ-ਮਿਕ ਹੋਏ
ਹਰੇ, ਬਸੰਤੀ ਰੰਗ ਨੇ, ਰਲ਼ ਲਈ ਅੰਗੜਾਈ
ਹਥਿਆਰਾਂ ਦੇ ਸਾਹਮਣੇ ਹਲ਼ ਆਣ ਖਲੋਏ
ਦਬਕੀ ਦਿੱਲੀ ਮਾਰਦੀ, ਦਬਕੇ ਹਲ਼ਕਾਈ
ਜਾਗੇ ਖੇਤ ਉਨੀਂਦਰੇ, ਨੀਦਾਂ ਵਿਸਰਾਈਆਂ
ਪਿੰਡ ਤੁਰੇ ਬਣ ਕਾਫ਼ਲੇ, ਹੱਥ ਪਕੜ ਮਸ਼ਾਲਾਂ
ਲਈਆਂ ਮੱਲ ਚੌਗਿਰਦਿਓਂ ਦਿੱਲੀ ਦੀਆਂ ਬਾਹੀਆਂ

ਪਈਆਂ ਕੁੱਲ ਜਹਾਨ ਵਿੱਚ ਸੰਘਰਸ਼ ਧਮਾਲਾਂ
ਸੈਆਂ ਰੰਗ ਸੰਘਰਸ਼ ਦੇ, ਦੁਨੀਆਂ ਨੇ ਤੱਕੇ
ਸਾਲ ਹੋਣ ਨੂੰ ਆ ਗਿਆ, ਨਾ ਡੋਲੇ ਜੇਰੇ
ਕਿਸੇ ਨਾ ਪਲ ਵੀ ਵੇਖਿਆ, ਸਾਨੂੰ ਅੱਕੇ-ਥੱਕੇ
ਨਵੀਆਂ ਕਿਰਨਾਂ ਵੰਡਦੇ, ਨਿੱਤ ਚੜ੍ਹਨ ਸਵੇਰੇ
ਬਣੀਆਂ ਕੋਟ ਟਰਾਲੀਆਂ ਤੇ ਤੰਬੂ ਗੜ੍ਹੀਆਂ
ਬੈਠੇ ਮਾਇਆ-ਨਾਗ ਦੀ ਫੰਨ੍ਹ ਦੱਬ ਸਪੇਰੇ
ਇਕ-ਦੂਜੇ ਦੀਆਂ ਹੋਸ਼-ਜੋਸ਼ ਨੂੰ ਪਾਣਾਂ ਚੜ੍ਹੀਆਂ
ਰਾਜੇ ਸ਼ੀਂਹ ਦਹਾੜਦੇ, ਵਿਸ ਘੋਲਣ ਨੇੜ੍ਹੇ
ਦੀਵੇ ਜਗੇ ਬੁਝਾਵਣੇ, ਝੱਖੜਾਂ ਨੇ ਠਾਣੀ
ਚੱਲਣ ਲੱਗ ਪਏ ਰੋਜ਼ ਕੋਝੀਓਂ-ਕੋਝੀਆਂ ਚਾਲਾਂ
ਦਹਿਸ਼ਤ-ਗਰਦੀ, ਤਖ਼ਤ ਦੀ ਹੈ ਰੀਤ ਪੁਰਾਣੀ
ਚੌਧਰ ਨਿੱਤ ਖੜਕਾਵਦੀ, ਜ਼ੁਲਮੀ ਖੜਤਾਲਾਂ
ਇਸ ਵਾਰੀ ਮੱਛਰੇ ਮਿਸ਼ਰਿਆਂ, ਯੋਗੀ ਦੀ ਜੂਹੇ
ਲੋਹ-ਅਸੁਰਾਂ ਸੰਗ ਦਰੜ 'ਤੇ ਖੇਤਾਂ ਦੇ ਜਾਏ
ਲਾਹਨਤ ਪਾ ਕਲਜੋਗਣਾਂ ਵੀ ਢੋਏ੍ਹ ਬੂਹੇ
ਰਾਜਾ ਬੈਠਾ ਹਰਮ ਵਿੱਚ, ਪਰ ਜਸ਼ਨ ਮਨਾਏ
ਜੱਲ੍ਹਿਆਂ ਵਾਲ਼ੇ ਬਾਗ਼ ਦੀ ਇੱਕ ਖ਼ੂਨੀ ਝਾਕੀ
ਦਿੱਤੀ ਰਚ ਲਖੀਮਪੁਰ ਦਿੱਲੀ ਦਿਆਂ ਡਾਇਰਾਂ
ਸਦੀਆਂ ਤਕ ਇਹ ਤਵਾਰੀਖ ਜੱਗ ਰਹਿਣੀ ਬਾਕੀ
ਲਿਖੀ ਜੋ ਸਾਡੀ ਹਿੱਕ 'ਤੇ ਹੁਕਮਾਏ ਟਾਇਰਾਂ
ਉਹ ਹਰੇ ਰੰਗ ਨੂੰ ਚਾਹੁਣ ਸੰਨ੍ਹ ਭਗਵੇਂ ਦੀ ਲਾਈ
ਕਰਕੇ ਲਾਲ ਲਖੀਮਪੁਰ ਖੀਰੀ ਦੀ ਮਿੱਟੀ
ਦੇਣਾ ਪਾਊ ਹਿਸਾਬ ਅੰਤ ਨੂੰ ਪਾਈ-ਪਾਈ
ਲੋਕਾਂ ਫੜ੍ਹਨੀ ਇਕ ਦਿਨ, ਹਰ ਵਹਿਸ਼ੀ ਘਿੱਟੀ
ਤੱਕ ਲੈ ਆਪਣੇ ਰਾਮ-ਰਾਜ ਦਾ, ਅਸਲੀ ਚਿਹਰਾ
ਦਿਸਦੀ ਡੁੱਲ੍ਹੇ ਖ਼ੂਨ 'ਚੋਂ ਤੇਰੀ ਸ਼ਕਲ ਹੈਵਾਨੀ

ਡੋਬਣ ਸਦਾ ਸ਼ਹਾਦਤਾਂ, ਪਾਪਾਂ ਦਾ ਬੇੜਾ
ਬਿਰਥੀ ਜਾਂਦੀ ਕਦੇ ਨਾ, ਕੋਈ ਕੁਰਬਾਨੀ
ਰਹਿਣੇ ਚਾਰ ਚਿਰਾਗ਼ ਇਹ ਰੌਸ਼ਨ ਹਰ ਰੁੱਤੇ
ਆ-ਆ ਕੇ ਮਿਟ ਜਾਵਣੇ, ਸਭ ਝੱਖੜ-ਝਾਂਜੇ
ਪਾਪੀ, ਪੁੱਤਾਂ ਹੁੰਦਿਆਂ ਵੀ ਰਹਿਣ ਨਿਪੁੱਤੇ
ਪੁੱਤ ਜੁਝਾਰੂ ਸਦਾ ਸਭ ਲੋਕਾਂ ਦੇ ਸਾਂਝੇ,
ਮਾਵਾਂ ਆਈਆਂ ਜਣਦੀਆਂ ਓਨ੍ਹਾਂ ਜਣਦੀਆਂ ਰਹਿਣਾ
ਧੀਆਂ-ਪੁੱਤ, ਕਰ ਜਾਣ ਜੋ ਕੁੱਖਾਂ ਲਾਸਾਨੀ
ਮੁੜ-ਮੁੜ ਹੋ ਸੁਰਜੀਤ ਅਸੀਂ, ਜ਼ੁਲਮਾਂ ਸੰਗ ਖਹਿਣਾ
ਤੱਕਣੀ ਤੇਰੀ ਗ਼ਰਕਦੀ, ਅੰਧ-ਨਗਰੀ ਫ਼ਾਨੀ
ਤੇਰਾ ਕਹਿਰ ਬੇ-ਹੱਦ ਹੈ, ਸਾਡੀ ਮਿੱਟੀ ਚੀੜ੍ਹੀ
ਰੱਖਣੀ ਜੋ ਸੁਰਜੀਤ ਸਦਾ, ਖੇਤਾਂ ਦਿਆਂ ਲਾਲਾਂ
ਤੁਰਦਾ ਰਹਿਣਾ ਕਾਫ਼ਲਾ ਪੀੜ੍ਹੀ ਦਰ ਪੀੜ੍ਹੀ
ਪੁੱਤ-ਪੋਤੇ ਵੀ ਤੁਰਨਗੇ ਹੱਥ ਪਕੜ ਮਸ਼ਾਲਾਂ

••

# ਕਾਂਗਿਆਰੀਆਂ ਦਾ ਕੁਨਬਾ

ਜੱਲ੍ਹਿਆਂ ਵਾਲ਼ੇ ਦਾ ਸੀਨਾ, ਛਲਣੀ ਹੈ,
ਲਹੂ ਲਿਬੜੇ ਮੂੰਹ 'ਚ, ਬੁਰਕੀਆਂ ਪਾਉਂਦੇ
ਰਾਤਰੀ-ਭੋਜ ਵਰਤਾਉਂਦੇ
ਕਾਤਲਾਂ ਨੂੰ ਨਮਸਕਾਰਦੇ
ਸਿਰੋਪੇ ਭੇਟ ਕਰਦੇ
ਹੱਥਾਂ ਦੀ,
ਵੇਲ ਵਧ ਗਈ ਹੈ
ਸੰਘਰਸ਼ੀ ਬਨੇਰਿਆਂ ਦੇ ਹੰਨੇ-ਬੰਨੇ
ਬਰਾਜਦੇ ਹੀ ਰਹਿੰਦੇ ਨੇ
ਮੂਲ਼ਿਆਂ, ਕਿਰਪਾਲਾਂ ਤੇ ਨਵਾਬਾਂ ਦੇ,
ਨਜ਼ਰ-ਵੱਟੂ
ਕਣਕਾਂ ਪਾਲ਼ਦਿਆਂ
ਕਦੇ ਨਾ ਕਦੇ, ਕਿਤੇ ਨਾ ਕਿਤੇ
ਪਲ਼ ਹੀ ਜਾਂਦਾ ਹੈ
ਕਾਂਗਿਆਰੀਆਂ ਦਾ ਕੁਨਬਾ
ਖੇਤਾਂ 'ਚ ਮਿੱਟੀ ਸੰਗ ਮਿੱਟੀ ਹੁੰਦਾ ਪਿੰਡ
'ਘਰ ਦਾ ਭੇਤੀ ਲੰਕਾ ਢਾਹੇ'

ਦੀਆਂ ਕਹਾਵਤਾਂ, ਕਹਿੰਦਾ-ਕਹਿੰਦਾ
ਲਵਾ ਹੀ ਬਹਿੰਦਾ ਹੈ
ਆਪਣੀਆਂ ਕੱਚੀਆਂ ਗੜ੍ਹੀਆਂ ਨੂੰ ਸੰਨ੍ਹ
ਆਪਣੇਪਣ ਦੀਆਂ ਫ਼ਸੀਲਾਂ ਉਸਾਰਦੇ
ਇੱਟ-ਵੱਟਿਆਂ ਤੋਂ
ਉਹਨੂੰ ਪਤਾ ਵੀ ਨਹੀਂ ਲਗਦਾ
ਕਦੋਂ ਸਰਕਾ ਦਿੱਤੇ ਜਾਂਦੇ ਹਨ
ਸ਼ਾਹੀ ਆਵਿਆਂ 'ਚੋਂ,
ਇਹ ਇੱਟ-ਵੱਟੇ,
ਉਹਦੇ ਤੰਬੂ-ਟਰਾਲੀਆਂ ਦੀ ਤਹਿ ਵਿੱਚ
ਤੰਬੂਆਂ ਦੇ ਧਾਗੇ ਉਧੇੜਦੇ
ਟਰਾਲੀਆਂ ਦੀਆਂ ਟਾਇਰ-ਢਿਬਰੀਆਂ
ਢਿੱਲੀਆਂ ਕਰਦੇ
ਸੱਪਾਂ ਦੀਆਂ ਸਿਰੀਆਂ ਨੱਪਦੇ
ਹੱਥਾਂ ਨਾਲ਼ ਖਹਿੰਦੇ,
ਇਹ ਇੱਟ-ਵੱਟੇ
ਕਦੇ ਨਾ ਕਦੇ
ਬਦਲ ਹੀ ਜਾਂਦੇ ਹਨ
ਤਾਲੇਬਾਨੀ ਤੋਪਾਂ ਦੇ ਫ਼ਤਵਿਆਂ 'ਚ
ਸਿੰਘੂ ਦੇ ਸੰਘੋਂ ਨਿੱਕਲੀ ਸਿਸਕੀ
ਸਰਬੱਤ ਦੇ ਭਲੇ ਦੀ
ਸਿਖ਼ਰਲੀ ਟਾਹਣੀ 'ਤੇ ਟੰਗੀ ਪਈ ਹੈ
ਹਾਲ਼ੀ ਦਾ ਮੱਥਾ ਠਣਕਦਾ ਹੈ
ਕਾਂਗਿਆਰੀਆਂ ਦੀ ਕੂੰਜ ਲਹਿੰਦੀ ਵੇਖ

ਤ੍ਰਬਕਾ ਕਿਸਾਨ
ਹੈਰਾਨ ਹੈ, ਪ੍ਰੇਸ਼ਾਨ ਹੈ, ਪਸ਼ੇਮਾਨ ਹੈ
ਕਿ ਲਹਿਰਦੀਆਂ ਕਣਕਾਂ ਸੰਗ ਝੂਮਦਿਆਂ
ਜੁਝਾਰੂ ਜੈਕਾਰਿਆਂ 'ਚ ਜਿਉਂਦਿਆਂ
ਉਸ ਤੋਂ ਕਿੰਝ ਵਿਸਰਿਆ ਰਿਹਾ
ਕਾਂਗਿਆਰੀਆਂ ਦਾ ਕੂਹਜ ਵੇਖ
ਉਹਦੇ ਹੱਥ ਤਾਂ,
ਆਪਣੇ-ਆਪ
ਦਾਤੀ ਚੁੱਕਣ ਦੇ ਆਦੀ ਹਨ
ਹੱਥਾਂ ਦੀ ਆਦਤ ਦੇ,
ਮਾਣ ਰੱਖਣ ਦਾ,
ਸਮਾਂ ਆ ਢੁੱਕਿਆ ਹੈ
ਸਿਆਹ ਸਫ਼ਾ
ਸੁਰਖ਼ ਸਿਆਹੀ ਦੀ
ਉਡੀਕ ਵਿੱਚ ਹੈ

●●

# ਧਰਤੀ ਪਾਸਾ ਪਰਤਦੀ ਹੈ

ਮਾਂ-ਮਿੱਟੀ ਦਾ ਪਿੰਡਾ
ਝੁਲਸ ਰਿਹਾ ਹੋਵੇ
ਤਾਂ ਸਮੁੰਦਰਾਂ ਦਾ
ਘਟਾਵਾਂ ਬਣ ਆ ਜਾਣਾ
ਮੇਘ ਬਣ ਵਰ੍ਹ ਪੈਣਾ
ਕਿਸੇ ਵਰੁਣ ਦੇ ਵਰ
ਖ਼ਵਾਜ਼ੇ ਦੀ ਖ਼ੈਰ
ਜਾਂ ਇੰਦਰ ਦੀ,
ਅਦਾਕਾਰੀ ਦਾ ਜਲਵਾ ਨਹੀਂ
ਮਿੱਟੀ ਦੀ ਪਿਆਸ ਦਾ
ਪਰਤਾਪ ਹੁੰਦੈ...
ਮਾਇਆਧਾਰੀਆਂ ਦੇ
ਫ਼ੌਲਾਦੀ ਪਿੰਜਰਿਆਂ ਤੋਂ
ਸ੍ਵੈ-ਮੁਕਤੀ ਲਈ
ਨਦੀਆਂ ਦਾ,
ਮਹਾਂ-ਪ੍ਰਲੋ 'ਚ ਬਦਲ ਦੇਣਾ
ਆਪਣਾ ਸਹਿਜ

ਤੇ ਨੇਸਤੋ-ਨਾਬੂਦ ਕਰ ਦੇਣੀਆਂ
ਤਮਾਮ ਕਿਲ੍ਹੇਬੰਦੀਆਂ
ਕੋਈ ਕੌਤਕੀ ਕਹਿਰ ਨਹੀਂ
ਅੱਤ ਨੂੰ ਅੱਤ ਦੀ ਭਾਸ਼ਾ 'ਚ ਦਿੱਤਾ,
ਵਾਜਬ ਜਿਹਾ ਜਵਾਬ ਹੁੰਦੈ
ਜਦ ਵੀ ਖੇਤਾਂ 'ਚ
ਫ਼ਸਲਾਂ ਦੀ ਥਾਂ
ਸਵਾਲ ਲਹਿਰਦੇ ਨੇ
ਤੇ ਜਵਾਬਾਂ ਦੀ ਥਾਂ
ਮੱਲ ਲੈਂਦੇ ਨੇ—
ਖ਼ੁਦਕੁਸ਼ੀਆਂ ਦੇ ਵੇਰਵੇ
ਵਿੰਨ੍ਹੀ ਜਾਂਦੀ ਹੈ,
ਮਿੱਟੀ ਦੀ ਮਰਿਆਦਾ
ਮਰਿਆਦਾ ਪਾਲਕਾਂ ਦੇ
ਮੁਖੌਟਿਆਂ ਦੀ ਓਟ 'ਚੋਂ ਆਉਂਦੇ
ਸੁਨਹਿਰੀ ਤੀਰਾਂ ਨਾਲ਼
ਜਾਗਦਾ ਹੈ ਉਸ ਘੜੀ :
ਹਲ਼ਾਂ ਦਾ ਹਰਖ਼
ਦਾਤੀ ਦਾ ਦਰਦ
ਰੰਬੇ ਦੀ ਰੂਹ
ਖੇਤੀਂ ਲੱਗੀ ਸੰਨ੍ਹ
ਜਦ-ਜਦ ਵੀ
ਸਿਆੜਾਂ ਦਾ ਸਾਹ ਸੂਤਦੀ ਹੈ
ਧਰਤੀ ਪਾਸਾ ਪਰਤਦੀ ਹੈ

ਪੈਲ਼ੀਆਂ ’ਚ ਫੇਰ,
ਭਾਣਾ ਵਰਤਿਆ ਹੈ
ਤਖ਼ਤ ਦਾ ਤੰਦੂਆ,
ਕੁਬੇਰ ਦੇ ਉਡਣ-ਖਟੌਲੇ ਚੜ੍ਹ
ਸਿਆੜੋ-ਸਿਆੜੀ ਫੈਲ ਗਿਆ ਹੈ
ਹਾਲ਼ੀਆ ਦਾ ਸਬਰ
ਛਲਕਿਆ ਹੈ
ਕਿਰਤੀ ਦਾ ਰੋਹ
ਰੁਮਕਿਆ ਹੈ
ਮਾਇਆ ਦਾ ਰਥ ਜਰਕਿਆ ਹੈ
ਧਰਤੀ ਨੇ ਪਾਸਾ ਪਰਤਿਆ ਹੈ

●●

# ਅਸੀਂ ਚੱਕਰਵਰਤੀਆਂ ਦੇ ਘੋੜੇ ਘੇਰਦੇ ਹਾਂ

ਆਦੋ ਅਦਨੇ, ਹੀਣ ਜੁਗਾਦੋਂ
ਓਨ੍ਹਾਂ ਦੀਆਂ ਪੋਥੀਆਂ ਅੰਦਰ
ਸਾਡਾ ਏਹੋ ਜ਼ਿਕਰ ਰਿਹਾ ਹੈ—
ਸਾੜਸਤੀ ਦੇ ਹਮਸਾਇਆਂ ਨੂੰ
ਸਿੰਘਾਸਨ ਦੇ ਪ੍ਰਚਾਇਆਂ ਨੂੰ
ਸਾੜ-ਸਤੀ ਦੇ ਜਸ-ਗਾਇਨ ਲਈ
ਪਰਲੋ ਦੇ ਸਿਰਨਾਵਿਆਂ ਖ਼ਾਤਰ,
ਜ਼ਖ਼ਮੀ ਜੂਹਾਂ, ਘਾਇਲ ਬਰੂੰਹਾਂ
ਸਹਿਮੇ-ਸਹਿਮੇ ਦਰਾਂ-ਘਰਾਂ ਵਿੱਚ
ਸਾਹਾਂ ਦੇ ਲਈ ਪਵਨ-ਦੇਵ ਸੰਗ
ਲੁਕਣ-ਮੀਟੀ ਖੇਡ-ਖੇਡ ਕੇ
ਥੱਕੇ-ਹਾਰੇ ਕਲਬੂਤਾਂ ਲਈ
ਸੁਰਗ-ਲੋਕ ਦੇ ਦਰ ਖੋਲ੍ਹਣ ਦਾ
ਮੁੱਢ-ਕਦੀਮੋਂ ਫ਼ਿਕਰ ਰਿਹਾ ਹੈ...
ਦੇਵਤਿਆਂ ਦੀਆਂ ਵਾਹਰਾਂ ਵਿੱਚੋਂ
ਕਿਹੜੇ ਵੇਲ਼ੇ, ਖ਼ਬਰੇ ਕਿਹੜਾ
ਸਾਡੇ ਸਬਰ ਦੀ, ਸੁੱਖ-ਸਾਂਦ ਦੀ
ਓਨ੍ਹਾਂ ਨੂੰ ਇਤਲਾਹ ਦੇਂਦਾ ਏ
ਦੋਹਰੇ ਹੋਇਆਂ ਦੇ ਮੱਥਿਆਂ 'ਤੇ
ਚੁੱਪ-ਚੁਪੀਤਾ ਹੋਰ ਝੁਕਣ ਦੀਆਂ

ਕੁਝ ਕੁ ਲੀਕਾਂ ਵਾਹ ਦੇਂਦਾ ਏ...
ਧਰਤੀ ਜਾਈਆਂ, ਸਾਡੀਆਂ ਮਾਈਆਂ
ਅਗਨ-ਪ੍ਰੀਖਿਆ, ਸੰਗ ਪ੍ਰਨਾਈਆਂ
ਇਕ ਤਾਅਨੇ ਤੋਂ ਹਾਰੇ ਹੋਏ
ਸ਼ਾਹੀ ਸਿਰ ਦੇ ਮੇਚ ਨਾ ਆਈਆਂ
ਮਰਿਆਦਾ ਦੀ ਮਿੱਝ ਦਾ ਮੌਹਰਾ
ਜਬਰੀ ਕੰਠ ਉਨ੍ਹਾਂ ਦੇ ਚੋਇਆ
ਸਾਡਾ ਲੂੰ-ਲੂੰ ਚਸ਼ਮਦੀਦ ਹੈ
ਕਿੱਥੇ-ਕਿੱਥੇ, ਕੀ-ਕੀ ਹੋਇਆ...
ਅਸੀਂ ਉਨ੍ਹਾਂ ਦੀ ਜੱਦ ਵਿੱਚੋਂ ਹਾਂ
ਅਕਸਰ ਜੋ ਤ੍ਰਿਸਕਾਰੇ ਜੰਮੇ
ਬਸ ਇਕ ਮਾਂ ਮਿੱਟੀ ਦਾ ਮੋਹ ਹੀ
ਆਦਿ-ਜੁਗਾਦੋਂ ਜਿਨ੍ਹਾਂ ਦੀ ਪੂੰਜੀ
ਇਸ ਪੂੰਜੀ ਦੀਆਂ ਪਲਕਾਂ ਉੱਤੋਂ
ਮੋਹ-ਮਮਤਾ ਦੀਆਂ ਫੁੱਲ-ਪੱਤੀਆਂ ਨੂੰ
ਝਾੜਨ-ਝੰਬਣ ਖ਼ਾਤਰ ਜਦ ਵੀ
ਚੱਕਰਵਰਤੀਆਂ ਦੀ ਚੌਧਰ ਦੇ
ਘੋੜੇ ਹਿਣਹਿਣਾਉਂਦੇ ਢੁੱਕਣ
ਅਸੀਂ ਹੀ ਉਹ ਜ਼ੱਰੇ ਹਾਂ ਜਿਹੜੇ
ਹੋਣੀਆਂ ਤੇ ਅਣਹੋਣੀਆਂ ਸੱਭੇ ਭੁੱਲ-ਭੁਲਾ ਕੇ
ਮਰਿਆਦਾ ਦੇ ਠਿੱਬੇ ਛਿੱਤਰ,
ਛਿੱਕੇ ਟੰਗ ਕੇ
ਕਣ-ਕਣ ਜੁੜ ਕੇ... ਪਰਬਤ ਹੋ ਕੇ
ਅਸ਼ਵਮੇਧ ਯੱਗਾਂ ਦੇ ਘੋੜੇ,
ਘੇਰ ਖਲੋਈਏ—
ਕਿਸੇ ਵੀ ਯੁੱਗ ਵਿੱਚ
ਕੋਈ ਵੀ ਚੱਕਰਵਰਤੀ ਰਾਜਨ
ਸਾਡੇ ਹੁੰਦਿਆਂ-ਸੁੰਦਿਆਂ ਸਾਡੀ

ਮਾਂ-ਮਿੱਟੀ ਦੇ, ਸੁੱਖਾਂ-ਲੱਧੇ ਸੀਨੇ ਉੱਤੇ
ਆਪਣੇ ਚੱਕਰਵਰਤੀਪਣ ਦੇ
ਘੋੜੇ ਦੀਆਂ ਕਲਹਿਣੀਆਂ ਟਾਪਾਂ,
ਲਾ ਨਈਂ ਸਕਦਾ
ਸਾਡੇ ਸਾਹੀਂ, ਸਾਹ ਲੈਂਦੀਆਂ
ਖ਼ਾਬਾਂ ਦੇ ਵਿੱਚ ਉੱਸਰ ਆਈਆਂ
ਸਬਰ-ਸਿਦਕ ਦੀਆਂ ਗੜ੍ਹੀਆਂ ਤਾਈਂ
ਕੋਈ ਕਿਲ੍ਹਾ ਝੁਕਾ ਨਈਂ ਸਕਦਾ—
ਚਾਰੇ ਯੁੱਗ ਜ਼ਾਮਨੀ ਭਰਦੇ
ਸੱਭੇ ਰੁੱਤਾਂ ਦੇਣ ਗਵਾਹੀਆਂ
ਖਿੱਤੀਆਂ ਘੁੰਮ-ਘੁੰਮ ਤੱਕਣ ਆਈਆਂ...
ਲਓ ਵੇਖੋ! ਇਕ ਵਾਰ ਅਸਾਂ ਫਿਰ
ਚੱਕਰਵਰਤੀਆਂ ਦੀ ਹੈਂਕੜ ਦੇ
ਅੱਥਰੇ ਘੋੜੇ ਰੋਕ ਲਏ ਨੇ
ਮਾਂ-ਮਿੱਟੀ ਦੀ ਅਗਨ-ਪਰੀਖਿਆ
ਦੇ ਲਈ ਤਾਏ ਕੁਲ ਅਗਨ-ਕੁੰਡ
ਪੂਰੇ ਪਏ ਨੇ
ਹਾਲੇ ਵੀ ਪਰ... ...
ਕਿੰਨੇ ਖ਼ਾਬ ਅਧੂਰੇ ਪਏ ਨੇ
ਜਿੰਨ੍ਹਾਂ ਸਾਡੇ ਮੱਥਿਆਂ ਵਿੱਚ
ਸੁਲਗਦੇ ਰਹਿਣਾ
ਸਾਨੂੰ ਚੱਕਰਵਰਤੀ
ਘੋੜਿਆਂ ਨੂੰ ਘੇਰਨ ਦੀ
ਜਾਚ ਕਦੇ ਨਈਂ ਭੁੱਲਣ ਦੇਣੀ... ......
.... ... ਤੇ ਫਿਰ ਕੋਈ
ਅਗਨ-ਪ੍ਰੀਖਿਆ ਨਈਂ ਹੋਏਗੀ

●●

# ਰਾਤ ਦੇ ਮੁੱਕਣ ਤਕ

ਰਾਤ ਪਿੰਡੀ ਲੁੱਟੇ ਜਾਣ ਵੇਲ਼ੇ ਹੀ ਨਹੀਂ
ਉਸ ਤੋਂ ਪਹਿਲਾਂ ਵੀ ਬਾਕੀ ਸੀ
ਪਹਿਲਾਂ ਤੋਂ ਵੀ ਪਹਿਲਾਂ
ਤੇ ਉਸ ਤੋਂ ਵੀ ਪਹਿਲਾਂ
ਬਾਕੀ ਸੀ ਰਾਤ
ਰਾਤ ਪਿੰਡੀ ਲੁੱਟੇ ਜਾਣ ਨਾਲ਼
ਮੁੱਕੀ ਨਹੀਂ
ਗੁਰਦਾਸ ਨੰਗਲ ਦੀ ਗੜ੍ਹੀ
ਦੀ ਗਰਜ ਬਾਅਦ ਵੀ
ਰਾਤ ਜਸ਼ਨ ਮਨਾਉਂਦੀ ਰਹੀ
ਪਗੜੀ ਸੰਭਾਲਣ ਦੀਆਂ ਹੇਕਾਂ
ਸਾਹਵੇਂ ਹੁੰਕਾਰਦੀ ਰਾਤ
ਗ਼ਦਰ-ਗੂੰਜਾਂ ਦੀ ਗੂੰਜ ਤੋਂ
ਭੈਅ-ਭੀਤ ਰਾਤ
ਕਿੰਨੀ ਕੁਲੱਛਣੀ ਹੁੰਦੀ ਹੈ
ਜੱਲ੍ਹਿਆਂਵਾਲ਼ਾ ਬਾਗ਼,
ਦੱਸ ਪਾਉਂਦਾ ਹੈ

ਸਤਲੁੱਜ ਦੀ ਜੂਹ,
ਗਵਾਹੀ ਭਰਦੀ ਏ
ਕੈਕਸਟਨ ਹਾਲ ਕੂਕਦਾ ਏ,
ਅਸੀਂ ਦੀਵਿਆਂ 'ਚ ਤੇਲ ਪਾਉਂਦੇ ਹਾਂ
ਉਹ ਰਾਤ 'ਚ ਸਾਹ ਫੂਕਦਾ ਏ
ਰਾਤ ਆਜ਼ਾਦੀ ਦੀ
ਆੜ 'ਚ ਉਡਦੀ,
ਦੀਵਿਆਂ ਦਾ ਦਮ ਭਰਦੀ ਹੈ
ਉਨ੍ਹਾਂ ਨੂੰ ਬੇ-ਦਮ ਕਰਦੀ ਹੈ
ਅਸੀਂ ਬੇ-ਦਮੇਂ ਦੀਵਿਆਂ ਨੂੰ
ਦਮਾਂ ਨਾਲ ਨਵਾਜਿਆ ਹੈ
ਸੰਘਰਸ਼ੀ-ਨੂਰ ਵਿਹਾਜਿਆ ਹੈ
ਸੂਰਜਾਂ ਨੂੰ ਸਹੇਜਦੇ ਮੱਥੇ
ਚਾਨਣੀ ਦੇ,
ਦਾਅਵੇਦਾਰ ਬਣੇ ਨੇ
ਰਾਤ ਨੇ ਜਮਹੂਰੀਅਤ ਦੀ
ਡੰਡ ਪਾਈ ਹੈ
ਚਾਨਣਾਂ ਵਿਚ ਚੋਣ-ਚਿੰਨ੍ਹੀ
ਵੰਡ ਪਾਈ ਹੈ
ਵੰਡੇ ਚਾਨਣ,
ਦੀਵਿਆਂ ਦੀ ਜਾਤ ਨੌਲ਼ਦੇ ਨੇ
ਮਸ਼ਾਲਾਂ ਨੂੰ
ਮਦਾਰੀਪਣ ਦੇ
ਮਸ਼ਵਰੇ ਦੇਂਦੇ ਨੇ

ਵੰਡੇ ਚਾਨਣ ਦੀਆਂ ਮੰਜੀਆਂ ’ਤੇ
ਵਾਰੋ-ਵਾਰੀ ਬਰਾਜਦੀ ਹੈ ਰਾਤ
ਕਿਸੇ ਨੂੰ ਕੂੜ
ਕਿਸੇ ਨੂੰ ਕਪਟ
ਨਾਲ਼ ਨਿਵਾਜ਼ਦੀ ਹੈ ਰਾਤ
ਬਹੁਤ ਗਹਿਰੀ ਹੁੰਦੀ ਹੈ
ਦਾਤਾਂ ਵੰਡਦੀ ਰਾਤ
ਰਾਤ ਦੀ ਦਾਤ
ਤੇ ਦਾਤ ਦੀ ਰਾਤ
ਛੇਤੀ ਨਹੀਂ ਮੁਕਦੀ
ਤੇ ਹੁੰਗਾਰਾਹੀਣ ਹੋ ਜਾਣਾ
ਸਾਨੂੰ ਨਹੀਂ ਪੁੱਗਦਾ
ਰਾਤ ਨੂੰ ਮੁਖ਼ਾਤਿਬ ਹੋਣ ਲਈ
ਜਗਣਾ ਹੀ ਜਗਣਾ ਹੈ ਅਸੀਂ
ਉਸ ਘੜੀ ਤਕ,
ਉਸ ਪਲ ਤਕ,
ਜਦੋਂ ਤਕ ਰਾਤ ਨਹੀਂ ਮੁੱਕਦੀ

●●

# ਕ੍ਰਿਸ਼ਮਾ ਇੰਝ ਹੀ ਹੁੰਦੈ

ਕੋਇਲ-ਬੁਲਬੁਲ
ਤਿਤਲੀ-ਚਕਵੀ
ਮੂਨ-ਮੀਨ
ਚਿੜੀ-ਚਕੋਰੀ
ਸਭ ਦੇ ਸਭ ਦੀ
ਤੜਪ 'ਚ ਤਪਦੀ
'ਬਾਤਾਂ ਪਾਉਂਦੀ ਲਾਟ'
ਦੀ ਪਪੀਹਾਈ ਹੂਕ ਦਾ
ਹੱਕ ਅਦਾ ਕਰਦਾ
ਕਿਰਨਾਂ ਦਾ ਕਬੀਲਾ
ਹਨੇਰਿਆਂ ਦੀਆਂ
ਹੱਦਾਂ-ਸਰਹੱਦਾਂ
ਕਦੋਂ ਪਰਵਾਨਦਾ ਹੈ—
ਕਾਲਖ਼ ਦੇ ਕੋਟਾਂ ਦਾ ਕੂੜਾ,
ਬੁਹਾਰੇ ਬਿਨਾਂ
ਸਵੇਰਿਆਂ ਦੀ ਉਡੀਕ 'ਚ
ਬਹਿ ਰਹਿਣ ਦੀ ਗੁੜ੍ਹਤੀ
ਚਿਰਾਗ਼ਾਂ ਦੀ ਜੱਦ ਨੂੰ,
ਜਣਨ ਵਾਲੀਆਂ ਕੁੱਖਾਂ,

ਦਾ ਤੇਜ਼
ਕਦੇ ਨਹੀਂ ਕਬੂਲਦਾ
ਬਾਤਾਂ ਪਾਉਂਦੀ ਲਾਟ
ਕਦੇ ਇਕੱਲੀ ਨਹੀਂ ਹੁੰਦੀ
ਉਹਦੀ ਬਾਤ ਕਦੇ ਵੀ
ਅਸੁਣੀ ਨਹੀਂ ਰਹਿੰਦੀ
ਉਹਨੂੰ ਸੁਣਨ ਲਈ ਹੀ
ਚੰਨ-ਸੂਰਜ
ਵਾਰੀ-ਸਿਰ
ਆਉਂਦੇ ਜਾਂਦੇ ਰਹਿੰਦੇ
ਖਿੱਤੀਆਂ,
ਉਹਦੀ ਭਾਲ 'ਚ ਘੁੰਮਦੀਆਂ
ਕਹਿਕਸ਼ਾਂ ਉਹਦਾ
ਰਾਹ ਬਣਦੀ
ਤਾਰੇ ਉਹਦੇ ਹੁੰਗਾਰੇ 'ਚ
ਟਿਮਟਿਮਾਉਂਦੇ
ਤ੍ਰੇਲ ਉਹਨੂੰ ਧੋਣ ਲਈ ਤਰਸਦੀ
ਹਵਾ ਉਹਦਾ
ਰਥ ਵੀ, ਰਥਵਾਨ ਵੀ
ਧੁੱਪ ਇਸੇ ਤਾਂਘ 'ਚ ਤਪਦੀ
ਕਿ ਰੁੱਖ ਉਹਨੂੰ
ਛਾਂ ਕਰਨ ਦਾ ਚੇਤਾ ਰੱਖਣ
ਖੰਡ-ਬ੍ਰਹਿਮੰਡ
ਕੰਨ ਹੋ ਨਿਬੜਦੇ...
ਬਾਤਾਂ ਪਾਉਂਦੀ ਲਾਟ
ਬਾਤੋ-ਬਾਤੀ
ਤੁਰਦੀ-ਤੁਰਦੀ

ਸੰਘਰਸ਼ੀ ਸੁਨੇਹੇ ਦਾ
ਲੋਕ-ਗੀਤ ਬਣ
ਸ਼ਹਿਰ ਦੀ ਸੁਰਤ
ਪਿੰਡ ਦੀ ਰੂਹ,
'ਚ ਸਮਾ ਜਾਂਦੀ
ਮੱਥਿਆਂ 'ਚ,
ਮਸ਼ਾਲਾਂ ਜਗਾ ਜਾਂਦੀ
ਬੁੱਤਾਂ ਨੂੰ ਬੋਲਣ ਦੀ
ਜਾਗ ਲਾ ਜਾਂਦੀ
ਦਹਿਲੀਜ਼ ਦਾ ਦਰਦ
ਸਰਦਲ ਦੀ ਸੁੱਖ
ਇਕੋ ਸਾਹੇ,
ਸਾਕਾਰ ਹੋ ਉੱਠਦੀ,
'ਜ਼ਫ਼ਰਨਾਮਾ'
ਇਨਕਲਾਬੀ ਨਾਅਰਿਆਂ ਨੂੰ
ਨੁਹਾਰ ਬਖਸ਼ਦਾ,
ਦਿੱਲੀ ਦਹਿਲ ਜਾਂਦੀ,
ਕ੍ਰਿਸ਼ਮਾ, ਸ਼ਾਇਦ
ਇੰਝ ਹੀ ਹੁੰਦੈ
ਹਾਂ,
ਕ੍ਰਿਸ਼ਮਾ ਇੰਝ ਹੀ ਹੁੰਦੈ
●●

# ਬਾਤਾਂ ਪਾਉਂਦੀ ਲਾਟ

*(ਕਾਵਿ-ਨਾਟ ਦੇ ਰੂਬਰੂ)*

ਲਾਟ ਅੱਖਾਂ ਹੀ ਨਹੀਂ
ਕੰਨਾਂ ਦੀ ਵੀ ਲਗਦੀ ਹੈ ਕੁਛ
ਉਹ ਸਿਰਫ਼ ਵੇਖੇ ਜਾਣ ਲਈ ਹੀ ਨਹੀਂ
ਸੁਣੇਂ ਜਾਣ ਲਈ ਵੀ ਸਹਿਕਦੀ ਹੈ
ਮਹਿਸੂਸ ਹੋਣ ਲਈ ਮਹਿਕਦੀ ਹੈ
ਸਾਹਾਂ 'ਚ ਧੜਕਣਾ ਲੋਚਦੀ ਹੈ
ਆਹਾਂ 'ਚ ਰੜਕਣਾ ਲੋਚਦੀ ਹੈ
ਲਾਟ ਅਕਸਰ ਬਾਤਾਂ ਪਾਉਂਦੀ ਹੈ
ਹੁੰਗਾਰਾ ਲੋੜਦੀ ਹੈ
ਹੁੰਗਾਰਾ ਲੋੜਦੀ
ਰਿਸ਼ਤੇ ਜੋੜਦੀ
ਫ਼ਤਵੇ ਮਚਕੋੜਦੀ
ਅੰਧਕਾਰੀਆਂ ਵਲਗਣਾਂ ਦੇ
ਬੰਨ੍ਹ ਤੋੜਦੀ
ਕਾਫ਼ਲਿਆਂ ਦੀ ਹਮਸਫ਼ਰੀ ਦਾ
ਦਮ ਭਰਦੀ
ਜੁਝਾਰੂ ਸਿਰਾਂ ਨੂੰ
ਸਿਜਦਾ ਕਰਦੀ
ਆਦਰਾਂ ਦਾ ਸੇਕ ਸਹਿੰਦੀ
ਮੱਥੇ ਰੁਸ਼ਨਾਉਂਦੀ
ਪੈਰਾਂ ਨੂੰ ਜਾਗ ਲਾਉਂਦੀ
ਹੂਕ ਤੋਂ ਹੇਕ
ਹੇਕ ਤੋਂ ਵੰਗਾਰ
ਵੰਗਾਰ ਤੋਂ ਹਥਿਆਰ
ਬਣੀ ਲਾਟ
ਜੁਝਾਰੂ ਹੱਥਾਂ ਦਾ ਸਹਾਰਾ
ਚਾਹੁੰਦੀ ਹੈ
ਖੁੱਲ੍ਹੀਆਂ ਅੱਖਾਂ ਦਾ
ਜਾਗਦੇ ਸਿਰਾਂ ਦਾ
ਪਸਾਰਾ ਚਾਹੁੰਦੀ ਹੈ
ਬਾਤਾਂ ਪਾਉਂਦੀ ਲਾਟ
ਹਰ ਬਾਤ ਦਾ
ਹੁੰਗਾਰਾ ਚਾਹੁੰਦੀ ਹੈ
ਕਵੀ ਕਲਪਣਾ ਕਰਦੈ :
ਆਉਂਦੇ-ਦਿਨ
ਹੁੰਗਾਰਿਆਂ ਦੀ
ਹੁਕਮਰਾਨੀ ਦੇ
ਦਿਨ ਹੋਣਗੇ

# ਬਾਤਾਂ ਪਾਉਂਦੀ ਲਾਟ

*(ਇਕ ਪਾਤਰੀ ਕਾਵਿ-ਨਾਟ)*

**ਮੰਚ ਪ੍ਰਵੇਸ਼ ਨਾਲ਼, ਪਿਛੋਕੜ 'ਚੋਂ ਉੱਭਰਦੀ ਆਵਾਜ਼ :**

ਮੈਂ ਤੱਤਭੜੱਤੀ ਕਿਰ ਗਈ, ਤੇਰੀ ਮੁੱਠੋਂ ਬਣ ਕੇ ਰੇਤ
ਮੈਂ ਫ਼ਸਲੋਂ ਹੋਈ ਨਿਫ਼ਸਲੀ, ਤੂੰ ਕਿੱਦਾਂ ਵਾਹੇ ਖੇਤ।
ਨਾ ਟੁੱਟੀ ਟਾਹਣ ਧਰੇਕ ਦੀ, ਉਹ ਬਣ ਗਈ ਲੋਹੇ-ਹਾਰ
ਤੂੰ ਕੱਖੋਂ ਹੌਲ਼ਾ ਹੋ ਗਿਓਂ, ਉਹਦੇ ਉੱਤੇ ਲਟਕਣ ਸਾਰ।
... ... ... ... ... ... ... ... ... ... ... ... ... ...
... ... ... ... ... ... ... ... ... ... ... ... ... ...
ਮੈਂ ਮਿੱਟੀਏ ਮਿੱਟੀ ਹੋ ਗਈ, ਮੰਗਦੀ ਰਾਹਾਂ ਦੀ ਖ਼ੈਰ
ਚੁੱਕ ਤੁਰੀ ਕਸੂਰੀ ਜੁੱਤੀਆਂ, ਤੇ ਪਿੱਛੇ ਭੁੱਲ ਗਈ ਪੈਰ
ਮੈਂ ਰੀਝੀ ਐਸੀ ਰੱਥ 'ਤੇ, ਜਿਹਦੀ ਢਿੱਲੀ ਹਰ ਇਕ ਚੂਲ਼
ਮੈਂ ਪੋਟਾ-ਪੋਟਾ ਪੈਰ ਹੁਣ, ਤੇ ਲੂੰ-ਲੂੰ ਮੇਰਾ ਸੂਲ਼
ਕੀ ਬਾਤਾਂ ਪਾਵਾਂ ਦਿਲ ਦੀਆਂ, ਮੈਂ ਗੂੰਗੀ ਹੋਈ ਲਾਟ
ਜਣ-ਜਣ ਸਰਹੱਦਾਂ ਖਾ'ਗੀਆਂ, ਸਾਨੂੰ ਸਣ ਮੰਜ਼ਿਲ ਸਣ ਵਾਟ
... ... ... ... ... ... ... ... ... ... ... ... ... ...

ਸਰਹੱਦਾਂ,
ਮੇਰੇ ਜੀਣ ਦੀਆਂ, ਮੇਰੇ ਮਰਨ ਦੀਆਂ
ਮੇਰੇ ਤੁਰਨ, ਪੁਲਾਂਘਾਂ ਭਰਨ ਦੀਆਂ

ਮੇਰੇ ਪੱਤਣਾਂ ’ਤੇ ਡੁੱਬ ਜਾਣ ਦੀਆਂ
ਤੇ ਲਹੂ ਦੀਆਂ ਨਦੀਆਂ ਤਰਨ ਦੀਆਂ
ਇਹ ਹੱਦਾਂ ਕੌਣ ਬਣਾਉਂਦਾ ਏ?
ਸਰਹੱਦਾਂ ਕੌਣ ਬਣਾਉਂਦਾ ਏ?

… … … … … … … … …

… … … … … … … … …

ਖੇਤਾਂ ਦੀਆਂ ਵੱਟਾਂ ਤੋਂ ਵੱਡੀ, ਮੈਂ ਵੰਡ ਕਦੇ ਵੀ ਸੋਚੀ ਨਾ
ਹੱਥਾਂ ਦੀਆਂ ਲੀਕਾਂ ਤੋਂ ਵਧ ਕੇ ਕੋਈ ਲੀਕ ਕਦੇ ਮੈਂ ਲੋਚੀ ਨਾ
ਜੋ ਲੋ ਨੂੰ ਲੀਕੀਂ ਵੰਡ ਦਵੇ ਕੋਈ ਐਸੀ ਕਾਨੀ ਬੋਚੀ ਨਾ
ਲਿਖ ਹੋਵੇ ਜਿਸ ’ਤੇ ‘ਹੱਦ’ ਸ਼ਬਦ ਮੈਂ ਐਸੀ ਫੱਟੀ ਪੋਚੀ ਨਾ…

… … … … … … … … … … … … … …

… … … … … … … … … … … … … …

ਫਿਰ ਵੀ ਮੇਰੇ ਪੱਬ ਧਰਨ ਦੀਆਂ
ਨਿਰਭਓ ਹੋਵਣ ਤੇ ਡਰਨ ਦੀਆਂ
ਪੋਹ-ਮਾਘ ਦੀ ਰੁੱਤੇ ਸੜਨ ਦੀਆਂ
ਤੇ ਜੇਠ-ਹਾੜ੍ਹ ਵਿੱਚ ਠਰਨ ਦੀਆਂ
ਆਪਣੇ ਹੰਝੂਆਂ ਵਿੱਚ ਖਰਨ ਦੀਆਂ
ਮੇਰੀ ਕੁੱਖ ਨੂੰ ਸੱਖਣੇ ਕਰਨ ਦੀਆਂ
ਇਹ ਹੱਦਾਂ ਤਾਜ ਬਣਾਉਂਦਾ ਏ
ਸਰਹੱਦਾਂ ਤਖ਼ਤ ਬਣਾਉਂਦਾ ਏ
ਅੱਜ ਸ਼ੰਭੂ, ਸਿੰਘੂ, ਟਿੱਕਰੀ ਵੀ
ਮੈਨੂੰ ਵਾਹਘੇ ਵਾਂਗ ਸਤਾਉਂਦਾ ਏ

ਵਾਹਘਾ--- ਵਾਹਘਾ--- ਵਾਹਘਾ

ਵਾਹਘੇ ਵਗੀ ਲਕੀਰ ਇਕ ਮੇਰਾ ਤਨ-ਮਨ ਚੀਰ ਗਈ
ਮੇਰੇ ਸਿਰ 'ਤੇ ਸੋਂਹਦੀ ਚੁੰਨੜੀ ਹੋ ਲੀਰੋ-ਲੀਰ ਗਈ
ਮੈਨੂੰ ਚੱਬਿਆ ਚੁੱਕ ਚਨਾਬ ਨੇ, ਕੁਝ ਰਾਵੀ ਜੀਰ ਗਈ
ਮੈਨੂੰ ਸਭ ਕੁਝ ਯਾਦ ਜੋ ਆਖਦੀ, ਮਾਂ ਅਖ਼ੀਰ ਗਈ :

... ... ... ... ... ... ... ... ... ... ... ... ... ...

... ... ... ... ... ... ... ... ... ... ... ... ... ...

ਵੀਰਾਂ ਵਾਲੀ ਦਿਆਂ ਵੀਰਾਂ ਨੇ, ਵਖ਼ਤਾਂ ਦੇ ਵਰਕੇ ਪਾੜ ਲਏ
ਸਭ ਸਾਲੂ, ਸੁੱਬਰ, ਫੁਲਕਾਰੀ, ਓਨ੍ਹਾਂ ਸਣੇ ਭੈਣ ਦੇ ਸਾੜ ਲਏ।
ਕੀ ਹਮਸਾਇਆਂ ਨੂੰ ਦੋਸ਼ ਦਿਆਂ, ਪਿਓ ਨੇ ਵੀ ਜ਼ਹਿਰ ਇਹ ਫ਼ੱਕੀ ਨਾ
ਜਿਉਂਦੇ ਜੀ ਮੋਈ ਜੀਣੀ ਦੀ, ਉਸ ਲਾਸ਼ ਵੀ ਮੁੜ ਕੇ ਤੱਕੀ ਨਾ।
ਮੁੜ-ਮੁੜ ਕੇ ਸਲਮਾ ਕੋਈ੍ ਗਈ, ਮਰ ਕੇ ਵੀ ਫ਼ਾਤਮਾ ਰੋਈ ਗਈ,
ਚੰਨੋ ਦੀਆਂ ਚੀਕਾਂ ਹਾਲੇ ਤਕ, ਅੱਲ੍ਹਾ ਦਾ ਤਖ਼ਤ ਹਿਲਾਉਂਦੀਆਂ ਨੇ
ਮਾਂ ਕਹਿੰਦਿਆਂ-ਕਹਿੰਦਿਆਂ ਹੀ ਤੁਰ ਗਈ,
ਉਹਨੂੰ ਵੰਡ ਦੀਆਂ ਲਪਟਾਂ ਤਾਉਂਦੀਆਂ ਨੇ।

... ... ... ... ... ... ... ... ... ... ... ... ... ...

... ... ... ... ... ... ... ... ... ... ... ... ... ...

ਵੰਡ--- ਵੰਡ --- ਵੰਡ--- ਬਸ ਵੰਡ--- :

ਧਰਤੀ ਦੀ ਵੰਡ, ਨਸਲਾਂ ਦੀ ਵੰਡ
ਖੇਤਾਂ ਦੀ ਵੰਡ, ਫ਼ਸਲਾਂ ਦੀ ਵੰਡ
ਜੂਹਾਂ ਦੀ ਵੰਡ, ਰਾਹਵਾਂ ਦੀ ਵੰਡ
ਸਿਰਾਂ ਦੀ ਵੰਡ, ਬਾਹਵਾਂ ਦੀ ਵੰਡ
ਦੁੱਖਾਂ ਦੀ ਵੰਡ, ਚਾਵਾਂ ਦੀ ਵੰਡ
ਦਾਦੀਆਂ, ਨਾਨੀਆਂ, ਮਾਵਾਂ ਦੀ ਵੰਡ

ਧੁੱਪਾਂ ਦੀ ਵੰਡ, ਛਾਵਾਂ ਦੀ ਵੰਡ
ਜੰਗਲ, ਜੂਹਾਂ, ਦਰਿਆਵਾਂ ਦੀ ਵੰਡ
ਤਖ਼ਤਾਂ ਦੇ ਕਹਿ 'ਤੇ, ਮਾਇਆ ਦੀ ਸ਼ਹਿ'ਤੇ
ਸ਼ਹਿਰਾਂ ਦੀ ਵੰਡ, ਗਰਾਵਾਂ ਦੀ ਵੰਡ

ਵੰਡ--- ਵੰਡ--- ਵੰ---
... ... ... ... ... ... ... ... ... ...

ਇਸ ਵੰਡ ਜਾਈਆਂ ਸਰਹੱਦਾਂ 'ਤੇ, ਕੀ ਕਹਾਂ ਜੋ ਮੇਰੇ ਨਾਲ਼ ਹੋਈ
ਕਦੇ ਪਿਓ ਦੀ, ਕਦੇ ਦਿਲ-ਜਾਨੀ ਦੀ, ਮੈਥੋਂ ਲਾਸ਼ ਤਕ ਨਾ ਭਾਲ਼ ਹੋਈ
ਜੀਣਾ ਤਾਂ ਮੁਲਤਵੀ ਕਰਦੇ ਗਏ, ਪਰ ਮੌਤ ਕਦੇ ਨਾ ਟਾਲ਼ ਹੋਈ
ਅਸੀਂ ਤਖ਼ਤ ਦੇ ਪਾਵੇ ਸਾਂਭੀ ਗਏ, ਪਗੜੀ ਨਾ ਮਗ਼ਰ ਸੰਭਾਲ਼ ਹੋਈ...
... ...ਪਗੜੀ, ਖੇਤ, ਫ਼ਸਲ
ਜ਼ਖ਼ਮੀ ਕੁੱਖ, ਰੁਲਦੀ ਨਸਲ... ...

(---ਦੂਰ ਪਿਛੋਕੜ 'ਚੋਂ ਆਉਂਦੀ ਧੁਨੀ ਦੀ ਆਵਾਜ਼ ਵਿੱਚ---)

ਅਸੀਂ ਹੱਥਲ਼ ਹੋਣਾ ਜਰ ਲਿਆ, ਨਾ ਲੜੇ 'ਦੀਨ ਕੇ ਹੇਤ'
ਨਿੱਤ ਲਾਸ਼ਾਂ ਭਾਵੇਂ ਉੱਗੀਆਂ, ਅਸੀਂ ਫਿਰ ਵੀ ਵਾਹੇ ਖੇਤ।
ਹਰ ਵਾੜ ਵਲਗਣਾਂ ਬਣ ਗਈ ਤੇ ਵੱਟ ਬਣੀ ਸਰਹੱਦ
ਪੁੱਗ ਗਈ ਸਿਰਾਂ ਨੂੰ ਸਾਂਭਦੀ, ਸਾਡੀ ਸਿਰਲੱਥਾਂ ਦੀ ਜੱਦ
... ... ... ... ... ... ... ... ... ... ... ... ... ...
... ... ... ... ... ... ... ... ... ... ... ... ... ...
... ... ... ... ... ... ... ... ... ... ... ... ... ...

ਸਿਰ... ਸਿਰਲੱਥ, ਸੀਸ... ਸਰਬੰਸ
ਚਮਕੌਰ, – ਸਰਹੰਦ... ਗੜ੍ਹੀ ਗੁਰਦਾਸ
ਜੱਲ੍ਹਿਆਂ ਵਾਲ਼ਾ ਬਾਗ਼... ਹੁਸੈਨੀ ਵਾਲ਼ਾ
ਲਾਹੌਰ ਜੇਲ੍ਹ... ... ਕਾਲ਼ਾ ਪਾਣੀ
ਤੇਗ਼, ... ਦੇਗ਼... ... ਦਿੱਲੀ ... ... ਹਾਂ ... ... ਹਾਂ ਦਿੱਲੀ... ...
ਹਾਂ! ਦਿੱਲੀ ... ਦਗ਼ਾ ... ਦਹਿਲ, ਆਰਾ ... ਦੇਹ
... ...ਦਰਦ ... ਮੋਹ ... ... ਰੋਹ ...
ਸਬਰ, ਸਿਦਕ, ਸੰਤੋਖ, ਸ਼ਹਾਦਤ
ਹੱਕ ਇਮਾਨ, ਹੈ ਹੱਕ ਇਬਾਦਤ
... ... ... ... ... ... ... ...
ਪਲ-ਪਲ ਜੂਝਣ ਦੀ ਕਨਸੋਅ
ਜ਼ਖ਼ਮੀ ਮੱਥੇ, ਰਿਸਦੀ ਲੋਅ ... ...
ਹਾਂ! ਮੱਥਿਆਂ 'ਚੋਂ ਰਿਸਦੀ ਲੋਅ
ਮੇਰੇ ... ...ਤੇਰੇ ... ...ਤੇਰੇ ... ...ਇਹਦੇ ...
ਉਹਦੇ, ਉਰਲੇ ... ਪਰਲੇ ... ਸਭ ਦੇ
ਮੱਥਿਆਂ 'ਚੋਂ ਰਿਸਦੀ ਲੋਅ!
ਮੱਥਿਆਂ 'ਚੋਂ ਰਿਸਦੀ ਲੋ ਵਾਲ਼ਿਆਂ ਦੀ ਜੱਦ,
ਧ੍ਰੁਗਿਆ ਨਹੀਂ ਕਰਦੀ ... ...
ਸਿਰ ਸਾਂਭਦਿਆਂ ਤਾਂ ਹਰਗਿਜ਼ ਨਹੀਂ,
ਹਲ਼ਾਂ ਨੂੰ ਸਾਂਭਦੇ ਹੱਥ, ... ਹੱਥਲ ਨਹੀਂ ਹੁੰਦੇ
ਜਗ ਪਏ ਖੇਤਾਂ 'ਚੋਂ ਖ਼ੁਦਕੁਸ਼ੀ ਨਹੀਂ ਉੱਗਿਆ ਕਰਦੀ
ਖ਼ੁਦਦਾਰੀ ਉੱਗਦੀ ਏ, ਨਾਬਰੀ ਨਿੱਸਰਦੀ ਏ ...
ਹਾਂ ... ਨਾਬਰੀ ਨਿੱਸਰਦੀ ਏ ... ... ...
... ... ... ... ... ... ... ... ... ... ...
... ... ... ... ... ... ... ... ... ... ...

ਉੱਠ! ਨਾ ਘਬਰਾ ਤੂੰ ਅੰਮੀਏ, ਕੁਝ ਫੁੱਲ ਜੇ ਟੁੱਟ ਗਏ
ਕੁਝ ਡਾਕੂ ਮਹਿਲੋਂ ਨਿਕਲ ਕੇ, ਤੇਰੀ ਦੁਨੀਆਂ ਲੁੱਟ ਗਏ।
ਤੇਰੀ ਕੁੱਖ ਨੂੰ ਪਰ ਵਰਦਾਨ ਹੈ, ਨਿੱਤ ਜਣੇ ਸੁਲੱਖਣੇ ਸੀਸ
ਤੇਰੇ ਲੂੰ-ਲੂੰ ਵਿੱਚ ਅਰਦਾਸ ਹੈ, ਤੇਰੀ ਤੱਕਣੀ ਵਿੱਚ ਅਸੀਸ … …
ਉੱਠ ਤੁਰ ਪਏ ਯੁੱਗ ਪਲਾਉਣ ਨੂੰ, ਸਭ ਲੂਹ ਨੇਰ੍ਹੇ ਦੇ ਜਾਲ਼
ਤੇਰੇ ਚੰਨ ਲੋ ਵੰਡਦੇ ਖ਼ੁਦ ਨੂੰ, ਵਾਂਗ ਮਸ਼ਾਲਾਂ ਬਾਲ਼ … …
… … … … … … … … … … … … … … …
… … … … … … … … … … … … … … …

**ਸਹਿਗਾਨ :**

ਹੋਰ ਮਸ਼ਾਲਾਂ ਬਾਲ਼ ਸਾਥੀਆਂ, ਹੋਰ ਮਸ਼ਾਲਾਂ ਬਾਲ਼
ਲੂਹ ਨੇਰ੍ਹੇ ਦੇ ਜਾਲ਼ ਸਾਥੀਆ, ਲੂਹ ਨੇਰ੍ਹੇ ਦੇ ਜਾਲ਼

ਲੋਕ-ਕਾਫ਼ਲਾ ਰੁਕਣ ਨਈਂ ਦੇਣਾ
ਖੇਤਾਂ ਦਾ ਸਿਰ ਝੁਕਣ ਨਈਂ ਦੇਣਾ
ਪਗੜੀ ਫੇਰ ਸੰਭਾਲ਼, ਸਾਥੀਆ, ਪਗੜੀ ਫੇਰ ਸੰਭਾਲ਼
ਹੋਰ ਮਸ਼ਾਲਾਂ ਬਾਲ਼ … … … … … …
ਮਾਵਾਂ, ਦਾਦੀਆਂ, ਨਾਨੀਆਂ ਤੁਰੀਆਂ
ਸ਼ਾਖ਼ਸ਼ਾਤ ਕੁਰਬਾਨੀਆਂ ਤੁਰੀਆਂ
ਤੇਰੇ ਨਾਲ਼ੋਂ-ਨਾਲ਼ ਸਾਥੀਆ, ਹੋਰ ਮਸ਼ਾਲਾਂ ਬਾਲ਼
ਹੋਰ ਮਸ਼ਾਲਾਂ ਬਾਲ਼ … … … … … …
ਬੁੱਢੜੇ ਪਿਓ ਤੇ ਦਾਦੇ ਤੁਰ ਪਏ
ਲਗਦਾ ਗ਼ਦਰੀ ਬਾਬੇ ਤੁਰ ਪਏ
ਭਗਤ-ਸਰਾਭੇ ਨਾਲ਼, ਸਾਥੀਆਂ ਹੋਰ ਮਸ਼ਾਲਾਂ ਬਾਲ਼

ਹੋਰ ਮਸ਼ਾਲਾਂ ਬਾਲ਼ ... ... ... ... ... ...
ਜਾਗੇ ਖੇਤ, ਜਗਾ ਕੇ ਰੱਖੀਂ
ਹਲ਼ ਨੂੰ ਕਲਮ ਫੜਾ ਕੇ ਰੱਖੀਂ
ਸੁੱਚੇ ਸ਼ਬਦ ਸੰਭਾਲ ਸਾਥੀਆ, ਸੁੱਚੇ ਸ਼ਬਦ ਸੰਭਾਲ਼
ਹੋਰ ਮਸ਼ਾਲਾਂ ਬਾਲ਼ ਸਾਥੀਆ ... ... ... ... ... ...
... ... ... ... ... ... ... ... ... ... ... ... ... ...
... ... ... ... ... ... ... ... ... ... ... ... ... ...

ਹਾਂ! ਉਹ ਤੁਰਿਆ ਸੀ—
ਮਸ਼ਾਲਾਂ ਵਾਲ਼ਿਆਂ ਨਾਲ਼
ਮਸ਼ਾਲ ਫੜ ... ... ਮਸ਼ਾਲ ਬਣ
ਮੇਰੀ ਕੁੱਖੋਂ ਜਾਇਆ, ਗੋਦ ਖਿਡਾਇਆ
ਮੇਰੀ ਅੱਖ ਦਾ ਨੂਰ
ਮੇਰੇ ਦੁੱਧ ਦੇ ਤੇਜ਼ ਦਾ ਜਲੌ ਸੀ ਉਹਦੇ ਮੱਥੇ ’ਤੇ
ਉਹਦੇ ਸਿਰ ’ਤੇ ਮੇਰੀ ਅਸੀਸ ਦੀ ਛਾਂ ਸੀ
ਪਰ ਸ਼ਾਇਦ ... ‘ਸ਼ਾਇਦ ਨਹੀਂ’ ... ਸੱਚ ਮੁੱਚ ... ਯਕੀਨਨ,
ਹਰ ਮਾਂ ਦੀ ਅਸੀਸ ਵਿੱਚ
ਮਾਤਾ ਗੁਜਰੀ ਦੀ ਅਸੀਸ ਰਲ਼ੀ ਹੁੰਦੀ ਏ
ਜੋ ਆਪਣੇ ਪੁੱਤ-ਪੋਤਿਆਂ ਨੂੰ, ਇੱਕੋ ਗੁੜ੍ਹਤੀ ਬਖ਼ਸ਼ਦੀ ਏ
“ਇਤ ਮਾਰਗੁ ਪੈਰ ਧਰੀਜੈ, ਸਿਰ ਦੀਜੈ ਕਾਣੁ ਨਾ ਕੀਜੈ”

ਤੇ ਹਾਂ!
ਸਿਰ ਦੇਣ ਲੱਗਿਆਂ,
ਕਾਣ ਤਾਂ ਉਹਦੇ ਵੱਡੇ ਵੀਰ ਨੇ ਵੀ ਨਹੀਂ ਸੀ ਕੀਤੀ
ਜੂਝ ਮਰਿਆ ਸੀ ... ਕਾਰਗਿਲ ਦੇ ਕੁਰਸ਼ੇਤਰ ਵਿੱਚ ...

ਕਾਹਦੇ ਲਈ—

ਤਖ਼ਤ ਦੀ ਸ਼ਹਿ-ਮਾਤ ਦਾ ਹਠ ਪੂਰਾ ਕਰਨ ਲਈ!
ਭਰਾਵਾਂ ਨੂੰ ਮਾਰਨ ਤੇ ਭਰਾਵਾਂ ਹੱਥੋਂ ਮਰਨ ਲਈ
ਆਪਣੀ ਸਾਹ-ਹੀਣ ਹਿੱਕ 'ਤੇ
ਲਹੂ ਲਿਬੜਿਆ ਤਗ਼ਮਾ ਧਰਨ ਲਈ
ਮੇਰੀ ਚਿੱਟੀ ਚੁੰਨੀ ਨੂੰ, ... ਹੋਰ ਚਿੱਟਾ ਕਰਨ ਲਈ!

... ...ਉਹਦੇ ਹੱਥ ਵੀ ਮਸ਼ਾਲ ਸੀ
ਪਰ ... ਕੇਹੀ ਮਸ਼ਾਲ!
ਜਿਸ ਨਾ ਘਰ ਰੁਸ਼ਨਾਇਆ
ਨਾ ਖੇਤਾਂ ਦਾ ਡਰ ਮੁਕਾਇਆ
ਨਾ ਉਹਦਾ ਲਹੂ ਫ਼ਸਲ ਦੇ ਕੰਮ ਆਇਆ
ਨਾ ਵਹਿਸ਼ਤ ਦੀ ਤਪਸ਼ ਨੂੰ ਠਾਰ ਪਾਇਆ
ਮੇਰਾ ਜਾਇਆ ... ਬਸ ... ਸਿਵੇ ਨੂੰ ਰਾਸ ਆਇਆ ... ...
... ... ... ... ... ... ... ... ... ... ... ... ... ... ... ... ...
(ਮੂਕ ਅਭਿਨੈ) ... ... ... ... ... ... ... ... ... ... ... ... ...
... ... ... ... ... ... ... ... ... ... ... ... ... ... ... ... ...
... ... ... ... ... ... ... ... ... ... ... ... ... ... ... ... ...
ਤੇ ਫਿਰ ਇਕ ਦਿਨ ... ... ਛੋਟਾ ਵੀ
ਮਸ਼ਾਲਾਂ ਵਾਲ਼ਿਆਂ ਨਾਲ਼ ਮਸ਼ਾਲ ਹੋ ਤੁਰਿਆ
ਵਰ੍ਹਿਆਂ ਬਾਅਦ ਮੈਂ ਵੇਖਿਆ
ਜਾਣਿਆਂ ... ... ਪਛਾਣਿਆਂ ... ...
ਮਸ਼ਾਲ-ਮਸ਼ਾਲ ਵਿੱਚ—ਕਿੰਨਾ ਫ਼ਰਕ ਹੁੰਦੈ :
... ... ... ... ... ... ... ... ... ... ...
... ... ... ... ... ... ... ... ... ... ...

ਉਹਦੇ ਹੱਥ 'ਚ ਮਸ਼ਾਲ, ਵੇਖੀ ਕਰਦੀ ਕਮਾਲ
ਜਿੱਥੋਂ ਲੰਘਿਆ ਰਾਹਾਂ ਦੇ ਵਿੱਚੋਂ ਨੇਰ੍ਹ ਧੋ ਗਿਆ
ਉਹਦੀ ਲੋ ਲੈ ਕੇ ਪਿੰਡ, ਨੂਰੋ-ਨੂਰ ਹੋ ਗਿਆ

ਨੈਣ ਜਗਦੇ ਚਿਰਾਗ਼, ਧੋਂਦੇ ਕਾਲ਼ਖ਼ਾਂ ਦੇ ਦਾਗ਼,
ਚੰਨ, ਚਾਨਣਾਂ ਦੀ ਨਵੀਂ ਹੀ ਕਹਾਣੀ ਛੋਹ ਗਿਆ
ਉਹਦੀ ਲੋ ਲੈ ਕੇ ਪਿੰਡ ਨੂਰੋ-ਨੂਰ ਹੋ ਗਿਆ

ਥਾਂ ਪਾਣੀ ਦੇ ਮੈਂ ਸਿਰ ਤੋਂ ਅਸੀਸਾਂ ਵਾਰੀਆਂ
ਇੱਕੋ ਸਾਹੇ ਮੈਂ ਸੀ, ਸੌ ਸੌ ਨਜ਼ਰਾਂ ਉਤਾਰੀਆਂ
ਮੇਰੀ ਕੁੱਖ ਨੂੰ ਸੁਲੱਖਣਾ ਗ਼ਰੂਰ ਹੋ ਗਿਆ
ਉਹਦੀ ਲੋ ਲੈ ਕੇ ਪਿੰਡ ਨੂਰੋ-ਨੂਰ ਹੋ ਗਿਆ
… … … … … … … … … … … …
… … … … … … … … … … … …

ਪਰ, ਇਹ ਕੀ !
ਹੱਦਾਂ, ਸਰਹੱਦਾਂ ਬਣ ਗਈਆਂ
ਸ਼ੰਭੂ, ਕਾਰਗਿਲ ਹੋ ਗਿਆ
ਆਪਣਿਆਂ ਵੱਲੋਂ ਦਾਗ਼ੇ ਹੰਝ-ਗੋਲ਼ੇ ਤੋਂ
ਕਿਸੇ ਵਡੇਰੇ ਦੀ ਢਾਲ਼ ਬਣਦਾ
ਉਹ ਮੇਰੀ ਢਾਲ਼ ਦਾ ਮਾਣ ਤੋੜ ਗਿਆ

ਹਾਂ … ਇੱਥੇ … ਜੀ ਹਾਂ … ਏਥੇ … ਠੀਕ ਏਥੇ … ਬਸ ਏਥੇ ਕਿਤੇ—
ਬੈਰੀਅਰ … ਬਾਰਡਰ … ਪਤਾ ਨਈਂ ਕੀ ਲਿਖਿਆ, ਉਹ ਪੱਥਰ

ਕਾਰਗਿਲ ਦੀ ਚਟਾਨ ਬਣ ਗਿਆ
ਮੇਰਾ ਨੂਰ ... ... ਆਪਣੀ ਲੋ ਤਲ਼ੀ 'ਤੇ ਧਰ
ਹਨੇਰੇ ਅੱਗੇ ਤਣ ਗਿਆ
ਹੱਦ, ... ਸਰਹੱਦ ਹੋ ਗਈ
ਖੇਤਾਂ ਨਾਲ਼ ਤਖ਼ਤ ਦੀ ਦੁਸ਼ਮਣੀ ਦੀ ਹੱਦ ਹੋ ਗਈ

ਤੇ ਮੇਰੀ ਬੇ-ਨੂਰ ਹੋਈ ਕੁੱਖ ਦੀ ਲੋਅ ਨੇ
ਇਕ ਵਾਰ ਫਿਰ ਤੱਕਿਆ ... ... ਜਾਣਿਆਂ ... ... ਪਛਾਣਿਆ
ਕਿ ਮਸ਼ਾਲ ਤੇ ਮਸ਼ਾਲ ਵਿੱਚ ਕਿੰਨਾ ਫ਼ਰਕ ਹੁੰਦੈ।

ਫ਼ਰਕ ... ... ਹਾਂ ... ... ਫ਼ਰਕ
ਪਰ ਇਹ ਫ਼ਰਕ, ਹਾਕਮ ਨੂੰ ਕਿਉਂ ਨਹੀਂ ਦਿਸਦਾ
ਕਿਸੇ ਵੀ ਫ਼ਰਕ ਨਾਲ, ਉਹਨੂੰ ਫ਼ਰਕ ਕਿਉਂ ਨਹੀਂ ਪੈਂਦਾ
ਉਹਨੂੰ ਹੱਕ ਮੰਗਣ ਤੇ ਤਖ਼ਤ ਮੰਗਣ ਵਿਚਲਾ ਫ਼ਰਕ
ਕਿਉਂ ਨਹੀਂ ਪੋਂਹਦਾ?

ਉਹਨੂੰ ਇਹ ਫ਼ਰਕ, ਵੇਖਣਾ ਪਏਗਾ
ਜਾਣਨਾ ਪਏਗਾ
ਪਛਾਣਨਾ ਪਏਗਾ
ਚਿਹਰੇ ਤੋਂ ਕੂੜ ਦਾ ਮੁਖੌਟਾ ਲਾਹੁਣਾ ਪਏਗਾ
ਉਹਨੂੰ ਹਰ ਫ਼ਰਕ ਮਿਟਾਉਣਾ ਪਏਗਾ

ਉਹਨੂੰ ਸੁਣਨੀ ਪਵੇਗੀ—
ਸਾਡੀ ਹੂਕ, ਸਾਡੀ ਹੇਕ
ਸਾਡੀ ਵੰਗਾਰ ... ... ਸਾਡੀ ਲਲਕਾਰ

ਤੇ ਗੂੰਜੇਗਾ ਉਹਦੇ ਬੋਲ਼ੇ ਕੰਨਾਂ ਵਿੱਚ
ਸਾਡਾ ਸਹਿਗਾਨ … … ਸਾਡਾ ਐਲਾਨ :

ਹੁਣ ਖੇਤ ਨੀਂਦਰੋਂ ਜਾਗ ਪਏ, ਤੇ ਤੁਰਿਆ ਉੱਠ ਪੰਜਾਬ
ਅਸੀਂ ਨਵੀਂ ਇਬਾਰਤ ਲਿਖਾਂਗੇ,
ਸਾਡੀ ਹਿੱਕ ਹੈ ਸੁਰਖ਼ ਕਿਤਾਬ
ਪੜ੍ਹ ਪੈੜਾਂ ਪਾਉਣਗੇ ਕਾਫ਼ਲੇ, ਸਾਡੀ ਹਿੱਕ ਹੈ ਪਾਕ ਕਿਤਾਬ
ਅੱਜ ਖੇਤ ਮੋਰਚੇ ਬਣੇ ਨੇ ਤੇ ਬਣੇ ਮੋਰਚੇ ਖੇਤ
ਉੱਠ ਫ਼ਸਲਾਂ ਜੂਝਣ ਤੁਰ ਪਈਆਂ, ਸਣ ਰਾਖਿਆਂ 'ਦੀਨ ਕੇ ਹੇਤ'
ਹਲ਼ ਕਲਮਾਂ ਬਣ ਕੇ ਲਿਖਣਗੇ, ਹੁਣ ਆਪ ਆਪਣੇ ਲੇਖ
ਸਭ ਸ਼ਾਹ-ਰਾਹਾਂ 'ਤੇ ਉੱਸਰੀਆਂ, ਤੂੰ ਕੱਚੀਆਂ ਗੜ੍ਹੀਆਂ ਵੇਖ
ਮੈਂ ਉੱਤਰੋਂ-ਦੱਖਣੋਂ ਉਗਮਦਾ ਵੇਖਾਂ 'ਬੰਦੇ' ਦਾ ਨੂਰ
ਹੁਣ ਜਾਗੇ ਪੁੱਤ ਮਾਂ-ਧਰਤ ਦੇ, ਕੀ ਹਾਲ਼ੀ, ਕੀ ਮਜ਼ਦੂਰ
ਮੈਂ ਕਦਮੋਂ-ਕਦਮੀਂ ਮਿਣ ਲਈ, ਪਿੰਡ ਤੋਂ ਦਿੱਲੀ ਦੀ ਵਾਟ
ਔਹ ਜਗਦੀ-ਜਗਦੀ ਜਗ ਪਈ, ਇਕ ਬਾਤਾਂ ਪਾਉਂਦੀ ਲਾਟ
ਜਗਣਾ ਤੇ ਬਾਤਾਂ ਪਾਵਣਾ ਮੇਰੇ ਦੁੱਖਾਂ ਦੀ ਹੈ ਕਾਟ
ਲਓ ਸੁਣੋਂ ਵੇ ਦੁਨੀਆਂ ਵਾਲਿਓ, ਮੈਂ ਬਾਤਾਂ ਪਾਉਂਦੀ ਲਾਟ …
… … … … … … … … … … … … … … … … …
… … … … … … … … … … … … … … … … …

ਚਾਨਣਾਂ ਦੀ ਬਾਤ ਹੈ ਮਸ਼ਾਲਾਂ ਪਾਉਂਦੀਆਂ
ਗੀਤ ਹੱਕ-ਸੱਚ ਦੇ ਮਸ਼ਾਲਾਂ ਗਾਉਂਦੀਆਂ

ਨਾਨਕ-ਕਬੀਰ ਨੇ ਮਸ਼ਾਲਾਂ ਬਾਲ਼ੀਆਂ
ਹਰ ਗੁਰੂ-ਪੀਰ ਨੇ ਮਸ਼ਾਲਾਂ ਬਾਲ਼ੀਆਂ

ਬੁੱਧ ਦਰੋਂ ਤੁਰੀਆਂ ਮਸ਼ਾਲਾਂ ਆਉਂਦੀਆਂ
ਚਾਨਣਾਂ ਦੀ ਬਾਤ ਨੇ ਮਸ਼ਾਲਾਂ ਪਾਉਂਦੀਆਂ

ਵਾਰਿਸ ਨੇ ਕਦੇ ਸੀ ਬੁੱਲ੍ਹੇ ਨੇ ਫੜ੍ਹ ਲਈ
ਡਿੱਗਦੀ ਮਸ਼ਾਲ ਸੀ ਦੁੱਲੇ ਨੇ ਫੜ ਲਈ
ਸਤਨਾਮੀ ਸਾਧਾਂ ਨੂੰ ਮਸ਼ਾਲਾਂ ਭਾਉਂਦੀਆਂ
ਚਾਨਣਾਂ ਦੀ ਬਾਤ ਨੇ ਮਸ਼ਾਲਾਂ ਪਾਉਂਦੀਆਂ

ਗ਼ਦਰੀ ਜੋ ਬਾਬੇ ਮੱਚਦੀ ਮਸ਼ਾਲ ਨੇ
ਨੇਰ੍ਹੇ ਵਿੱਚ ਸਾਡੇ ਲਈ ਲੋ ਦੀ ਢਾਲ਼ ਨੇ
ਜੱਲ੍ਹਿਆਂ ਦੇ ਬਾਗ਼ੋਂ ਉੱਗ-ਉੱਗ ਆਉਂਦੀਆਂ
ਚਾਨਣਾਂ ਦੀ ਬਾਤ ਹੈ ਮਸ਼ਾਲਾਂ ਪਾਉਂਦੀਆਂ

ਚਾਂਦਨੀ ਦਾ ਚੌਂਕ ਗੜ੍ਹੀ ਚਮਕੌਰ ਦੀ
ਲਾਟ ਹੈ ਹੁਸੈਨੀਵਾਲ਼ਾ ਹਰ ਦੌਰ ਦੀ
ਸਦਾ ਕੰਧ ਕੂੜ ਦੀ ਮਸ਼ਾਲਾਂ ਢਾਹੁੰਦੀਆਂ
ਚਾਨਣਾਂ ਦੀ ਬਾਤ ਨੇ ਮਸ਼ਾਲਾਂ ਪਾਉਂਦੀਆਂ

ਸੁਕਰਾਤ, ਮੀਰਾ, ਮਨਸੂਰ ਬਹੁਤ ਨੇ
ਜਗਣ ਮਸ਼ਾਲੀਂ ਜੋ ਉਹ ਨੂਰ ਬਹੁਤ ਨੇ
ਉੱਠੀਆਂ ਜੋ ਬਾਹਵਾਂ ਏਹੋ ਦਰਸਾਉਂਦੀਆਂ
ਚਾਨਣਾਂ ਦੀ ਬਾਤ ਨੇ ਮਸ਼ਾਲਾਂ ਪਾਉਂਦੀਆਂ

ਹੱਕ ਸਾਡਾ ਗੀਤ, ਹੱਕ ਸੰਗੀਤ ਹੈ
ਜੂਝਣ ਦੀ ਰੀਤ ਹਾਲੇ ਸੁਰਜੀਤ ਹੈ

ਜਿਸ ਨੂੰ ਮਸ਼ਾਲਾਂ ਅੱਜ ਵੀ ਨਿਭਾਉਂਦੀਆਂ
ਚਾਨਣਾਂ ਦੀ ਬਾਤ ਨੇ ਮਸ਼ਾਲਾਂ ਪਾਉਂਦੀਆਂ

... ... ... ... ... ... ... ... ... ... ...
... ... ... ... ... ... ... ... ... ... ...

ਮੈਂ ਨਾਲ਼ ਮਸ਼ਾਲਾਂ ਗਾਉਂਦਿਆਂ, ਖ਼ੁਦ ਬਣ ਗਈ ਇਕ ਮਸ਼ਾਲ
ਮੇਰੀ ਲੋ ਮੇਰਾ ਹਥਿਆਰ ਹੈ, ਮੇਰੀ ਲੋ ਹੀ ਮੇਰੀ ਢਾਲ਼
ਇਹ ਜੰਗ ਹੈ ਲੋ ਤੇ ਨੇਰ੍ਹ ਦੀ, ਇਹ ਜਾਰੀ ਰੱਖਣੀ ਜੰਗ
ਮੇਰਾ ਇੱਕੋ-ਇੱਕ ਜਵਾਬ ਹੈ ਤੇ ਇੱਕੋ-ਇਕ ਹੀ ਮੰਗ

●●

# ਜਦੋਂ ਤਕ ਰਾਤ ਨਾ ਮੁੱਕੇ

(ਅਮੁਕ ਸੰਘਰਸ਼ ਦੀ ਰਾਹ 'ਤੇ)

ਚਿਰਾਗ਼ਾਂ ਦਾ ਸਫ਼ਰ ਨਹੀਂ ਮੁੱਕਦਾ
ਸ਼ਮ੍ਹਾਂ ਸਾਹ ਨਹੀਂ ਲੈਂਦੀ
ਦੀਵੇ ਦਮ ਨਹੀਂ ਮਾਰਦੇ
ਜੁਗਨੂੰ ਟਿਕ ਕੇ ਨਹੀਂ ਬਹਿੰਦੇ
ਜਦੋਂ ਤਕ ਰਾਤ ਨਾ ਮੁੱਕੇ
ਤਾਰੇ ਮਿਟਟਿਮਾਉਂਦੇ ਹਨ
ਚੰਨ ਘਟਦਾ-ਵਧਦਾ
ਹਾਜ਼ਰ ਰਹਿੰਦੈ
ਖਿੱਤੀਆਂ ਘੁੰਮਣੋਂ ਨਹੀਂ ਉੱਕਦੀਆਂ
ਧਰੂ ਦਾ ਤੇਜ਼
ਚਾਨਣ ਤ੍ਰੌਂਕਦਾ,
ਅਡੋਲ ਰਹਿੰਦਾ
ਜਦੋਂ ਤਕ ਰਾਤ ਨਾ ਮੁੱਕੇ
ਮਸ਼ਾਲਾਂ ਜਗਦੀਆਂ ਹਨ
ਜਗਦੀਆਂ ਰਹਿਣਗੀਆਂ
ਤਾਂ ਕਿ ਸੂਰਜ ਨੂੰ,
ਰਾਹ ਨਾ ਭੁੱਲੇ
ਪਿੰਡ ਦੇ ਸਿਰਨਾਵੇਂ 'ਤੇ

ਚਾਨਣ ਦੇ ਖ਼ਤ ਆਉਂਦੇ ਰਹਿਣ
ਰਾਜਧਾਨੀ ਦਾ ਹਨੇਰਾ
ਖੇਤਾਂ 'ਚ ਖਰਮਸਤੀ ਨਾ ਕਰੇ
ਹਲ਼ਾਂ ਦੀ ਹਿੱਕ 'ਚ
ਸਾਹ ਲੈਂਦੀ
ਸਦੀਵੀ ਆਸ ਦੀ ਜੋਤ
ਡਗਮਗਾਉਣ ਦੇ ਰਾਹ ਨਾ ਪਵੇ
ਇਸ ਤੋਂ ਪਹਿਲਾਂ
ਕਿ ਮਿੱਟੀ ਦੇ ਜਾਏ
ਫ਼ਾਨੂਸਾਂ 'ਤੇ ਭਰਮਣ
ਸੂਰਜ ਕੁਥਾਵੇਂ ਭਟਕਣ
ਕਿਉਂ ਨਾ ਮਸ਼ਾਲਾਂ ਦਾ
ਮਹਾਂ-ਯੱਗ ਹੋਵੇ
ਦੀਵਿਆਂ ਦੇ ਦਰ ਖੁੱਲ੍ਹਣ
ਮੋਮਬੱਤੀਆਂ ਮੁਨਾਦੀ ਕਰਨ
ਮੱਥਿਆਂ ਦੇ ਚਿਰਾਗ਼ ਜਗਣ
ਜਦੋਂ ਤਕ ਰਾਤ ਨਾ ਮੁੱਕੇ
ਤੇ ਸੂਰਜ ਆਣ ਨਾ ਢੁੱਕੇ

# ਅਸੀਂ ਕੀ ਕਰਨ ਲੱਗੇ ਹਾਂ

ਅਸੀਂ ਕੀ ਕਰਨ ਨਿਕਲ਼ੇ ਸਾਂ, ਅਸੀਂ ਕੀ ਕਰਨ ਲੱਗੇ ਹਾਂ
ਬਚਾ ਖੇਤਾਂ ਤੋਂ ਨਜ਼ਰਾਂ, ਦਲਦਲਾਂ 'ਤੇ ਵਰ੍ਹਣ ਲੱਗੇ ਹਾਂ

ਉਡਾਰੀ ਆਲ੍ਹਣੇ ਤੋਂ ਅੰਬਰਾਂ ਦੀ ਲਾਉਣ ਨਿਕਲੇ ਸਾਂ
ਸਣੇ ਚੂਰੀ ਵਗਾਹ ਪਿੰਜਰੇ, ਸੁਤੰਤਰ ਭਾਉਣ ਨਿਕਲੇ ਸਾਂ
ਅਸੀਂ ਖੰਭਾਂ ਲਈ ਖੁੱਲ੍ਹਾ ਦੇ ਨਗ਼ਮੇ ਗਾਉਣ ਨਿਕਲੇ ਸਾਂ
ਇਹ ਕੀ ਹੋਇਆ ਕਿ ਖ਼ੁਦ ਜਾਲ਼ਾਂ ਦੀ ਹਾਮੀ ਭਰਨ ਲੱਗੇ ਹਾਂ
ਬਚਾ ਖੇਤਾਂ ਤੋਂ ਨਜ਼ਰਾਂ, ਦਲਦਲਾਂ 'ਤੇ ਵਰ੍ਹਣ ਲੱਗੇ ਹਾਂ

ਅਸੀਂ ਹਾਂ ਮਾਣ ਸਾਗਰ ਦੇ ਘਟਾਵਾਂ ਜਾਤ ਹੈ ਸਾਡੀ
ਹੁੰਗਾਰਾ ਭਰਨ ਜੇ ਫ਼ਸਲਾਂ ਤਾਂ ਤੁਰਦੀ ਬਾਤ ਹੈ ਸਾਡੀ
ਉਨ੍ਹਾਂ ਦੇ ਚਾਨਣਾਂ ਏਦਾਂ ਉਧਾਲ਼ੀ ਰਾਤ ਹੈ ਸਾਡੀ
ਅਸੀਂ ਆਪਣੀ ਹੀ ਲੋਅ ਦੇ ਸੁਪਨਿਆਂ ਤੋਂ ਡਰਨ ਲੱਗੇ ਹਾਂ
ਅਸੀਂ ਕੀ ਕਰਨ ਨਿਕਲੇ ਸਾਂ, ਅਸੀਂ ਕੀ ਕਰਨ ਲੱਗੇ ਹਾਂ
ਬਚਾ ਖੇਤਾਂ ਤੋਂ ਨਜ਼ਰਾਂ ਦਲਦਲਾਂ 'ਤੇ ਵਰ੍ਹਣ ਲੱਗੇ ਹਾਂ

ਅਸੀਂ ਬਣ ਕਾਫ਼ਲੇ ਨਿਕਲੇ ਤਾਂ ਸਾਰੀ ਧਰਤ ਰਾਹ ਹੋ ਗਈ
ਇਹ ਕਾਇਨਾਤ ਸਾਡੇ ਹੌਂਸਲੇ ਦੀ ਖ਼ੁਦ ਗਵਾਹ ਹੋ ਗਈ

ਅਸਾਡੇ ਤੋਂ ਕਿਉਂ ਫਿਰ ਤਾਂਘ ਸਾਡੀ ਬੇ-ਵਸਾਹ ਹੋ ਗਈ
ਅਸੀਂ ਆਪਣੀ ਅਗਨ ਵਿਚ ਤਪਦਿਆਂ ਦੀ ਠਰਨ ਲੱਗੇ ਹਾਂ
ਅਸੀਂ ਕੀ ਕਰਨ ਆਏ ਸਾਂ, ਅਸੀਂ ਕੀ ਕਰਨ ਲੱਗੇ ਹਾਂ
ਬਚਾ ਖੇਤਾਂ ਤੋਂ ਨਜ਼ਰਾਂ, ਦਲਦਲਾਂ 'ਤੇ ਵਰ੍ਹਣ ਲੱਗੇ ਹਾਂ

ਗਲ਼ਾਂ ਵਿਚ ਤੌਂਕ ਖ਼ੂਨੀ ਤਾਜ ਦਾ ਪਾਵਣ ਨੂੰ ਕਾਹਲੇ ਹਾਂ
ਅਸੀਂ ਹੁਣ ਚੋਣ-ਚਿੰਨ੍ਹਾਂ ਵਿਚ ਚਿਣੇ ਜਾਵਣ ਨੂੰ ਕਾਹਲੇ ਹਾਂ
ਉਨ੍ਹਾਂ ਦੀ ਧੁਨ 'ਤੇ ਆਪਣੇ ਮਰਸੀਏ ਗਾਵਣ ਨੂੰ ਕਾਹਲੇ ਹਾਂ
ਨਿਵਾਉਣੇ ਸਨ ਸਮੁੰਦਰ, ਛੱਪੜਾਂ ਵਿਚ ਤਰਨ ਲੱਗੇ ਹਾਂ
ਅਸੀਂ ਕੀ ਕਰਨ ਨਿਕਲ਼ੇ ਸਾਂ, ਅਸੀਂ ਕੀ ਕਰਨ ਲੱਗੇ ਹਾਂ
ਬਚਾ ਖੇਤਾਂ ਤੋਂ ਨਜ਼ਰਾਂ, ਦਲਦਲਾਂ 'ਤੇ ਵਰ੍ਹਣ ਲੱਗੇ ਹਾਂ

••

# ਜਗਣ ਮਸ਼ਾਲਾਂ ਬਣਕੇ

ਰੋਹ ਵਿਚ ਰੱਤੀਆਂ ਤੀਆਂ ਆਈਆਂ
ਧੀਆਂ ਗਾਵਣ ਚੱਲੀਆਂ
ਕਣਕਾਂ ਦੀਆਂ ਬੱਲੀਆਂ
ਜਗਣ ਮਸ਼ਾਲਾਂ ਬਣਕੇ
ਗੰਨਿਆ ਤੇਰੀ ਪੋਰੀ-ਪੋਰੀ
ਮੱਕੀਏ ਤੇਰੀਆਂ ਛੱਲੀਆਂ
ਕਣਕਾਂ ਦੀਆਂ ਬੱਲੀਆਂ
ਜਗਣ ਮਸ਼ਾਲਾਂ ਬਣਕੇ

ਜੁਗਨੂੰ ਬਣ ਕੇ ਟਿਮਟਿਮਾਈਆਂ
ਵਾਂਗ ਦੀਵਿਆਂ ਜਗੀਆਂ
ਸੋਹਲ-ਸਰੀਰੋਂ ਝਾੜ ਕਾਲਖ਼ਾਂ
ਸੱਧਰਾਂ ਸਿਆੜੀਂ ਮਘੀਆਂ
ਜੋ ਮਘਿਆ ਉਹ ਮਘਦਾ ਰੱਖਣਾ
ਪਿੰਡਾ ਵੇ ਤੈਨੂੰ ਜਗਦਾ ਰੱਖਣਾ
ਕਿਰਨਾਂ ਜੂਹਾਂ ਮੱਲੀਆਂ...
ਕਣਕਾਂ ਦੀਆਂ ਬੱਲੀਆਂ
ਜਗਣ ਮਸ਼ਾਲਾਂ ਬਣਕੇ

ਅੱਜ ਖੇਤਾਂ ਵਿਚ ਵਗਣ ਟਰੈਕਟਰ
ਕੱਲ੍ਹ ਮੋਰਚੇ ਮੱਲਣ
ਮਾਂ-ਮਿੱਟੀ ਦੇ ਪੁੱਤ ਜੁਝਾਰੂ
ਹਾਕਮ ਦਾ ਹਠ ਠੱਲ੍ਹਣ
ਨਗਮੇਂ ਗੂੰਜਣ ਅਰਸ਼ੀਂ-ਫ਼ਰਸ਼ੀਂ
ਛੇੜਨ ਜਦ ਸੰਗੀਤ ਸੰਘਰਸ਼ੀ
ਬਲਦਾਂ ਦੇ ਗਲ਼ ਟੱਲੀਆਂ
ਕਣਕਾਂ ਦੀਆਂ ਬੱਲੀਆਂ
ਜਗਣ ਮਸ਼ਾਲਾਂ ਬਣਕੇ...

ਪਿੰਡ ਦੀ ਜੂਹੇ ਕਰਨ ਨਾ ਤਾਂਡਵ
ਲੋਭੀ ਮਾਇਆਦਾਰੀ
ਧਰਤੀ ਮਾਂ ਨੂੰ ਪਵੇ ਨਾ ਚੁੱਕਣੀ
ਦੇਹ ਪਰਬਤੋਂ ਭਾਰੀ
ਧੌਣਾਂ 'ਤੇ ਮੁੜ ਸੀਸ ਉਗਾਈਏ
ਐਸਾ ਇਕ ਸੰਗਰਾਮ ਮਚਾਈਏ
ਮੱਚ ਜਾਵਣ ਤਰਥੱਲੀਆਂ
ਕਣਕਾਂ ਦੀਆਂ ਬੱਲੀਆਂ
ਜਗਣ ਮਸ਼ਾਲਾਂ ਬਣਕੇ

ਇਸ ਵਾਰੀ ਮਿਣ ਸਕਣ ਨਾ ਉਹ
ਇਸ ਮਹਾਂ-ਯੁੱਧ ਦਾ ਖੇਤਰ
ਚੱਪਾ-ਚੱਪਾ ਇਸ ਧਰਤੀ ਦੀ
ਬਣ ਜਾਵੇ ਕੁਰਸ਼ੇਤਰ

ਕਰੀਏ ਇੰਝ ਸੁਰਜੀਤ ਸਦਾਵਾਂ
ਕਿਧਰੇ ਵੀ ਦੋ ਕਿਰਤੀ ਬਾਹਵਾਂ
ਹੋਣ ਨਾ ਕੱਲ੍ਹੀਆਂ-ਕੱਲ੍ਹੀਆਂ
ਕਣਕਾਂ ਦੀਆਂ ਬੱਲੀਆਂ
ਜਗਣ ਮਸ਼ਾਲਾਂ ਬਣਕੇ

••

# ਕਿਸਾਨਾ ਜਾਗਦੇ ਰਹਿਣਾ

ਜਦੋਂ ਤਕ ਰਾਤ ਨਾ ਮੁੱਕੇ
ਅਸਾਡੀ ਬਾਤ ਨਾ ਮੁੱਕੇ
ਅਜੇ ਵੀ ਚੰਨ ਇਕਹਿਰਾ ਹੈ
ਕਿਤੇ ਰਾਹੂ ਦਾ ਪਹਿਰਾ ਹੈ
ਸਵੇਰਾ ਖੁੱਲ੍ਹ ਕੇ ਨਈਂ ਖਿੜਿਆ
ਕਿਤੇ ਦਰ ਰਹਿ ਗਿਆ ਭਿੜਿਆ
ਦੁਪਹਿਰਾਂ ਹੋਣੀਆਂ ਦਾਗ਼ੀ
ਹਨੇਰਾ ਹੋਰ ਵੀ ਪੈਣਾ
ਕਿਸਾਨਾ ਜਾਗਦੇ ਰਹਿਣਾ
ਕਿਰਤੀਆ ਜਾਗਦੇ ਰਹਿਣਾ

ਅਜੇ ਇਕ ਮੋਰਚਾ ਜਿੱਤਿਆ
ਬਥੇਰੇ ਹੋਰ ਬਾਕੀ ਨੇ
ਤੇਰੇ ਪੈਰਾਂ ਲਈ ਕਿੱਲ, ਕੰਡੇ
ਹਜ਼ਾਰਾਂ ਥੋਹਰ ਬਾਕੀ ਨੇ
ਜੋ ਮਿੱਟੀ-ਮਾਂ ਦੀ ਕੁੱਖ ਕੋਹਦੇ
ਉਹ ਆਦਮਖੋਰ ਬਾਕੀ ਨੇ
ਰਿਜ਼ਕ ਨੂੰ ਸੰਨ੍ਹ ਲਾਵਣ 'ਤੇ

ਉਤਾਰੂ ਚੋਰ ਬਾਕੀ ਨੇ
ਕਿਲ੍ਹਾ ਹਾਕਮ ਦੀ ਹਉਮੈ ਦਾ
ਨਹੀਂ ਹੈ ਸੌਖਿਆਂ ਢਹਿਣਾ
ਕਿਸਾਨਾ ਜਾਗਦੇ ਰਹਿਣਾ

ਜੇ ਕਣਕਾਂ ਨੇ ਤਾਂ ਲਾਜ਼ਿਮ ਹੈ
ਹੋਏਗੀ ਕਾਂਗਿਆਰੀ ਵੀ
ਉਨ੍ਹਾਂ ਦੇ ਕੋਲ਼ ਹੋਏਗੀ
ਤੇਰੇ ਬਿਰਖਾਂ ਲਈ ਆਰੀ ਵੀ
ਹੈ ਓਹੀ ਮਾਂਦਰੀ, ਮੰਤਰ ਓਹੀ,
ਸੱਪ ਵੀ ਪਟਾਰੀ ਵੀ
ਉਨ੍ਹਾਂ ਹਰ ਥਾਂ 'ਤੇ ਦਗ਼ਿਆਂ ਦੀ
ਹੋਏਗੀ ਕੁੰਜ ਉਤਾਰੀ ਵੀ,
ਅਜੇ ਮੁੜ-ਮੁੜ ਕੇ ਅਮ੍ਰਿਤ ਨਾਲ਼ ਹੈ
ਇਸ ਜ਼ਹਿਰ ਨੇ ਖਹਿਣਾ
ਕਿਸਾਨਾ ਜਾਗਦੇ ਰਹਿਣਾ

ਚਲੋ ਮੰਨਿਆਂ ਉਡਾਰੀ ਇਹ
ਉਕਾਬਾਂ ਤੁੱਲ ਹੈ ਤੇਰੀ
ਇਨ੍ਹਾਂ ਰਾਹਾਂ 'ਚ ਹਰ ਇਕ ਪੈੜ ਹੀ
ਅਣਮੁੱਲ ਹੈ ਤੇਰੀ
ਜੇ ਇਸ ਨੂੰ ਸਮਝਦੈਂ ਮੰਜ਼ਿਲ
ਤਾਂ ਇਹ ਫਿਰ ਭੁੱਲ ਹੈ ਤੇਰੀ
ਹਜ਼ਾਰਾਂ ਜਾਲ਼ ਇਕ ਪਾਸੇ
ਤੇ ਦੂਜੇ ਖੁੱਲ੍ਹ ਹੈ ਤੇਰੀ

ਅਜੇ ਪੈਣਾ ਉਮੀਦਾਂ ਨੂੰ
ਚਿਰਾਂ ਤਕ ਸੂਲ਼ 'ਤੇ ਬਹਿਣਾ
ਕਿਸਾਨਾ ਜਾਗਦੇ ਰਹਿਣਾ

ਤੇਰੇ ਮੱਥੇ 'ਚ ਜੋ ਸੂਰਜ ਹੈ
ਉਸਨੂੰ ਚੜ੍ਹਦਿਆਂ ਰੱਖੀਂ
ਹਮੇਸ਼ਾਂ ਪੜ੍ਹਦਿਆਂ ਰੱਖੀਂ
ਇਸ਼ਕ ਵਿਚ ਤਰਦਿਆਂ ਰੱਖੀਂ
ਤੇ ਭਾਵੇਂ ਸੜਦਿਆਂ ਰੱਖੀਂ
ਮਗ਼ਰ ਲਾਜ਼ਿਮ ਹੈ ਖ਼ੁਦ ਨੂੰ
ਹੱਕ ਦੀ ਜੰਗ ਲੜਦਿਆਂ ਰੱਖੀਂ
ਅਸੀਂ ਸੁਰਜੀਤ ਰੱਖਣਾ ਏਂ,
ਸਰਾਭੇ-ਭਗਤ ਦਾ ਕਹਿਣਾ
ਕਿਸਾਨਾ ਜਾਗਦੇ ਰਹਿਣਾ

••

# ਲੁੱਟੇ ਜਾਣਗੇ ਖੇਤ

ਮੰਨਿਆ ਮੁੜੇ ਹਾਂ ਜਿੱਤ ਕੇ, ਜੂਝ ਦੀਨ ਕੇ ਹੇਤ
ਪਰ ਜੇ ਹੋਏ ਅਵੇਸਲੇ ਲੁੱਟੇ ਜਾਣਗੇ ਖੇਤ

ਟੋਏ-ਟਿੱਬੇ ਹਰ ਜਗ੍ਹਾ ਘੇਰੀ ਬੈਠੇ ਖੇਤ
ਪਾਣੀ ਹੀ ਭੈਅ-ਭੀਤ ਹੈ, ਬਾਘੀਆਂ ਪਾਉਂਦੀ ਰੇਤ

ਜੇ ਨਾ ਰੱਖੀ ਠੱਪ ਕੇ, ਮਾਇਆ-ਮੂੰਹੀ ਰੇਤ
ਨਾ ਕੋਈ ਸਾਵਣ ਆਪਣਾ, ਨਾ ਕੋਈ ਰਹਿਣਾ ਚੇਤ

ਰਾਜਿਆ ਰਾਜ ਕਰੇਂਦਿਆ, ਜਦ-ਜਦ ਚੜ੍ਹਨਾ ਚੇਤ
ਰਲ਼ ਫ਼ਸਲਾਂ ਸੰਗ ਲੁੱਟ ਦੇ, ਅਸੀਂ ਖੋਲਣੇ ਭੇਤ

ਮੁੜ-ਮੁੜ ਰਹਿਣਾ ਖੁੱਲ੍ਹਦਾ, ਤੇਰੀ ਲੁੱਟ ਦਾ ਭੇਤ
ਸਾਨੂੰ ਪੈਣੇ ਮੋਰਚੇ, ਲਾਉਣੇ 'ਗੇਤ-ਪਛੇਤ

ਜਿੰਨਾ ਮਰਜ਼ੀ ਟਾਲ਼ ਲਓ, ਕਰੋ ਅਗੇਤ-ਪਛੇਤ
ਬਿਨ ਲੜਿਆਂ ਲੜ ਲਾ ਕੇ, ਰੱਖ ਨਾ ਹੋਣੇ ਖੇਤ

ਰਹਿਣਾ ਹੈ 'ਸੁਰਜੀਤ' ਹੁਣ, ਹਰ ਰੁੱਤੇ ਰਣ-ਖੇਤ
ਚਾੜ੍ਹੀ ਰੱਖਣ ਪਾਪ ਦੀ, ਹਾਕਮ ਨਿੱਤ ਜਨੇਤ

●●

# ਹੱਕ ਦੀਆਂ ਆਡਾਂ, ਖ਼ਾਲ਼

ਢੂੰਡ ਨਾ ਹੋਈਆਂ ਬਰਕਤਾਂ, ਰਹੀ ਅਧੂਰੀ ਭਾਲ਼
ਅੱਖਾਂ ਨੂੰ ਚੁੰਧਿਆ ਗਿਆ, ਮੋਤੀਆਂ ਭਰਿਆ ਥਾਲ਼

ਧਰ ਕੇ ਸਾਹਵੇਂ ਕਣਕ ਦੇ ਮੋਤੀਆਂ ਭਰਿਆ ਥਾਲ਼
ਦੱਸ ਕਿੱਦਾਂ ਹਲ਼ ਲੜਨਗੇ, ਹਥਿਆਰਾਂ ਦੇ ਨਾਲ਼

ਜੇ ਨਾ ਹੱਕੀ ਤੇਗ਼ ਦਾ, ਹੋਏ ਆਸਰਾ ਨਾਲ਼
ਯੁੱਧ ਕਦੇ ਨਾ ਜਿੱਤਦੀ, ਕੱਲਮ-ਕੱਲ੍ਹੀ ਢਾਲ਼

ਜੇ ਨਾ ਤੇਗ਼ ਸੰਭਾਲੀਏ, ਨਹੀਂ ਸੰਭਲਦੀ ਢਾਲ਼
ਟੋਏ ਟੱਪਣ ਵਾਸਤੇ, ਪਵੇ ਮਾਰਨੀ ਛਾਲ਼

ਸੁਪਨੇ ਵਿਚ ਜੋ ਸਿਰਜਦੇ, ਟਿੱਬਿਓਂ ਉੱਚੀ ਛਾਲ਼
ਉਡਦੇ ਓਹੀ ਪੰਖਣੂ ਨਾਲ਼ ਉਡਾ ਕੇ ਜਾਲ਼

ਖੇਤਾਂ ਵਿਚ ਜੇ ਰਹਿਣਗੇ ਵਿਛੇ ਮਾਇਆ ਦੇ ਜਾਲ਼
ਮਿੱਟੀ ਨਾਲੋਂ ਮੁੱਕ ਜੂ ਸਾਡੀ ਸਾਂਝ-ਭਿਆਲ਼

ਮਿੱਟੀ ਸੰਗ ਸੁਰਜੀਤ ਜੇ ਰੱਖਣੀ ਸਾਂਝ ਭਿਆਲ਼
ਇਸ ਨੂੰ ਪੈਣਾ ਸਿੰਝਣਾ, ਹੱਕ ਦੀਆਂ ਆਡਾਂ ਖ਼ਾਲ਼

●●

# ਜਿੱਤ ਦੀ ਬੁੱਕਲ਼ ਮਾਰ

ਨਾ ਕੋਈ ਟਹਿਕੀ ਰੌਸ਼ਨੀ, ਨਾ ਮੁੱਕਿਆ ਅੰਧਕਾਰ
ਤੂੰ ਕਿੰਝ ਜਸ਼ਨ ਮਨਾ ਲਿਆ, ਜਿੱਤ ਦੀ ਬੁੱਕਲ਼ ਮਾਰ

ਚੜ੍ਹਦੀ ਫ਼ੌਜ ਫ਼ਰੇਬ ਦੀ ਕਰਦੀ ਮਾਰੋ-ਮਾਰ
ਭੁੱਲ ਗਿਓਂ ਲੁੱਟੀ ਗਈ ਸੀ ਕਿੰਜ ਦੁੱਲੇ ਦੀ ਬਾਰ

'ਪਿੰਡੀ' ਹਰ ਇਕ ਪਿੰਡ ਹੈ, ਹਰ ਜੂਹ ਸਾਂਦਲ-ਬਾਰ
ਜੋ ਵੀ ਕੱਲ੍ਹਾ ਜੂਝਿਆ, ਉਹਦੇ ਲੇਖੀਂ ਹਾਰ

ਸੜਕਾਂ 'ਤੇ ਇਕ ਵਾਰ ਜੇ, ਛਿੜਕ ਹੋ ਗਈ ਹਾਰ
ਫਿਰ ਨਈਂ ਜਾਣਾ ਘੇਰਿਆ, ਡਾਕੂ ਚੌਂਕੀਦਾਰ

ਚੋਰ-ਝਕਾਨੀ ਦੇ ਗਿਆ, ਸ਼ਕੁਨੀ ਚੌਂਕੀਦਾਰ
ਉਸ ਵੱਲ ਧਨ-ਕੁਬੇਰ ਹੈ, ਉਹਦੇ ਵੱਲ ਦਰਬਾਰ

ਜਾਂ ਤੂੰ ਖੇਤਾਂ ਵੱਲ ਹੋ ਜਾਂ ਹੋ ਵੱਲ ਦਰਬਾਰ
ਹਿੱਕਾਂ ਕਰ ਨਾ ਸਕਦੀਆਂ, ਗੋਲ਼ੀ 'ਤੇ ਇਤਬਾਰ

ਰੱਖ ਖ਼ੁਦ 'ਤੇ ਸੁਰਜੀਤ ਕਰ, ਇਹਨਾਂ ਦਾ ਇਤਬਾਰ
ਖੇਤ ਨੇ ਤੈਨੂੰ ਸਮਝਦੇ, ਆਪਣਾ ਪਹਿਰੇਦਾਰ

●●

# ਇੱਕੋ ਰਾਹ ਸਾਡਾ

ਜਿੱਤ ਮੋਰਚਾ ਘਰਾਂ ਨੂੰ ਪਰਤਿਓ ਵੇ
ਕੁਝ ਪਲ ਜਸ਼ਨ ਮਨਾ ਲਿਆ, ਜੀ-ਸਦਕੇ
ਤੁਰ ਕੇ ਆਏ ਸਾਂ ਖੰਡੇ ਦੀ ਧਾਰ ਉੱਤੇ
ਆਸਣ ਫੁੱਲਾਂ 'ਤੇ ਲਾ ਲਿਆ ਜੀ-ਸਦਕੇ
ਅਸੀਂ ਹੈਂਕੜੇ ਹਾਕਮ ਦੀ ਪਿੱਠ ਲਾਈ
ਦੁਨੀਆਂ ਤਾਈਂ ਮੰਨਵਾ ਲਿਆ, ਜੀ-ਸਦੇਕ
ਜਜ਼ਬਾ ਖੇਤਾਂ ਦੇ ਪੁੱਤਾਂ ਦਾ ਕੀ ਹੁੰਦੈ
ਮਹਿਲਾਂ ਤਾਈਂ ਵਿਖਾ ਲਿਆ, ਜੀ-ਸਦਕੇ

ਐਪਰ ਦੁੱਲੇ ਦੀ ਬਾਰ ਨੂੰ ਭੁੱਲਣਾ ਨਹੀਂ
ਨਾ ਹੀ ਭੁੱਲਣਾ ਗੜ੍ਹੀ ਗੁਰਦਾਸ ਤਾਈਂ
ਤਖ਼ਤਾਂ-ਤਾਜਾਂ ਦੇ ਧੋਖਿਆਂ ਨਾਲ਼ ਭਰਿਆ
ਰਹਿਣਾ ਵਾਚਦੇ ਸਦਾ ਇਤਿਹਾਸ ਤਾਈਂ
ਆਏ ਤੋੜਦੇ, ਇਨ੍ਹਾਂ ਫਿਰ ਤੋੜਨਾ ਏਂ
ਵਾਅਦੇ ਕਰਕੇ ਸਾਡੇ ਵਿਸ਼ਵਾਸ ਤਾਈਂ
ਇਹ ਨੇ ਰੇਤ-ਛਲ ਪਾਣੀ ਦੇ ਭੇਖ ਅੰਦਰ
ਛਲ਼ਦੇ ਰਹਿਣਗੇ, ਸਾਡੀ ਪਿਆਸ ਤਾਈਂ

ਚੋਣ-ਚਿੰਨ੍ਹਾਂ ਦੇ ਨਾਲ਼ ਸ਼ਿੰਗਾਰਿਆ ਜੋ
ਪਰਚਮ ਹਲ਼ਾਂ ਦੀ ਹਿੱਕ 'ਤੇ ਗੱਡਣਾ ਏਂ
ਫਲ਼ਿਆ-ਫੁੱਲਿਆ ਬਿਰਖ ਕੁਰਬਾਨੀਆਂ ਦਾ
ਇਹਨਾ ਸਾਨੂੰ ਭਰਮਾ ਕੇ ਵੱਢਣਾ ਏਂ
ਪੜ੍ਹਿਆ ਸਰਫ਼ਰੋਸ਼ੀ ਦਾ ਸਬਕ ਜਿਹੜਾ
ਸਾਡੇ ਹੱਡਾਂ 'ਚੋਂ ਇਨ੍ਹਾਂ ਨੇ ਕੱਢਣਾ ਏਂ
ਅੰਬਰ ਗਾਹੁੰਦੇ ਉਕਾਬਾਂ ਨੂੰ ਪਾ ਫਾਹੀਆਂ
ਇਹਨਾਂ ਤੋਤੇ ਬਣਾ ਕੇ ਛੱਡਣਾ ਏਂ

ਸਿਰਾਂ ਨਾਲ਼ ਹੀ ਸੋਂਹਦੀਆਂ ਸਜਦੀਆਂ ਨੇ
ਸਿਰਾਂ ਨਾਲ਼ ਜੋ ਜਿੱਤੀਆਂ ਬਾਜ਼ੀਆਂ ਨੇ
ਅੱਖੋਂ ਹੰਝੂ ਨਾ ਜ਼ਖ਼ਮਾਂ 'ਚੋਂ ਲਹੂ ਸੁੱਕਾ
ਹਾਲੇ ਕੁੱਲ ਕੁਰਬਾਨੀਆਂ ਤਾਜ਼ੀਆਂ ਨੇ
ਸਾਡੇ ਸਿਦਕ ਦੇ ਸੇਕ ਨੂੰ ਸੰਨ੍ਹ ਲਾਉਣੀ
ਤਾਜ-ਤਖ਼ਤ ਦੀ ਸ਼ਹਿ 'ਤੇ ਪਾਜੀਆਂ ਨੇ
ਇੱਕੋ ਹੱਕ ਦੀ ਹੂਰ ਵੱਲ ਰਾਹ ਜਾਂਦੈ
ਸਾਨੂੰ ਦੱਸਿਆ ਇਸ਼ਕ ਦੇ ਗ਼ਾਜ਼ੀਆਂ ਨੇ

ਬੈਠੋ ਸ਼ਾਹੀ ਚੰਦੋਇਆਂ ਦੀ ਛਾਂ ਥੱਲੇ
ਸੱਦਾ ਆਇਆ ਦਰਬਾਰੋਂ ਜਨਾਬ ਦਾ ਏ
ਸਿੱਖੋ ਪਰਚਣਾ ਮਾਇਆ ਦੇ ਮੋਹਰਿਆਂ 'ਤੇ
ਮੂੜ੍ਹ ਮਸ਼ਵਰਾ ਖ਼ਾਨਾ-ਖ਼ਰਾਬ ਦਾ ਏ
ਰਲ਼ ਕੇ ਦੱਸੀਏ ਦਿੱਲੀ ਦੇ ਡਮਰੂਆਂ ਨੂੰ
ਰਹਿਣਾ ਜੂਝਦੇ ਸਿਦਕ ਪੰਜਾਬ ਦਾ ਏ
ਅਸੀਂ ਜੰਮੇ ਹਾਂ ਗ਼ਦਰ ਦੀ ਪਹੁਲ ਵਿੱਚੋਂ
ਇੱਕੋ ਰਾਹ ਸਾਡਾ ਇਨਕਲਾਬ ਦਾ ਏ

ਠਿੱਬੀ ਲਾ ਫ਼ਾਨੂਸਾਂ ਦੇ ਫ਼ਤਵਿਆਂ ਨੂੰ
ਉਡਣਾ ਅਸੀਂ ਚਿਰਾਗ਼ਾਂ ਦੀ ਡਾਰ ਬਣਕੇ
ਸ਼ਹਿਰਾਂ, ਕਸਬਿਆਂ, ਪਿੰਡਾਂ ਦੀ ਜੂਹ ਵਿੱਚੋਂ
ਅਸੀਂ ਵਹਿਣਾ ਏਂ ਚਾਨਣ ਦੀ ਧਾਰ ਬਣਕੇ
ਮਾਇਆਧਾਰੀ ਮੁਖੌਟੇ ਨਈਂ ਕੀਲ ਸਕਦੇ
ਸਾਨੂੰ ਤਖ਼ਤ ਦੀ ਨੇਕ-ਨੁਹਾਰ ਬਣਕੇ
ਆ ਗਿਆ ਏ ਸਾਨੂੰ ਸੁਰਜੀਤ ਹੋਣਾ
ਮਿੱਟੀ-ਮਾਂ ਲਈ ਰੋਹ ਦੀ ਵਾਰ ਬਣ ਕੇ

●●

# ਸਮੇਂ ਦੇ ਚੱਕ 'ਤੇ

ਮਾਹ ਚੇਤ ਨੇ ਸੱਦ ਲਾਈ
ਕੰਜਕਾਂ-ਕਣਕਾਂ ਦੇ, ਮੌਲ਼ਣ ਦੀ ਰੁੱਤ ਆਈ

ਸਾਨੂੰ ਸੱਦਦਾ ਵਿਸਾਖ ਪਿਆ
ਰਿਜ਼ਕਾਂ ਦੀ ਪੱਤ ਰੱਖਣੀ, ਖੇਤਾਂ ਵਾਲ਼ਿਆਂ ਨੂੰ ਆਖ ਰਿਹਾ

ਅੱਗੇ ਜੇਠ ਨੇ ਤਪਣਾ ਏਂ
ਜ਼ੱਦ ਵਿਚ ਝੱਖੜਾਂ ਦੀ, ਸਾਨੂੰ ਪੈਣਾ ਖਪਣਾ ਏਂ

ਬੋਲੇਗਾ ਹਾੜ੍ਹ ਅਜੇ
ਲੰਘਣਾ ਪੈਣਾ ਏਂ, ਸਾਨੂੰ ਰੋਹੀਆਂ ਨੂੰ ਲਤਾੜ ਅਜੇ

ਸਾਵਣ ਨੇ ਵੀ ਵਰ੍ਹਨਾ ਏਂ
ਔੜਾਂ ਦੀਆਂ ਅੜੀਆਂ ਨੂੰ, ਅਸੀਂ ਰੁਖ-ਸਿਰ ਕਰਨਾ ਏਂ

ਸਹਿ ਭਾਦੋਂ ਦੇ ਚੁਮਾਸਿਆਂ ਨੂੰ
ਸਾਹਾਂ ਦੀ ਰਹਿਣਾ ਝੱਲ੍ਹ ਮਾਰਦੇ, ਅਸੀਂ ਮਿੱਟੀ-ਮਾਂ ਦੇ ਹਾਸਿਆਂ ਨੂੰ

ਅੱਸੂ, ਆਸਾਂ ਵਰ ਆਈਆਂ
ਮੱਥਿਆਂ ਦੀ ਲੋ ਬਣ ਕੇ, ਹਿੰਮਤਾਂ ਸਾਡੇ ਘਰ ਆਈਆਂ

ਕੱਤਕ ਦੀਏ ਕੂੰਜੇ ਨੀ
ਆ ਜਾ ਤੇਰੇ ਰਾਹਾਂ 'ਚੋਂ, ਕੰਡੇ ਹਾਲ਼ੀਆਂ ਹੂੰਝੇ ਨੀ

ਮੱਘਰ ਨੇ ਮਘ ਪੈਣਾ
ਦੀਵੇ ਜੇ ਬੁਝਾਏ ਨੇਰ੍ਹੀਆਂ, ਸਾਡੀ ਅੱਖੀਆਂ ਨੇ ਜਗ ਪੈਣਾ

ਸਾਨੂੰ ਪੋਹ ਨੇ ਕੀ ਪੋਹਣਾ ਏਂ,
ਅਸੀਂ ਹਾਲੇ ਚਿਣਗਾਂ ਤੋਂ, ਮੱਚ ਸੂਰਜ ਹੋਣਾ ਏਂ

ਔਹ ਢੁਕਦਾ ਮਾਘ ਪਿਆ
ਪਿੰਡਾਂ ਵਿੱਚੋਂ ਸ਼ਹਿਰ ਧੜਕੇ, ਸ਼ਹਿਰਾਂ ਵਿੱਚੋਂ ਪਿੰਡ ਜਾਗ ਪਿਆ

ਮਾਹ ਫੱਗਣ ਚੜ੍ਹਿਆ ਏ
ਸੈਆਂ ਅੱਗੇ ਹੋਰ ਅਜੇ, ਇਕ ਯੁੱਧ ਅਸੀਂ ਲੜਿਆ ਏ

ਧੱਬੇ ਕਾਲ਼ਖਾਂ ਦੇ ਪੂੰਝਣਗੇ,
ਹੋ ਕੇ ਸੁਰਜੀਤ ਬੋਲ ਇਹ, ਵੱਟਾਂ ਬੰਨ੍ਹਿਆਂ 'ਤੇ ਗੂੰਜਣਗੇ

••



**ਸੁਰਜੀਤ ਜੱਜ**

ਪ੍ਰੋ. ਸੁਰਜੀਤ ਜੱਜ ਸਮੇਂ ਤੋਂ ਪਾਰ ਝਾਕਣ ਵਾਲ਼ਾ ਸੁਚੇਤ ਰਾਜਸੀ ਸ਼ਾਇਰ ਹੈ, ਪਰ ਉਸ ਦੀ ਕਵਿਤਾ ਦਾ ਮੁਹਾਵਰਾ ਕੋਰਾ ਰਾਜਸੀ ਨਹੀਂ, ਸਗੋਂ ਸਭਿਆਚਾਰਕ ਪੁੱਠ ਵਾਲ਼ਾ ਹੈ। ਉਹ ਪੰਜਾਬ ਦੇ ਸਭਿਆਚਾਰਕ ਅਵਚੇਤਨ ਦੇ ਧੁਰ ਡੂੰਘ ਵਿੱਚੋਂ ਬੋਲਣ ਵਾਲ਼ਾ ਸਹਿਜ-ਮੱਤਾ ਰਚਨਾ-ਧਰਮੀ ਹੈ। ਕਦੇ ਕਦੇ ਨਜ਼ਮ ਵੀ ਉਸ ਦੇ ਆਂਙਣ 'ਚ ਉਤਰਦੀ ਹੈ, ਪਰ ਮੂਲ ਰੂਪ ਵਿੱਚ ਉਹ ਪ੍ਰਗੀਤਕਾਰ ਹੈ। ਉਸ ਦੀ ਸ਼ਾਇਰੀ ਦੇ ਸਫ਼ਰ ਦਾ ਆਗਾਜ਼ ਸੂਖ਼ਮ ਤੇ ਸੁਹਜਵੰਤ ਗੀਤਕਾਰ ਵਜੋਂ ਹੋਇਆ ਸੀ, ਹੁਣ ਉਸ ਦਾ ਸ਼ੁਮਾਰ ਗ਼ਜ਼ਲ ਦੇ ਵੱਖਰੇ ਲਬੋ-ਲਹਿਜ਼ੇ ਵਾਲੇ ਜ਼ਹੀਨ-ਤਰੀਨ ਗ਼ਜ਼ਲਗੋਆਂ ਵਿੱਚ ਹੈ। ਉਸ ਦੀ ਗ਼ਜ਼ਲ ਦਾ ਖ਼ਮੀਰ ਠੇਠ ਪੰਜਾਬੀ ਹੈ; ਉਹ ਪੰਜਾਬ ਦੀ ਮਿੱਟੀ ਤੇ ਵਸੇਬ ਦੀਆਂ ਧੜਕਣਾਂ ਨੂੰ ਖ਼ਾਲਸ ਦੇਸੀ ਮੁਹਾਵਰੇ ਵਿਚ ਸਹਿਜ-ਭਾਅ ਨਾਲ ਰੂਪਮਾਨ ਕਰਦਾ ਹੈ। 'ਤੂੰ ਕਿੰਝ ਆਲ੍ਹਣਾ ਸਾਂਭੇਗਾ, ਜਦ ਬਿਰਖ ਉਨ੍ਹਾਂ ਕਟਵਾ ਦੇਣਾ' ਪੰਜਾਬ ਦੀ ਧੁਰ ਅੰਦਰਲੀ ਪੀੜਾ ਤੇ ਰੋਹ ਨੂੰ ਭਾਂਪਦਿਆਂ ਲਗਭਗ 25 ਵਰ੍ਹੇ ਪਹਿਲਾਂ ਕਹੇ ਉਸ ਦੇ ਇਹ ਬੋਲ ਹੁਣ ਕਿਸੇ ਔਲੀਏ ਦੀ ਪਸ਼ੀਨਗੋਈ ਵਾਂਙ ਲਗਦੇ ਹਨ। ਉਸ ਦੀ ਕਾਵਿ-ਭਾਸ਼ਾ ਦਾ ਠੇਠ ਦੇਸੀ ਤੇ ਅੱਖੜ ਮਿਜ਼ਾਜ ਲੋਕ-ਸੁਤਾ ਨਾਲ ਉਸ ਦੀ ਗਹਿਰੀ ਜੁੜਤ ਦਾ ਮੂੰਹ-ਬੋਲਦਾ ਪ੍ਰਮਾਣ ਹੈ। ਪੰਜਾਬ ਦੀ ਲੋਕਾਈ ਦੇ ਸੰਘਰਸ਼ਾਂ ਤੇ ਅਕ੍ਰੋਸ਼ ਨੇ ਉਸ ਦੀ ਰਚਨਾਕਾਰੀ ਦੇ ਵਸਤੂ-ਸਾਰ (essence) ਤੇ ਭਾਸ਼ਾਈ ਲਹਿਜੇ ਨੂੰ ਪ੍ਰਭਾਵਿਤ ਕੀਤਾ ਹੈ। ਉਹ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਦਰਪੇਸ਼ ਮਸਲਿਆਂ ਨੂੰ ਇਕ ਰਾਜਸੀ ਵਿਸ਼ਲੇਸ਼ਕ ਦੀ ਅੱਖ ਨਾਲ ਵੇਖਦਾ ਹੈ; ਇਸੇ ਲਈ ਉਸ ਨੂੰ 'ਸੰਯੁਕਤ ਕਿਸਾਨ ਮੋਰਚੇ' ਦਾ ਸੰਘਰਸ਼ 'ਮੇਲਾ' ਨਹੀਂ—'ਦਿੱਲੀ ਤੇ ਦੇਸ' ਜਾਂ ਕਿਲ੍ਹੇ ਤੇ ਖੇਤਾਂ' ਦਾ ਯੁੱਧ ਜਾਪਦਾ ਹੈ। ਹੱਕ ਮੰਗਦੇ ਕਿਸਾਨਾਂ ਦੇ ਹੱਲਾ-ਬੋਲ ਨੂੰ ਉਸ ਨੇ ਜਮਾਤੀ-ਯੁੱਧ ਵਜੋਂ ਸਮਝਦਿਆਂ ਆਪਣਾ ਨਵਾਂ ਕਾਵਿ-ਸੰਗ੍ਰਹਿ-**'ਕਿਸਾਨ ਕੂਚ'** ਸਾਡੀ ਝੋਲੀ ਪਾਇਆ ਹੈ। ਉਸ ਨੇ ਖੇਤ-ਖਲਿਆਣ, ਘਰ-ਬਾਰ ਤੇ ਟੁੱਕਰ-ਖੋਂਹਦੇ, ਜੇਬਾਂ ਟੋਂਹਦੇ ਹਾਕਮਾਂ ਨੂੰ ਆਪਣੇ ਮਖ਼ਸੂਸ ਅੰਦਾਜ਼ ਵਿਚ ਖ਼ਬਰਦਾਰ ਵੀ ਕੀਤਾ ਹੈ ਤੇ ਫਿੱਟ-ਲਾਹਨਤ ਵੀ ਪਾਈ ਹੈ।

ਉਸ ਦੇ ਨਵੇਂ ਕਾਵਿ-ਸੰਗ੍ਰਹਿ **'ਕਿਸਾਨ ਕੂਚ'** ਦਾ ਸੁਆਗਤ ਹੈ।

**-ਸੁਖਦੇਵ ਸਿੰਘ ਸਿਰਸਾ**

***Published by*** **: APNEE AWAAZ PUBLICATIONS, Jalandhar**
**693-Guru Teg Bhadur Nagar, Jalandhar-144003. Phone : 98725-49506**